ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

HAZOORI LECTURE II

(A collection of lectures on Sikh Philosophy)

by

GIANI MAN SINGH JHAUR

ISBN 81-7205-165-4

ਦੂਜੀ ਵਾਰ ਅਕਤੂਬਰ 1996
ਤੀਜੀ ਵਾਰ ਜਨਵਰੀ 2003
ਚੌਥੀ ਵਾਰ ਮਾਰਚ 2011

ਮੁੱਲ : 70-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com
Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਪ੍ਰੇਮ ਭੇਟਾ

ਸ੍ਰੀ ਮਾਨ ਪਰਮ ਕਿਰਪਾਲੂ ਹਰਮਨ ਪਿਆਰੇ
ਗੁਰਮਤਿ ਪ੍ਰਚਾਰ ਦੇ ਚਾਹਵਾਨ, ਕੀਰਤਨ ਰਸੀਏ,
ਹਸ-ਮੁਖ ਸੁਭਾ ਦੇ ਮਾਲਕ
ਸ: ਬ: ਚੌਧਰੀ ਗੋਪਾਲ ਸਿੰਘ ਜੀ ਦੇ
ਕਰ ਕਮਲਾਂ ਵਿਚ

ਗੱਲ

ਗੱਲ ਇਹ ਹੈ ਕਿ ਪਹਿਲੀ ਦਸੰਬਰ ੧੯੫੫ ਵਿਚ ਦਾਸ ਨੇ ਹਜ਼ੂਰੀ ਲੈਕਚਰ-ਭਾਗ ਪਹਿਲਾ ਲਿਖਿਆ ਸੀ ਜੋ ਗੁਰਮਤਿ ਪ੍ਰਚਾਰ ਦੇ ਪ੍ਰੇਮੀਆਂ ਦੀ ਸਹਾਇਤਾ ਨਾਲ ਹੱਥੋ ਹੱਥ ਵਿਕ ਗਿਆ। ਜਿਸ ਕਰਕੇ ਮਨ ਉਤਸ਼ਾਹਿਆ ਤੇ ਖ਼ਿਆਲ ਕੀਤਾ ਕਿ ਦੂਜਾ ਭਾਗ ਭੀ ਲਿਖ ਦਿਆਂ। ਪਰ ਪ੍ਰਚਾਰ ਕਰਨ ਲਈ ਬੜੀ ਬੜੀ ਦੂਰ ਜਾਣਾ ਪੈਂਦਾ ਰਿਹਾ, ਇਸ ਕਰਕੇ ਲਿਖ ਨਾ ਸਕਿਆ। ਫੇਰ ੧੯੫੬ ਵਿਚ ਕਲਮ ਫੜਨੀ ਚਾਹੀ ਪਰ ਬਰਨਪੁਰ ਦੀ ਸੰਗਤ ਨੇ ਸ੍ਰੀ ਸੁਖਮਨੀ ਸਾਹਿਬ ਦੀ ਕਥਾ ਸੁਣਨ ਦਾ ਪ੍ਰੋਗਰਾਮ ਬਣਾ ਕੇ ਦਾਸ ਨੂੰ ਬੁਲਾ ਭੇਜਿਆ, ਜਿਥੇ ਕਿ ਤਿੰਨ ਮਹੀਨੇ ਅੰਮ੍ਰਿਤ-ਮਈ ਕਥਾ ਦਾ ਪ੍ਰਵਾਹ ਜਾਰੀ ਰਿਹਾ ਪਰ ਲਿਖਣ ਵਾਸਤੇ ਵਕਤ ਨਾ ਮਿਲਿਆ, ਏਸੇ ਤਰ੍ਹਾਂ ਹੋਰ ਕਈ ਕਾਰਨ ਬਣਦੇ ਰਹੇ, ਜਿਸ ਕਰਕੇ ਦੂਜਾ ਭਾਗ ਲਿਖਣ ਵਿਚ ਦੇਰ ਹੁੰਦੀ ਗਈ।

ਆਖ਼ਰ ਸੰਤ ਬਾਬਾ ਹਰਨਾਮ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦਾ ਬਚਨ ਫੇਰ ਚੇਤੇ ਆਇਆ ਜਿਸ ਦਾ ਸਦਕਾ ਮਨ ਹੀ ਮਨ ਵਿਚ ਫ਼ੈਸਲਾ ਕਰ ਲਿਆ ਕਿ ਛੇਤੀ ਤੋਂ ਛੇਤੀ ਦੂਜਾ ਹਿੱਸਾ ਲਿਖਿਆ ਜਾਏ। ਭਾਵੇ ਸਫ਼ਰ 'ਚ ਵਧੇਰੇ ਰਹਿਣਾ ਪੈਂਦਾ ਸੀ ਪਰ ਫੇਰ ਵੀ ਕੁਝ ਨਾ ਕੁਝ ਲਿਖ ਲਿਆ। ਪਰ ਹੁਣ ਮੁਸ਼ਕਲ ਇਹ ਸੀ ਕਿ ਪੁਸਤਕ ਛਪੇ ਕਿਵੇਂ ? ਕਿਉਂਕਿ ਮੇਰੇ ਪਾਸ ਖ਼ਰਚ ਕਰਨ ਲਈ ਪੂੰਜੀ ਨਹੀਂ ਸੀ। ਚਾਰੇ ਪਾਸੇ ਨਜ਼ਰ ਮਾਰ ਕੇ ਸ: ਮੋਹਨ ਸਿੰਘ ਜੀ 'ਸੈਂਹਬੀ', ਪਿੰਡ ਅਕਲਪੁਰ ਦੇ ਵਾਸੀ, ਜੋ ਕਿ ਉਨ੍ਹੀਂ ਦਿਨੀਂ ਦੁਰਗਾਪੁਰ ਉਵਾਰੀਆਂ ਠੇਕੇਦਾਰ ਸਨ, ਉਨ੍ਹਾਂ ਨਾਲ ਗੱਲਬਾਤ ਕੀਤੀ। ਮੇਰੀ ਗੱਲ ਸੁਣ ਕੇ ਸ: ਮੋਹਨ ਸਿੰਘ ਜੀ ਸੈਂਹਬੀ ਨੇ ਦਾਸ ਨੂੰ ਹੁਕਮ ਕੀਤਾ ਕਿ ਪੈਸਿਆਂ ਤੋਂ ਨਾ ਡਰ ਤੇ ਪੁਸਤਕ ਛਪਣੀ ਦੇ ਦੇਹ। ਸੋ ਇਸ ਪੁਸਤਕ ਦੇ ਛਪਣ ਦਾ ਸਾਰਾ ਬੋਝ ਸ: ਮੋਹਨ ਸਿੰਘ ਜੀ ਸੈਂਹਬੀ ਨੇ ਚੁਕ ਲਿਆ ਤੇ ਪੁਸਤਕ ਤਿਆਰ ਹੋ ਕੇ ਆਪ ਜੀ ਦੇ ਹੱਥਾਂ ਵਿਚ ਪੁਜ ਗਈ।

ਜਿਥੇ ਹੋਰ ਮੇਰੇ ਸੱਜਣਾਂ ਮਿੱਤਰਾਂ ਨੇ ਇਸ ਕੰਮ ਲਈ ਮੈਨੂੰ ਉਤਸ਼ਾਹ ਦਿਤਾ ਉਥੇ ਸ: ਦਲੀਪ ਸਿੰਘ ਜੀ ਮਾਥ ਦਾ ਨਾਂ ਖ਼ਾਸ ਤੌਰ 'ਤੇ ਲਿਆ ਜਾ ਸਕਦਾ ਹੈ। ਸ: ਦਲੀਪ ਸਿੰਘ ਜੀ ਮਾਥ ਨੇ ਬੜੇ ਹੌਸਲਾ ਵਧਾਊ ਸ਼ਬਦਾਂ ਵਿਚ ਮੈਨੂੰ ਪ੍ਰੇਰਨਾ ਕਰ ਕੇ ਲਿਖਣ ਵਿਚ ਲਾ ਦਿੱਤਾ। ਉਸ ਤੋਂ ਅਗੇ ਸੀ ਪੁਸਤਕ ਨੂੰ ਜਨਤਾ ਦੇ ਹੱਥਾਂ ਵਿਚ ਪਹੁੰਚਾਉਣ ਦਾ ਕੰਮ, ਜਿਸ ਬਾਰੇ ਗੁਰਮਤਿ ਪ੍ਰੇਮੀਆਂ ਨੇ ਮੇਰੀ ਦਿਲ ਖੋਲ੍ਹ ਕੇ ਮਦਦ ਕੀਤੀ, ਜਿਨ੍ਹਾਂ ਦੇ ਸ਼ੁਭ ਨਾਂ ਫ਼ਹਿਰਿਸਤ ਵਿਚ ਛਾਪ ਦਿਤੇ ਗਏ ਹਨ।

ਸਰਦਾਰ ਬਹਾਦਰ ਚੌਧਰੀ ਗੋਪਾਲ ਸਿੰਘ ਜੀ ਨੇ ਮੇਰੇ ਹੌਸਲੇ ਨੂੰ ਵਧੇਰੇ ਕਰਕੇ ਉਤਸ਼ਾਹ ਦਿਤਾ। ਆਪ ਨੇ ਹੁਕਮ ਕੀਤਾ ਸੀ ਕਿ ਜਿੰਨੀਆਂ ਕਿਤਾਬਾਂ ਸੁਖੈਨ ਵਿਕ ਸਕਣ ਓਨੀਆਂ ਵੇਚ ਲੈ ਤੇ ਬਾਕੀ ਦੀਆਂ ਮੇਰੇ ਨਾਂ ਲਿਖ ਕੇ ਆਪਣੇ ਪੈਸੇ ਲੈ ਜਾ। ਇਹ ਗੱਲ ਐਸੇ ਪਿਆਰ ਤੇ ਪ੍ਰੇਮ ਨਾਲ ਆਖੀ ਗਈ ਸੀ ਕਿ ਜਿਸ ਨਾਲ ਮੇਰੇ ਮਨ ਵਿਚ ਕੁਤ-ਕਤਾੜੀਆਂ ਨਿਕਲ ਪਈਆਂ।

ਅੰਤ ਵਿਚ ਬੇਨਤੀ ਕਰਦਾ ਹਾਂ ਕਿ ਇਹ ਨਿਮਾਣਾ ਯਤਨ ਜਿਸ ਵਿਚ ਕਿ ਕਈ ਖ਼ਾਮੀਆਂ ਹੋਣਗੀਆਂ, ਆਪ ਜੀ ਦੇ ਹੱਥਾਂ ਵਿਚ ਹੈ, ਜੇ ਗੁਣੀ ਪੁਰਸ਼ ਤੇ ਵਿਦਵਾਨ ਸੱਜਣ ਪਰਵਾਨ ਕਰਨ ਤਾਂ ਕਿਰਪਾ ਹੋਵੇਗੀ। ਨਾਲ ਹੀ ਘਾਟਿਆਂ ਤੋਂ ਜਾਣੂ ਕਰਾਉਂਦੇ ਰਹਿਣਾ ਤਾਂ ਜੁ ਦੂਜੀ ਵਾਰੀ ਪੂਰਾ ਕੀਤਾ ਜਾ ਸਕੇ।

—ਦਾਸ

ਪਿੰਡ ਝੋਰ **ਗਿਆਨੀ ਮਾਨ ਸਿੰਘ 'ਸੁਤੰਤਰ'**

ਮੁਹਾਬਾ

ਆਮ ਕਰਕੇ ਵੇਖਣ ਵਿਚ ਆਇਆ ਹੈ ਕਿ ਮਨੁੱਖ ਦੇ ਮਨ ਦਾ ਮੋਹ, ਮਨੁੱਖ ਨੂੰ ਸਦਾ ਘੇਰੀ ਰਖਦਾ ਹੈ। ਇਹ ਮਨੁੱਖ ਦੇ ਪੈਰਾਂ ਵਿਚ ਐਸੇ ਰੱਸੇ ਪਾਉਂਦਾ ਹੈ ਕਿ ਮਨੁੱਖ ਸਾਰੀ ਉਮਰ ਯਤਨ ਕਰਨ 'ਤੇ ਵੀ ਇਹਨਾਂ ਰੱਸਿਆਂ ਨੂੰ ਤੋੜ ਨਹੀਂ ਸਕਦਾ, ਸਗੋਂ ਉਹਨਾਂ ਵਿਚ ਪੱਕਾ ਹੋ ਕੇ ਬੱਝਦਾ ਜਾਂਦਾ ਹੈ, ਜਿਸ ਕਰਕੇ ਇਸ ਨੂੰ ਆਦਰਸ਼ ਤੇ ਨਿਸ਼ਾਨਾ ਵੀ ਭੁੱਲ ਜਾਂਦਾ ਹੈਂ। ਜਿਸ ਤਰ੍ਹਾਂ ਕਿ ਸਲਵਾਨ ਦੇ ਮਨ ਦੇ ਮੋਹ ਨੇ ਉਸਨੂੰ ਆਪਣੇ ਪੁੱਤਰ ਦੇ ਹੱਥ ਕਟਾਉਣ ਵਾਸਤੇ ਮਜਬੂਰ ਕਰ ਦਿੱਤਾ ਸੀ ਤੇ ਰਾਵਣ ਦੇ ਮਨ ਦੇ ਮੋਹ ਨੇ ਰਾਵਣ ਨੂੰ ਐਥੋਂ ਤਕ ਪੈਂਤੜਿਓਂ ਥਿੜਕਾਇਆ ਕਿ ਉਹ ਸੀਤਾ ਵਰਗੀ ਸਤੀ ਨੂੰ ਚੁਕਣੋਂ ਨਾ ਝਿਜਕਿਆ ਅਤੇ ਸੁੰਦਰਾਂ ਵਰਗੀ ਸਿਦਕਣ ਦਾ ਮਨ ਵੀ, ਪੂਰਨ ਪਿਛੇ ਡੋਲਣੋਂ ਨਾ ਬਚ ਸਕਿਆ। ਮਨੁੱਖ ਦੇ ਮਨ ਦੇ ਮੋਹ ਨੇ ਹੀ ਆਦਮ ਨੂੰ ਸਵਰਗਾਂ ਵਿਚੋਂ ਕੱਢ ਕੇ ਧਰਤੀ ਦੇ ਤਖ਼ਤੇ 'ਤੇ ਲਿਆ ਪਟਕਾਇਆ ਸੀ। ਏਸ ਮੋਹ ਨੇ ਹੀ ਗੌਤਮ ਨੂੰ ਮੁੜ ਮਹੱਲਾਂ ਵਲ ਮੋੜ ਕੇ ਲਿਆਉਣ ਦੀ ਪ੍ਰੇਰਨਾ ਕੀਤੀ ਸੀ। ਗੱਲ ਕੀ, ਮਨੁੱਖ ਦੇ ਮਨ ਦੇ ਮੋਹ ਨੇ ਵੱਡੇ ਵੱਡਿਆਂ ਨੂੰ ਆਪਣੇ ਹਥਕੰਡਿਆਂ ਨਾਲ ਰਾਹੋਂ ਕੁਰਾਹੇ ਪਾਇਆ, ਉਹਨਾਂ ਦਾ ਤਮਾਸ਼ਾ ਵੇਖਿਆ ਅਤੇ ਜਗਤ ਨੂੰ ਵਿਖਾਇਆ।

ਪਰ ਕਈ ਐਸੀਆਂ ਹਸਤੀਆਂ ਵੀ ਸੰਸਾਰ ਵਿਚ ਆਉਂਦੀਆਂ ਹਨ ਜਿਨ੍ਹਾਂ ਦਾ ਮਨ ਮੋਹ ਤੋਂ ਉੱਚਾ ਹੁੰਦਾ ਹੈ। ਉਹ ਕਿਸੇ ਵੀ ਸੰਸਾਰੀ ਵਸਤੂ 'ਤੇ ਮੋਹਿਤ ਨਹੀਂ ਹੁੰਦੀਆਂ, ਸਗੋਂ ਉਪਰਾਮ ਰਹਿ ਕੇ ਜੀਵਨ ਦੀ ਗੱਡੀ ਨੂੰ, ਹਰ ਇਕ ਮੋੜ ਤੋਂ ਬਚਾ ਕੇ ਆਪਣੇ ਨਿਸ਼ਾਨੇ ਵਿਚ ਸਫਲ ਹੋ ਜਾਂਦੀਆਂ ਹਨ।

ਮਨੁੱਖ ਦੇ ਮਨ ਦੇ ਮੋਹ ਨੂੰ ਛੱਡ ਕੇ ਜੇ ਦੂਜੇ ਪਾਸੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਕਈ ਵਾਰਾਂ ਮਨੁੱਖ ਆਪਣੇ ਮਨ ਵਿਚੋਂ ਜੰਮਣ ਵਾਲੇ ਮੋਹ ਉਤੇ ਕਾਬੂ ਪਾ ਲੈਂਦਾ ਹੈ ਪਰ ਕਈ ਚੀਜ਼ਾਂ ਐਸੀਆਂ ਹਨ ਕਿ ਜਿਨ੍ਹਾਂ ਵਿਚੋਂ ਨਿਕਲਿਆ ਹੋਇਆ ਮੋਹ, ਮਨੁੱਖ ਦੇ ਮਨ 'ਤੇ ਸਵਾਰ ਹੋ ਜਾਂਦਾ ਹੈ; ਉਹ ਹੈ 'ਮੁਹਾਬਾ', ਭਾਵ ਕਿ ਆਪਣੇ ਮਨ ਵਿਚ ਭਾਵੇਂ ਮੋਹ ਨਾ ਹੋਵੇ ਪਰ ਕਿਸੇ ਦੂਜੇ ਪਦਾਰਥ ਦੇ ਮੋਹ ਦੇ ਅਧੀਨ ਹੋ ਕੇ ਭੁਲ ਭੁਲਈਆਂ ਵਿਚ ਪੈ ਜਾਣਾ, ਇਹ 'ਮੁਹਾਬਾ' ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਏਸ ਤਰ੍ਹਾਂ ਦੇ ਸ਼ਬਦ ਆਉਂਦੇ ਹਨ, ਜੈਸਾ ਕਿ 'ਲਾਗਬਾ', 'ਕਾਡਬਾ', 'ਤ੍ਰਾਖਬਾ' 'ਜਾਇਬਾ', 'ਪਾਇਬਾ'। ਏਸੇ ਤਰ੍ਹਾਂ ਇਹ ਸ਼ਬਦ ਹੈ 'ਮੋਹਬਾ', ਜਿਸ ਦੀ ਸ਼ਕਲ ਬਣ ਗਈ ਹੈ 'ਮੁਹਾਬਾ', ਜਿਸ ਦੇ ਅਰਥ ਹਨ ਕਿ ਕਿਸੇ ਦੂਜੀ ਚੀਜ਼

੧. ਲੜੀ ਜੋੜਨ ਲਈ ਪੜ੍ਹੋ—*ਹਜ਼ੂਰੀ ਲੈਕਚਰ ਭਾਗ ਪਹਿਲਾ*।

ਵਿਚੋਂ ਨਿਕਲਿਆ ਹੋਇਆ ਮੋਹ, ਜੋ ਕਿਸੇ ਦੂਜੇ ਦੇ ਮਨ 'ਤੇ ਜਾ ਕਬਜ਼ਾ ਕਰੇ।

ਜਦੋਂ ਅਸੀਂ ਏਸ ਮੈਦਾਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਦੁਨੀਆ ਭਰ ਦੀ ਕੋਈ ਵੀ ਐਸੀ ਚੀਜ਼ ਨਹੀਂ ਲੱਭਦੀ ਜਿਸ ਵਿਚੋਂ ਨਿਕਲਿਆ ਹੋਇਆ ਮੋਹ, ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਆਪਣੇ ਵਲ ਖਿੱਚ ਸਕੇ। ਹਜ਼ੂਰ ਦਾ ਆਪਣਾ ਮਨ ਤਾਂ ਮੋਹ ਮਾਇਆ ਵਿਚੋਂ ਆਜ਼ਾਦ ਹੈ ਈ ਸੀ, ਪਰ ਮਾਇਆ ਦੀ ਲਿਸ਼ਕ-ਪੁਸ਼ਕ ਤੇ ਚਮਕ-ਦਮਕ ਵਿਚ ਵੀ ਐਸਾ ਮੋਹ ਨਾ ਲਭ ਸਕਿਆ ਜੋ ਕਿ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਲਪੇਟ ਵਿਚ ਲਪੇਟ ਸਕਿਆ ਹੋਵੇ; ਸਗੋਂ ਇਹ ਜੜ੍ਹ ਮਾਇਆ ਦਾ ਕਮਜ਼ੋਰ ਮੋਹ ਕਈ ਵਾਰੀ ਸਤਿਗੁਰੂ ਕੋਲੋਂ ਹਾਰ ਖਾ ਕੇ ਸ਼ਰਮਿੰਦਾ ਹੋ ਕੇ ਮੈਦਾਨ ਛੱਡ ਗਿਆ। ਦੂਜੀ ਚੀਜ਼ ਹੈ ਜੜ੍ਹ ਮਾਇਆ ਦੇ ਪਿਛੋਂ ਚੇਤਨ ਮਾਇਆ ਅਥਵਾ ਤੁਰਨ, ਫਿਰਨ ਤੇ ਗੱਲਾਂ ਕਰਨ ਵਾਲੀ ਮਾਇਆ ਜਿਸ ਨੂੰ ਕਿ ਅਸੀਂ ਧੀਆਂ, ਪੁੱਤਰ, ਇਸਤ੍ਰੀ ਤੇ ਕੁਟੰਬ-ਕਬੀਲਾ ਆਖਦੇ ਹਾਂ। ਇਹ ਮੋਹ ਦੇ ਮੈਦਾਨ ਵਿਚ ਪ੍ਰਬਲ ਮੰਨਿਆ ਗਿਆ ਹੈ। ਇਹ ਤਾਂ ਪੀਰਾਂ ਪੈਗ਼ੰਬਰਾਂ ਦੇ ਰਾਹ ਵਿਚ ਵੀ ਨਾ ਤਰਿਆ ਜਾਣ ਵਾਲਾ ਦਰਿਆ ਬਣ ਕੇ ਖਲੋ ਜਾਂਦਾ ਹੈ। ਏਸ ਚੇਤਨ ਮਾਇਆ ਦੇ ਫੰਦ-ਫ਼ਰੇਬ ਵਿਚ ਇੰਦਰ ਵਰਗੇ ਦੇਵਤੇ ਐਸੇ ਫਸੇ ਪਏ ਹਨ ਕਿ ਛੁਟਕਾਰੇ ਦਾ ਕੋਈ ਰਾਹ ਨਹੀਂ ਲਭਦਾ। ਇਸ ਨੇ ਜੰਗਲੀਂ ਵੱਸਣ ਵਾਲੇ ਰਿਸ਼ੀਆਂ ਨੂੰ ਐਸਾ ਚੱਕਰ ਚਾੜ੍ਹਿਆ ਕਿ ਕਿਤੇ ਖਲੋਣ ਜੋਗੇ ਨਾ ਰਹਿਣ ਦਿੱਤਾ। ਇਸ ਚੇਤਨ ਮਾਇਆ ਨੇ ਚੇਤੇ ਵਾਲਿਆਂ ਦੇ ਐਸੇ ਚੇਤੇ ਭੁਲਾਏ ਕਿ ਚੰਗਿਆਈ ਤੇ ਬੁਰਾਈ ਦਾ ਗਿਆਨ ਨਾ ਰਹਿਣ ਦਿੱਤਾ। ਚੇਤਨ ਮਾਇਆ ਦੀ ਚਪੇੜ ਖਾ ਕੇ ਪਾਗਲ ਹੋਏ ਮਨੁੱਖ ਪੁਕਾਰਦੇ ਫਿਰਦੇ ਹਨ:

ਘਰ ਨਾ ਸੁਹਾਤ, ਨਾ ਸੁਹਾਤ ਬਨ ਬਾਹਿਰ ਹੂੰ,
ਬਾਗ ਨਾ ਸੁਹਾਤ, ਜੁ ਖੁਸ਼ਾਲ ਖੁਸ਼ਬੋਈ ਸੋਂ।
ਕਹੈ ਪਦਮਾਕਰ, ਘਨੇਰੇ ਧਨ ਧਾਮ ਤਿਉਂ ਹੀ,
ਚੈਨ ਨਾ ਸੁਹਾਤ, ਚਾਂਦਨੀ ਹੂ ਜੋਗ ਜੋਈ ਸੋਂ।
ਸਾਂਝ ਹੂੰ ਸੁਹਾਤ, ਨਾ ਸੁਹਾਤ ਦਿਨ ਮਾਝ ਕਛੂ,
ਬਿਆਪੀ ਇਹ ਬਾਤ, ਸੁ ਬਖਾਨਤ ਤੋਂ ਤੋਈ ਸੋਂ।
ਰਾਤ ਹੂੰ ਸੁਹਾਤ ਨਾ, ਸੁਹਾਤ ਪ੍ਰਭਾਤ ਭਾਈ,
ਜਬ ਮਨ ਲਾਗ ਜਾਤ ਕਾਹੂ ਨਿਰਮੋਈ ਸੋਂ।

ਉਪਰ ਕਥਨ ਕੀਤੇ ਛੰਦ ਤੋਂ ਪਤਾ ਲਗਦਾ ਹੈ ਕਿ ਜਦੋਂ ਮਨ ਕਿਸੇ ਦੇ ਮੋਹ ਵਿਚ ਮੋਹਿਆ ਜਾਏ ਤਾਂ ਉਸ ਨੂੰ ਘਰ, ਬਾਹਰ ਚੰਗੇ ਨਹੀਂ ਲਗਦੇ। ਘਰ ਵਿਚ ਕਿੰਨਾ ਵੀ ਧਨ ਪਦਾਰਥ ਕਿਉਂ ਨਾ ਹੋਵੇ, ਤੇ ਚਾਰ ਚੁਫੇਰੇ ਭਾਵੇਂ ਸੁੱਖ ਆਰਾਮ ਦੀਆਂ ਨਹਿਰਾਂ ਕਿਉਂ ਨਾ ਵਗਦੀਆਂ ਹੋਣ, ਉਹ ਵੀ ਚੰਗੀਆਂ ਨਹੀਂ ਭਾਸਦੀਆਂ। ਨਾ ਦਿਨ ਨੂੰ ਹੀ ਕੁਝ ਚੰਗਾ ਲਗਦਾ ਹੈ, ਤੇ ਨਾ ਹੀ ਰਾਤ ਨੂੰ ਕੋਈ ਚੀਜ਼ ਸੁਹਾਉਂਦੀ ਹੈ। ਸਵੇਰ ਦਾ ਸਮਾਂ ਭਾਵੇਂ ਕਿੰਨਾ ਹੀ ਸੁੰਦਰ ਹੈ, ਤੇ ਤਾਰਿਆਂ ਭਰੀ ਰਾਤ ਭਾਵੇਂ ਬੜੀ ਹੀ ਖ਼ੂਬਸੂਰਤ ਹੈ, ਪਰ ਜਦੋਂ ਮਨ ਕਿਸੇ ਦੇ ਮੋਹ ਦਾ ਸ਼ਿਕਾਰ ਹੋ ਜਾਏ, ਓਦੋਂ ਕੋਈ ਵੀ ਚੀਜ਼ ਚੰਗੀ

ਨਹੀਂ ਲਗਦੀ, ਸਗੋਂ ਸਭ ਕੁਝ ਫਿੱਕਾ ਤੇ ਬੇਰਸਾ ਜਾਪਦਾ ਹੈ।

ਉਪਰਲੇ ਸ਼ਬਦਾਂ ਤੋਂ ਸੌਖਾ ਹੀ ਪਤਾ ਲਗ ਜਾਂਦਾ ਹੈ ਕਿ ਕਿਸੇ ਦੇ ਮੋਹ ਦਾ ਮੋਹਿਆ ਹੋਇਆ ਮਨ ਕਿੰਨਾ ਦੁਖੀ ਤੇ ਵਿਆਕੁਲ ਰਹਿੰਦਾ ਹੈ, ਇਹਨੂੰ ਕਿੰਨੇ ਹੌਕੇ ਭਰਨੇ ਪੈਂਦੇ ਹਨ ਤੇ ਕਿੰਨੀਆਂ ਹਾਈਆਂ ਮਾਰਨੀਆਂ ਪੈਂਦੀਆਂ ਹਨ। ਪਰ ਜਦੋਂ ਅਸੀਂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਹਸਤੀ ਵਲ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਆਪ ਦੇ ਮਨ ਨੂੰ ਦੁਨੀਆ ਦੀ ਕੋਈ ਚਮਕੀਲੀ ਤੋਂ ਚਮਕੀਲੀ ਚੀਜ਼ ਭੀ ਮੋਹ-ਜਾਲ ਵਿਚ ਨਾ ਫਸਾ ਸਕੀ। ਕੀ ਜੜ੍ਹ ਤੇ ਕੀ ਚੇਤਨ, ਕੀ ਰੂਪ ਤੇ ਕੀ ਕਰੂਪ, ਕੋਈ ਵੀ ਚੀਜ਼ ਆਪ ਨੂੰ ਆਪਣੇ ਮੋਹ ਦੇ ਮਿਕਨਾਤੀਸ ਨਾਲ ਨਾ ਮੋਹ ਸਕੀ। ਏਥੋਂ ਤਕ ਕਿ ਆਪ ਨੂੰ ਮੋਹਣ ਵਾਸਤੇ ਰਾਜਾ ਨੇ ਨੌਜਵਾਨ ਤੇ ਸੁੰਦਰ ਇਸਤ੍ਰੀਆਂ ਨੂੰ ਹਾਰ-ਸ਼ਿੰਗਾਰ ਕਰਵਾ ਕੇ ਗੁਰਦੇਵ ਦੇ ਪਾਸ ਭੇਜਿਆ ਕਿ ਜਾਉ ਆਪਣੇ ਚੰਚਲ ਨੇਤਰਾਂ ਦੇ ਤਿੱਖੇ ਤੀਰ ਮਾਰ ਕੇ, ਨਾਨਕ ਦੇ ਮਨ ਦਾ ਸ਼ਿਕਾਰ ਕਰ ਲਓ। ਸੋ ਜਿਸ ਵੇਲੇ ਇਹ ਇਸਤ੍ਰੀਆਂ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਪਾਸ ਗਈਆਂ ਤਾਂ ਆਪ ਜੀ ਨੇ ਆਪਣੇ ਪਾਵਨ ਤੇ ਪਿਆਰੇ ਮੁਖ ਤੋਂ ਰਸ-ਭਿੰਨਾ ਬਚਨ ਉਚਾਰਨ ਕੀਤਾ, "ਗਾਛੋ ਪੁਤਰੀ ਰਾਜਕੁਮਾਰ" ਕਿ ਪੁਤਰੀਓ ਰਾਜਕੁਮਾਰੀਓ ਆਉ; ਰਸ-ਦਾਇਕ ਤੇ ਅੰਮ੍ਰਿਤ ਭਿੱਜਾ ਬਚਨ ਹੈ, ਕਿ ਐ ਧੀਓ ! ਰਾਜ ਪੁਤਰੀਓ ਆ ਜਾਉ। ਬੱਸ ਏਸ ਅੰਮ੍ਰਿਤ ਬਾਣੀ ਨੇ ਇਸਤ੍ਰੀਆਂ ਦੀ ਮੋਹਣੀ ਸ਼ਕਤੀ 'ਤੇ ਪਾਣੀ ਫੇਰ ਦਿੱਤਾ, ਤੇ ਸ਼ੀਸ਼ੇ ਨੂੰ ਸਾਫ਼ ਕਰ ਕੇ ਆਪਾ ਵੇਖਣ ਵਾਲਾ ਬਣਾ ਦਿੱਤਾ। ਸ੍ਰੀ ਬਾਬਾ ਜੀ ਨੇ ਆਪ ਤਾਂ ਕੀ ਮੋਹੇ ਜਾਣਾ ਸੀ, ਸਗੋਂ ਉਹਨਾਂ ਇਸਤ੍ਰੀਆਂ ਦਾ ਮੋਹ ਚਕਨਾਚੂਰ ਕਰ ਕੇ ਉਹਨਾਂ ਨੂੰ ਨਿਰਲੇਪ ਕਰ ਦਿੱਤਾ। ਜਿਨ੍ਹਾਂ ਅੱਖੀਆਂ ਦੇ ਤਿੱਖੇ ਵਾਰਾਂ ਤੋਂ ਡਰਦੇ ਹੋਏ ਲੋਕ ਪੁਕਾਰ ਕਰ ਰਹੇ ਹਨ ਕਿ ਹੋਰ ਤਾਂ ਭਾਵੇਂ ਸਭ ਕੁਝ ਲਗ ਜਾਏ ਪਰ ਹੇ ਰਾਮ ! ਕਿਸੇ ਦੀਆਂ ਅੱਖਾਂ ਕਿਸੇ ਨਾਲ ਨਾ ਲਗਣ, ਜੈਸਾ ਕਿ :

ਜਾਕੇ ਲਗੀ ਗਰਿਹ ਕਾਜ ਤਜੇ ਅਰੁ,
ਮਾਤ ਪਿਤਾ ਹਿਤ ਤਾਤ ਨਾ ਰਾਖੈ।
ਸਾਗਰ ਲੀਨ ਹ੍ਵੈ ਚਾਕਰ ਚਾਹਕੇ,
ਧੀਰਜ ਹੀਨ, ਅਧੀਨ ਹ੍ਵੈ ਭਾਖੈ।
ਵਿਆਕੁਲ ਮੀਨ, ਜਿਉਂ ਨੇਹ ਨਵੀਨ ਮੇਂ,
ਮਾਨੋਂ ਦਈ ਬਰਛੀਨ ਕੀ ਸਾਖੈ।
ਤੀਰ ਲਗੈ, ਤਰਵਾਰ ਲਗੈ, ਪੈ ਲਗੈ,
ਜਿਨ ਕਾਹੂੰ ਸੋ, ਕਾਹੂੰ ਕੀ ਆਖੈਂ।

ਜਿਨ੍ਹਾਂ ਤੀਖਣ ਅੱਖਾਂ ਕੋਲੋਂ ਡਰਦੇ ਮਾਰੇ ਲੋਕ ਵਾਵੇਲਾ ਕਰਦੇ ਹਨ, ਭਈ ਤੀਰ ਲਗ ਜਾਏ, ਭਾਵੇਂ ਤਲਵਾਰ ਲਗ ਜਾਏ ਪਰ ਹੇ ਰੱਬਾ ਕਿਸੇ ਦੀਆਂ ਕਿਸੇ ਨਾਲ ਅੱਖਾਂ ਨਾ ਲੱਗਣ। ਜਿਨ੍ਹਾਂ ਅੱਖਾਂ ਕੋਲੋਂ ਸੂਰਮੇ ਤੇ ਬਹਾਦਰ ਭੈ ਖਾਂਦੇ ਹਨ, ਉਹ ਅੱਖਾਂ ਜਦੋਂ ਸ੍ਰੀ ਹਜ਼ੂਰ ਬਾਬਾ ਨਾਨਕ ਦੇਵ ਜੀ ਨੂੰ ਫ਼ਤਹਿ ਕਰਨ ਆਈਆਂ, ਤਾਂ ਬਾਬਾ ਜੀ ਨੇ 'ਆਓ ਧੀਓ' ਆਖ ਕੇ ਮੋਹ ਦੀ ਫ਼ੌਜ ਦੇ ਮੂੰਹ ਮੋੜ ਦਿਤੇ ਤੇ ਸੰਸਾਰੀ ਲੋਕਾਂ ਨੂੰ ਦੱਸ

ਦਿੱਤਾ ਕਿ ਮੋਹ ਕੋਲੋਂ ਕਿਸ ਤਰ੍ਹਾਂ ਬਚਿਆ ਜਾ ਸਕੀਦਾ ਹੈ ਅਤੇ ਕਿਸ ਤਰ੍ਹਾਂ ਮੋਹ ਨੂੰ ਮਾਲਕ ਵੱਲ ਮੋੜਿਆ ਜਾ ਸਕਦਾ ਹੈ। ਸੋ ਇਸ ਤਰ੍ਹਾਂ ਸੱਚੇ ਸਤਿਗੁਰੂ ਨੇ ਬਾਹਰਲੇ ਮੋਹ ਦੇ ਹੱਲਿਆਂ ਤੋਂ ਬਚਣ ਦਾ ਉਪਰਾਲਾ ਦੱਸ ਕੇ, ਸੰਸਾਰੀਆਂ ਨੂੰ ਸੁਖੀ ਜੀਵਨ ਦੀ ਦਾਤ ਦਿੱਤੀ ਹੈ। ਇਹ ਹੈ ਮੁਹਾਬਾ, ਭਈ ਆਪਣੇ ਮਨ ਦੇ ਮੋਹ 'ਤੇ ਫ਼ਤਹਿ ਪਾ ਕੇ ਬਾਹਰਲੇ ਮੋਹ ਦੇ ਕਾਬੂ ਨਾ ਆਉਣਾ, ਸਗੋਂ ਉਸ ਉਤੇ ਆਪਣਾ ਕਾਬੂ ਪਾ ਕੇ ਉਸ ਨੂੰ ਜ਼ੇਰ ਕਰ ਲੈਣਾ।

ਪ੍ਰੇਮ

ਅੱਜ ਤਕ ਪ੍ਰੇਮ ਦੇ ਬਾਰੇ ਬੜਾ ਕੁਝ ਲਿਖਿਆ ਜਾ ਚੁੱਕਾ ਹੈ। ਕਈ ਗ੍ਰੰਥ, ਕਈ ਰਸਾਲੇ, ਕਈ ਕਵਿਤਾਵਾਂ ਤੇ ਕਈ ਇਕ ਲੇਖ ਵੀ ਲਿਖੇ ਜਾ ਚੁਕੇ ਹਨ। ਖ਼ਾਸ ਕਰਕੇ ਹਿੰਦੀ ਦੇ ਭੰਡਾਰੇ ਵਿਚ ਤਾਂ ਪ੍ਰੇਮ ਦੀਆਂ ਕਥਾ ਕਹਾਣੀਆਂ ਦਾ ਅੰਤ ਨਹੀਂ ਆਉਂਦਾ। ਬੜੇ ਬੜੇ ਵੱਡੇ ਪੁਸਤਕ ਏਸ ਪ੍ਰਕਰਣ ਵਾਸਤੇ ਲਿਖੇ ਪਏ ਹਨ, ਪਰ ਇਹਨਾਂ ਪ੍ਰੇਮ-ਰਚਨਾਵਾਂ ਵਿਚ ਪ੍ਰੇਮ ਦਾ ਸਾਰੇ ਦਾ ਸਾਰਾ ਝੁਕਾਉ ਈਸ਼ਵਰ ਆਰਾਧਨਾ ਵੱਲ ਹੀ ਹੈ। ਭਾਵੇਂ ਈਸ਼ਵਰ ਨਿਰਾਕਾਰ ਹੋਵੇ ਤੇ ਭਾਵੇਂ ਸਾਕਾਰ ਹੋਵੇ, ਪ੍ਰੇਮ ਪੁਸਤਕਾਂ ਦਾ ਸਾਰਾ ਜ਼ੋਰ ਈਸ਼ਵਰ ਭਗਤੀ 'ਤੇ ਹੀ ਹੈ। ਕਈ ਇਕ ਵਿਦਵਾਨ ਪੁਰਸ਼ਾਂ ਨੇ ਤਾਂ ਵੀਹ ਵੀਹ, ਤੀਹ ਤੀਹ ਪੁਸਤਕਾਂ ਵੀ ਲਿਖੀਆਂ ਹਨ ਤੇ ਉਹਨਾਂ ਵਿਚ ਲਟਕ ਚਟਕ ਵੀ ਕਾਫ਼ੀ ਹੈ, ਪਰ ਜ਼ੋਰ ਸਾਰਾ ਇਕੋ ਪਾਸੇ ਹੀ ਹੈ ਕਿ ਈਸ਼ਵਰ ਨਾਲ ਪ੍ਰੇਮ ਕਰੋ। ਪ੍ਰੇਮਾ-ਭਗਤੀ ਦੇ ਮਾਰਗ ਨੂੰ ਬਿਹੰਗਮ ਮਾਰਗ ਕਥਨ ਕੀਤਾ ਹੈ—ਭਈ ਜਿਸ ਤਰ੍ਹਾਂ ਪੰਛੀ ਉਡ ਕੇ, ਛੇਤੀ ਨਾਲ ਹੀ ਆਪਣੀ ਮੰਜ਼ਲ 'ਤੇ ਜਾ ਪੁੱਜਦਾ ਹੈ, ਏਸੇ ਤਰ੍ਹਾਂ ਪ੍ਰੇਮੀ-ਭਗਤ ਪ੍ਰੇਮਾ-ਭਗਤੀ ਦੇ ਪਰ੍ਹਾਂ ਨਾਲ ਕਰਮ-ਕਾਂਡੀ ਤੋਂ ਪਹਿਲਾਂ ਹੀ ਆਪਣੇ ਟਿਕਾਣੇ 'ਤੇ ਪੁੱਜ ਜਾਂਦਾ ਹੈ। ਗੋ-ਸਵਾਮੀ ਤੁਲਸੀ ਦਾਸ ਨੇ, ਤੁਲਸੀ ਰਮਾਇਣ ਵਿਚ ਪ੍ਰੇਮੀਆਂ ਨੂੰ ਬੜੀ ਚੰਗੀ ਪ੍ਰੇਰਨਾ ਕੀਤੀ ਹੈ ਕਿ ਪ੍ਰੇਮ-ਭਗਤੀ ਨਾਲ ਈਸ਼ਵਰ ਦੀ ਆਰਾਧਨਾ ਕਰੋ ਤਾਂ ਜੁ ਤੁਹਾਡਾ ਪਾਰ ਉਤਾਰਾ ਹੋ ਜਾਏ। ਰਮਾਇਣ ਤੋਂ ਛੁਟ ਹੋਰ ਵੀ ਕਈ ਗ੍ਰੰਥ ਹਨ ਜੈਸਾ ਕਿ ਪ੍ਰੇਮ ਸੁਮਾਰਗ, ਗੋਬਿੰਦਗੀਤ, ਬਿਰਿੰਦਸਤਸਈ, ਕਬੀਰ ਜੀ ਦਾ ਬੀਚਕ ਆਦਿ ਅਨੇਕ ਗ੍ਰੰਥ ਹਨ, ਜਿਨ੍ਹਾਂ ਏਸ ਗੱਲ 'ਤੇ ਸਾਰਾ ਜ਼ੋਰ ਲਾ ਦਿੱਤਾ ਏ ਕਿ ਭਈ ਪ੍ਰੇਮਾ-ਭਗਤੀ ਨਾਲ ਈਸ਼ਵਰ ਦੀ ਆਰਾਧਨਾ ਕਰੋ ਤਾਕਿ ਲੋਕ ਪ੍ਰਲੋਕ ਸੁਧਰ ਜਾਏ। ਪਰ ਅਸਾਂ ਹੁਣ ਇਹ ਸੋਚਣਾ ਹੈ ਕਿ ਕੇਵਲ ਪ੍ਰੇਮਾ-ਭਗਤੀ ਨਾਲ ਈਸ਼ਵਰ ਆਰਾਧਨਾ ਕੀਤਿਆਂ ਸਾਡਾ ਫ਼ਰਜ਼ ਪੂਰਾ ਹੋ ਜਾਂਦਾ ਹੈ? ਕੀ ਕੇਵਲ ਈਸ਼ਵਰ ਆਰਾਧਨਾ ਤੇ ਪ੍ਰੇਮਾ-ਭਗਤੀ ਕਰ ਕੇ ਅਸੀਂ ਜੀਵਨ ਦੇ ਸਾਰੇ ਪਹਿਲੂਆਂ ਵਿਚ ਕਾਮਯਾਬ ਹੋ ਕੇ ਸੁਬਕ ਦੋਸ਼ ਹੋ ਜਾਂਦੇ ਹਾਂ? ਕੀ ਈਸ਼ਵਰ ਆਰਾਧਨਾ ਉਤੇ ਹੀ ਪ੍ਰੇਮਾ-ਭਗਤੀ ਦਾ ਪਾਠ ਪੂਰਾ ਹੋ ਕੇ ਖ਼ਤਮ ਹੋ ਜਾਂਦਾ ਹੈ? ਇਹ ਹਨ ਪ੍ਰਸ਼ਨ ਜਿਨ੍ਹਾਂ 'ਤੇ ਅਸੀਂ ਠੰਢੇ ਦਿਲ ਨਾਲ ਵਿਚਾਰ ਕਰਨੀ ਹੈ।

ਇਸ ਗੱਲ ਦੇ ਮੰਨਣ ਵਿਚ ਕੋਈ ਵੀ ਹਿਚਕਚਾਹਟ ਨਹੀਂ ਕਿ ਪ੍ਰੇਮੀ ਭਗਤਾਂ ਨੇ, ਪ੍ਰੇਮਾ-ਭਗਤੀ ਕਰਨ ਵਿਚ, ਕਮਾਲ ਕਰ ਕੇ ਦੱਸ ਦਿੱਤਾ ਹੈ। ਕਰੜੇ ਤੋਂ ਕਰੜੇ ਤੇ ਨਾਜ਼ੁਕ ਤੋਂ ਨਾਜ਼ੁਕ ਦੁਖ ਜਰ ਕੇ ਵੀ ਪ੍ਰੇਮਾ-ਭਗਤੀ ਵਲੋਂ ਮੂੰਹ ਨਹੀਂ ਮੋੜਿਆ, ਜਿਸ ਤਰ੍ਹਾਂ ਕਿ ਮੀਰਾਂ ਬਾਈ ਦੇ ਬਾਰੇ ਜ਼ਿਕਰ ਆਉਂਦਾ ਹੈ ਕਿ ਘਰੋਂ ਬੇ-ਘਰ ਹੋ ਕੇ

ਵੀ, ਜ਼ਹਿਰ ਦਾ ਪਿਆਲਾ ਪੀ ਕੇ ਵੀ, ਦਰ ਦਰ ਤੇ ਘਰ ਘਰ ਦੀਆਂ ਠੋਕਰਾਂ ਖਾ ਕੇ ਵੀ ਅਤੇ ਜੰਗਲਾਂ ਦੇ ਕੰਡਿਆਂ ਦੇ ਦੁਖ-ਤਸੀਹੇ ਝੱਲ ਕੇ ਵੀ, ਮੂੰਹੋਂ ਇਹੋ ਹੀ ਬੋਲਦੀ ਰਹੀ :

ਕੋਊ ਕਹੇ ਕੁਟਿਲਾ, ਕੁਲੀਨ, ਅਕੁਲੀਨ ਕੋਊ,
ਕੋਊ ਕਹੇ ਰੰਕਨੀ, ਕੁਲੰਕਨੀ, ਕੁਨਾਰੀ ਹਉਂ।
ਕੈਸੇ ਪਰਲੋਕ, ਨਰਲੋਕ, ਵਰ ਲੋਕਨ ਮੈਂ,
ਲੀਨੀ ਹੈ ਅਲੀਕ, ਲੋਕ ਲੀਕਨ ਤੇ ਨਿਆਰੀ ਹਉਂ।
ਤਨ ਜਾਵ, ਮਨ ਜਾਵ, ਗੁਰੂਦੇਵ ਜਨ ਜਾਵ,
ਧਨ ਕਿਉਂ ਨਾ ਜਾਵ, ਟੇਕ ਟਰਤ ਨਾ ਟਾਰੀ ਹਉਂ।
ਬਿਰਿੰਦਾ ਬਨਵਾਰੀ, ਬਨਵਾਰੀ ਕੇ ਮੁਕਟ ਪਰ,
ਪੀਤ ਪਟਵਾਰੀ, ਤਾਂ ਕੀ ਮੂਰਤੀ ਪੈ ਵਾਰੀ ਹਉਂ।

ਇਸ ਤੋਂ ਪਿਛੋਂ ਜੇ ਅਸੀਂ ਰਾਧਾ ਵੱਲ ਧਿਆਨ ਮਾਰੀਏ ਤਾਂ ਪਤਾ ਲਗੇਗਾ ਕਿ ਰਾਧਾ ਨੇ ਵੀ ਸ੍ਰੀ ਕ੍ਰਿਸ਼ਨ ਜੀ ਦੀ ਪ੍ਰੇਮਾ-ਭਗਤੀ ਵਿਚ ਗ਼ਜ਼ਬ ਕਰ ਦਿਖਾਇਆ ਹੈ। ਭਾਵੇਂ ਕੁਟੰਬ ਦੇ ਲੋਕ ਰਾਧਾ ਦੇ ਰਸਤੇ ਵਿਚ ਰੋੜੇ ਅਟਕਾਉਂਦੇ ਰਹੇ, ਭਾਵੇਂ ਸਾਰਾ ਸਮਾਜ ਵੀ ਰਾਧਾ ਦੇ ਖ਼ਿਲਾਫ਼ ਜ਼ਹਿਰ ਉਗਲਦਾ ਰਿਹਾ, ਭਾਵੇਂ ਰਿਸ਼ਤੇਦਾਰਾਂ ਨੇ ਵੀ ਫਿਟਕਾਰਿਆ ਤੇ ਘ੍ਰਿਣਾ ਦੀ ਨਜ਼ਰ ਨਾਲ ਵੇਖਿਆ, ਪਰ ਰਾਧਾ ਆਪਣੇ ਨਿਸ਼ਾਨੇ ਤੋਂ ਇਕ ਕਦਮ ਲਾਂਭੇ ਨਾ ਹੋਈ। ਅਨੇਕਾਂ ਦੁੱਖਾਂ ਤੇ ਮੁਸੀਬਤਾਂ ਦਾ ਮੁਕਾਬਲਾ ਕਰ ਕੇ ਵੀ ਇਹੋ ਹੀ ਆਖਦੀ ਰਹੀ:

ਤੌਕ ਪਹਿਨਾਵੋ, ਪਾਂਇ ਬੇੜੀ ਲੈ ਪਹਿਰਾਵੋ,
ਗਾੜੇ ਬੰਧਨ ਬੰਧਾਵੋ, ਅਓ ਖਿੰਚਾਵੋ ਕਾਚੀ ਖਾਲ ਸੋਂ।
ਵਿਸ਼ ਲੇ ਪਿਲਾਵੋ, ਤਾਂ ਪੈ ਮੂਠ ਭੀ ਚਲਾਵੋ,
ਮੰਝਧਾਰ ਮੇਂ ਬਹਾਵੋ, ਬਾਂਧ ਪੱਥਰ ਕਮਾਲ ਸੋਂ।
ਬਿਛੂ ਲੇ ਬਿਛਾਵੋ, ਤਾਂ ਪੈ ਮੋਹਿ ਲੈ ਸੁਲਾਵੋ,
ਪੁਨਾ ਆਗ ਭੀ ਲਗਾਵੋ, ਬਾਂਧ ਕਾਪੜ ਦੁਸ਼ਾਲ ਸੋਂ।
ਗਿਰ ਸੇ ਗਿਰਾਵੋ, ਕਾਲੇ ਨਾਗ ਸੋਂ ਡੰਸਾਵੋ,
ਹਾ ਹਾ ਪ੍ਰੀਤ ਨਾ ਛੁਡਾਵੋ ਗਿਰਧਾਰੀ ਨੰਦ ਲਾਲ ਸੋਂ।

ਰਾਧਾ ਨੇ ਪ੍ਰੇਮ ਮਾਰਗ ਵਿਚ ਆਪਣੇ ਮਨ ਦੀ ਕਿੰਨੀ ਅਡੋਲਤਾ ਦੱਸੀ ਹੈ ਕਿ ਭਾਵੇਂ ਮੇਰੇ ਗਲ ਵਿਚ ਲਾਅਨਤਾਂ ਦਾ ਤੌਕ ਪਾ ਦਿਉ, ਪੈਰਾਂ ਵਿਚ ਬੇੜੀਆਂ ਤੇ ਹੱਥਾਂ ਨੂੰ ਹਥਕੜੀਆਂ ਮਾਰ ਦਿਉ ਤੇ ਭਾਵੇਂ ਪੈਰ ਦੇ ਅੰਗੂਠੇ ਤੋਂ ਫੜ ਕੇ ਮੇਰੀ ਪੁੱਠੀ ਖੱਲ ਲਾਹ ਦਿਉ, ਇਸ ਦਾ ਮੈਨੂੰ ਕੋਈ ਡਰ ਨਹੀਂ; ਪਰ ਐ ਸੰਸਾਰੀ ਲੋਕੋ ! ਏਨਾ ਦੁਖ ਦੇ ਕੇ ਵੀ ਜੇ ਤੁਹਾਨੂੰ ਚੈਨ ਨਾ ਆਵੇ ਤਾਂ ਬੇਸ਼ਕ ਮੈਨੂੰ ਜ਼ਹਿਰ ਦਾ ਪਿਆਲਾ ਪਿਲਾ ਦਿਉ, ਤੇ ਕਿਸੇ ਮੰਤਰੀ ਨੂੰ ਸੱਦ ਕੇ ਮੂਠ ਵੀ ਚਲਾ ਦਿਓ ਅਤੇ ਮੇਰੀ ਦੇਹੀ ਨੂੰ ਮੋਟੇ ਪੱਥਰ ਬੰਨ੍ਹ ਕੇ ਦਰਿਆ ਵਿਚ ਰੋੜ੍ਹ ਦਿਓ ਤਾਂ ਮੈਨੂੰ ਕੋਈ ਚਿੰਤਾ ਨਹੀਂ।

ਜੇ ਅਜੇ ਵੀ ਤੁਹਾਡਾ ਮਨ ਨਾ ਮੰਨੇ ਤਾਂ ਮੇਰੀ ਸੇਜ 'ਤੇ ਬਿੱਛੂ ਵਿਛਾ ਕੇ ਉਸ

'ਤੇ ਮੈਨੂੰ ਸੰਵਾ ਦਿਉ, ਭਾਵੇਂ ਸ਼ਾਲ ਦੁਸ਼ਾਲਿਆਂ ਵਿਚ ਲਪੇਟ ਕੇ ਮੈਨੂੰ ਅੱਗ ਲਾ ਦਿਉ ਤਾਕਿ ਮੈਂ ਸੜ ਕੇ ਸੁਆਹ ਹੋ ਜਾਵਾਂ ਤੇ ਤੁਸੀਂ ਸੁਖੀ ਹੋ ਜਾਉ, ਇਹ ਵੀ ਮੈਨੂੰ ਮਨਜ਼ੂਰ ਹੈ ਤੇ ਮੈਂ ਹੱਸ ਕੇ ਇਸ ਦੁੱਖ ਨੂੰ ਜਰਾਂਗੀ।

ਪਰ, ਜੇ ਅਜੇ ਵੀ ਤੁਹਾਡੇ ਮਨ ਨੂੰ ਸ਼ਾਂਤੀ ਨਾ ਹੋਵੇ ਤਾਂ ਮੈਨੂੰ ਪਹਾੜੀ ਦੀ ਚੋਟੀ ਤੋਂ ਧੱਕਾ ਦੇ ਕੇ ਸੁਟ ਦਿਉ, ਤੇ ਕਾਲੇ ਸੱਪਾਂ ਅਗੇ ਵੀ ਪਾ ਦਿਉ, ਅਤੇ ਜਿੰਨੇ ਵੀ ਵੱਡੇ ਤੋਂ ਵੱਡੇ ਦੁੱਖ ਤਸੀਹੇ ਹਨ, ਉਹ ਸਾਰੇ ਦੇ ਲਉ, ਦੁੱਖਾਂ ਦੇ ਪਹਾੜਾਂ ਹੇਠ ਦੱਬ ਦਿਉ, ਅਸਮਾਨੋਂ ਬਿਜਲੀਆਂ ਗਿਰਾ ਦਿਉ, ਰੱਜ ਰੱਜ ਦੁਖ ਦੇ ਲਉ, ਜੋ ਜੀਅ ਚਾਹੇ ਸਿਤਮ ਢਾਹ ਲਉ, ਜਿੰਦ ਲੈ ਲਉ, ਜਾਨ ਲੈ ਲਉ, ਜੀ ਲੈ ਲਉ, ਪਿੰਡ ਲੈ ਲਉ, ਪ੍ਰਾਣ ਲੈ ਲਉ; ਭਾਵ ਕਿ ਮਾਂ, ਬਾਪ, ਭੈਣ-ਭਰਾ, ਅੰਗ-ਸਾਕ ਸਭ ਕੁਝ ਖੋਹ ਲਉ, ਪਰ ਰੱਬ ਦਾ ਵਾਸਤਾ ਜੇ ਕਿ ਗਿਰਧਾਰੀ ਨੰਦ ਲਾਲ ਨਾਲੋਂ ਮੇਰਾ ਪ੍ਰੇਮ ਨਾ ਤੋੜਿਉ ਕਿਉਂਕਿ ਪ੍ਰੇਮ ਦੇ ਟੁਟਿਆਂ ਮੇਰੀ ਸਦੀਵੀ ਮੌਤ ਹੋ ਜਾਵੇਗੀ।

ਉੱਤੇ ਕਹੇ ਗਏ ਸ਼ਬਦਾਂ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਰਾਧਾ ਦੀ ਪ੍ਰੇਮਾ-ਭਗਤੀ, ਪ੍ਰੇਮ ਪਾਂਧੀਆਂ ਲਈ ਇਕ ਨਮੂਨਾ ਹੈ ਤੇ ਪ੍ਰੇਮੀਆਂ ਦੀਆਂ ਆਸਾਂ ਨੂੰ ਮਜ਼ਬੂਤ ਕਰਨ ਦਾ ਇਕ ਚੰਗਾ ਸਾਧਨ ਵੀ ਹੈ। ਇਹ ਕੱਚੇ ਪ੍ਰੇਮੀਆਂ ਨੂੰ ਪੱਕੇ ਪ੍ਰੇਮੀ ਬਣਾਉਣ ਦਾ ਯਤਨ ਵੀ ਹੈ। ਜਦੋਂ ਰਾਧਾ ਆਪਣੇ ਭਗਵਾਨ ਦੇ ਵਿਛੋੜੇ ਨੂੰ ਅਨੁਭਵ ਕਰਦੀ ਹੈ ਤਾਂ ਉਹਦੇ ਮੂੰਹੋਂ ਬਦੋ-ਬਦੀ ਨਿਕਲ ਜਾਂਦਾ ਹੈ:

ਨੈਨਨ ਦੀ ਲਗਨ ਲਗੀ, ਜੋਬਨ ਕੀ ਮਧਨ ਮਧੀ,
ਨਿਸਚੇ ਕਰ ਜਾਣ, ਮੁਝੈ ਆਨ, ਕਾਨ ਨਾਈਂ ਰੀ।
ਜਬ ਤੇ ਕਠੋਰ ਭਈ, ਨੈਨਨ ਤੇ ਨੀਂਦ ਗਈ,
ਬਿਰਹੇ ਬਿਓਗ ਮਾਨੋਂ, ਫਿਰੋਂ ਬਈ ਬਈ ਰੀ।
ਮਾਟੁਕੀ ਮੇਂ ਦਹੀ ਲੀਨੋਂ, ਗੁਜਰੀ ਕੋ ਭੇਖ ਕੀਨੋ,
ਗਲੀ ਗਲੀ ਕੂਕਤ ਫਿਰੋਂ, ਲੇਹੁ ਦਹੀ ਦਹੀ ਰੀ।
ਮੈਂ ਤੂ ਮਨ ਮਾਹਿੰ ਦਹੀ, ਲੋਗ ਕਹੇਂ ਬੇਚੇ ਦਹੀ,
ਜਿਉਂ ਜਿਉਂ ਬ੍ਰਿਹੋਂ ਦਹੀ, ਤੂ ਮੈਂ ਕਹੇ ਦਹੀ ਦਹੀ ਰੀ।

ਰਾਧਾ ਦੇ ਪਿਛੋਂ ਸਾਡੀ ਨਜ਼ਰ ਸੁਦਾਮੇ 'ਤੇ ਜਾ ਪੈਂਦੀ ਹੈ ਜੋ ਕਿ ਪ੍ਰੇਮਾ-ਭਗਤੀ ਦੇ ਮਾਰਗ ਦਾ ਪ੍ਰੇਮ ਪਾਂਧੀ ਹੈ। ਜਿਸ ਦੇ ਮਨ ਵਿਚ ਪ੍ਰੇਮਾ-ਭਗਤੀ ਤਾਂ ਬੇਸ਼ਕ ਠਾਠਾਂ ਮਾਰਦੀ ਹੈ ਪਰ ਘਰ ਵਿਚ ਇਸ ਕਦਰ ਗ਼ਰੀਬੀ ਹੈ ਕਿ ਭੰਗ ਪਈ ਭੁਜਦੀ ਹੈ। ਦਿਨੇ ਰਾਤ ਰੋਟੀ ਦਾ ਹੀ ਸੰਸਾ ਹੈ। ਏਥੋਂ ਤਕ ਕਿ ਰੋਟੀ ਵਲੋਂ ਕਦੇ ਸੁਖ ਦਾ ਸਾਹ ਆਇਆ ਹੀ ਨਹੀਂ। ਘਰ ਦੀ ਚਾਰ ਦੀਵਾਰੀ ਵੀ ਰੋਟੀ ਰੋਟੀ ਪਈ ਕੂਕਦੀ ਏ। ਕੁਟੰਬ ਦੇ ਸਾਰੇ ਜੀਅ ਢਿਡੋਂ ਭੁਖੇ ਮਰੂੰ-ਮਰੂੰ ਕਰਦੇ ਫਿਰਦੇ ਹਨ।

ਜਿਸ ਘਰ ਦੇ ਜੀਆਂ ਨੂੰ ਢਿੱਡ ਭਰਵੀਂ ਰੋਟੀ ਨਸੀਬ ਨਹੀਂ ਹੁੰਦੀ, ਉਹ ਪ੍ਰੇਮਾ-ਭਗਤੀ ਨੂੰ ਕੀ ਕਰਨ ? ਹੇਠ ਪਾਉਣ ਕਿ ਉਤੇ ਲੈਣ ? ਜਿਥੇ ਰੋਟੀ ਲਈ ਹਉਕੇ ਤੇ ਹਾਵੇ ਹੋਣ, ਜਿਥੇ ਰੋਟੀ ਲਈ ਕੀਰਨੇ ਤੇ ਵੈਣ ਹੋਣ, ਜਿਥੇ ਰੋਟੀ ਲਈ ਵਾਵੇਲਾ ਤੇ ਹਾਲ ਪਾਹਰਿਆ ਹੋਵੇ, ਜਿਥੇ ਰੋਟੀ ਲਈ ਹਾੜੇ ਤੇ ਤਰਲੇ ਕੱਢੇ ਜਾਂਦੇ ਹੋਣ ਉਥੇ

ਪ੍ਰੇਮਾ-ਭਗਤੀ ਦੇ ਅਰਥ ਹੀ ਕੀ ਹਨ ? ਸਭ ਤੋਂ ਪਹਿਲਾਂ ਲੋੜੀਂਦੀ ਹੈ ਢਿੱਡ ਦੀ ਸ਼ਾਂਤੀ ਤੇ ਆਂਦਰਾਂ ਦੀ ਠੰਢ। ਪਰ ਸੁਦਾਮੇ ਦੇ ਘਰ ਇਹ ਹੈ ਨਹੀਂ। ਉਥੇ ਤਾਂ ਸਗੋਂ ਭੁਖ ਤੇ ਦੁਖ ਦੇ ਭਾਂਬੜ ਬਲਦੇ ਹਨ ਜੋ ਸੁਦਾਮੇ ਦੀ ਧਰਮ ਪਤਨੀ ਦੇ ਬਚਨਾਂ ਤੋਂ ਪਰਗਟ ਹਨ :

ਕੋਧੋ ਜਵਾ ਜੁਰਤੀ ਭਰ ਪੇਟ ਨਾ,
ਚਾਹਿਤ ਹੋਂ ਦਧੀ ਦੂਧ ਮਿਠੌਤੀ।
ਸ਼ੀਤ ਵਿਤੀਤ ਭਯੋ ਸਿਸ ਆਤ ਹੀ,
ਹਉਂ ਹਠਤੀ ਪੈ ਤੁਮਹਿ ਨਾ ਹਠੌਤੀ।
ਜੋ ਜਨਤੀ ਨਾ ਹਿਤੂ ਹਰਿਸੋਂ ਤੋ,
ਮੈਂ ਕਾਹੇ ਕੋ ਦਵਾਰਕਾ ਪੈਲ ਪਠੌਤੀ।
ਯਾ ਘਰ ਤੇ ਨਾ ਗਯੋ ਕਬਹੂੰ ਪੀਆ,
ਟੂਟੋ ਤਵਾ ਅਰੁ ਫੂਟੀ ਕਠੌਤੀ।

ਉਪਰ ਲਿਖੀਆਂ ਸਤਰਾਂ ਦੀ ਜੋ ਹੇਠਲੀ ਸਤਰ ਹੈ, ਉਸ ਵਿਚ ਸੁਦਾਮੇ ਦੀ ਧਰਮ ਪਤਨੀ ਨੇ ਸਾਫ਼ ਸਾਫ਼ ਆਖ ਦਿਤਾ ਹੈ ਕਿ ਹੇ ਪੀਆ ਸਾਡੇ ਘਰ ਵਿਚੋਂ ਟੁੱਟਾ ਹੋਇਆ ਤਵਾ ਤੇ ਭੱਜੀ ਹੋਈ ਕੁਨਾਲੀ ਨਾ ਗਈ ?

ਹੇਠ-ਲਿਖੇ ਛੰਦ ਵਿਚੋਂ ਸੁਦਾਮੇ ਦੇ ਘਰ ਦੀ ਗ਼ਰੀਬੀ ਹੋਰ ਵੀ ਸਾਫ਼ ਹੋ ਜਾਂਦੀ ਹੈ :

ਫਾਟੇ ਪੱਟ ਟੂਟੀ ਛਾਨ, ਖਾਬੋ ਭੀਖ ਮਾਂਗ ਆਨ,
ਬਿਨਾ ਜਗੱਯ ਬਿਮੁਖ, ਰੈਹਤ ਦੇਵ ਪਿਤਰਾਈ।
ਵੈ ਹੈਂ ਦੀਨ ਬੰਧੂ, ਦੁਖੀ ਦੇਖ ਕੇ ਦਯਾਲ ਹ੍ਵੈ ਹੈਂ;
ਦੈ ਹੈਂ ਕਛੂ ਭਲੋ, ਸੋ ਹਓਂ ਜਾਨਤ ਅਗਤਰਾਈ,
ਦਵਾਰਕਾ ਲਓ ਜਾਤ ਪੀਆ, ਕੇਤੋ ਅਲਸਾਤ ਤੁਮ,
ਕਾਹੇ ਕੋ ਲਜਾਤ ਭਈ, ਕੌਣ ਸੀ ਬਿਚਤਰਾਈ।
ਜੋ ਪੈ ਸਭ ਜਨਮ ਯਾ, ਦਰਿਦਰ ਹੀ ਸਤਾਇਓ,
ਤੋ ਪੈ ਕੌਣ ਕਾਜ ਆਇ ਹੈ, ਕ੍ਰਿਪਾ ਨਧੀ ਕੀ ਮਿਤ੍ਰਾਈ।

ਉਪਰਲੇ ਬਚਨਾਂ ਤੋਂ ਸਾਫ਼ ਸਿਧ ਹੈ ਕਿ ਸੁਦਾਮਾ ਦੇ ਘਰ ਦੀ ਹਾਲਤ ਅਤਿ ਡਾਵਾਂ-ਡੋਲ ਸੀ। ਰੋਟੀ ਦੇ ਟੋਟੇ ਨੇ ਪ੍ਰੇਸ਼ਾਨੀ ਵਰਤਾਈ ਹੋਈ ਸੀ ਜਿਸ ਕਰਕੇ ਸੁਦਾਮਾ ਚਿੰਤਾਤੁਰ ਤੇ ਦੁਖੀ ਰਹਿੰਦਾ ਸੀ। ਫੇਰ ਵੀ ਆਪਣੇ ਇਰਾਦੇ ਦਾ ਪੱਕਾ ਤੇ ਪ੍ਰੇਮਾ-ਭਗਤੀ ਦਾ ਪੂਰਾ ਹੋਣ ਕਰਕੇ ਪੈਂਤੜਿਓਂ ਨਹੀਂ ਸੀ ਖਿੜਕਣਾ ਚਾਹੁੰਦਾ, ਕਿਉਂਕਿ ਪੈਂਤੜਿਓਂ ਖਿੜਕਿਆਂ ਪ੍ਰੇਮਾ-ਭਗਤੀ ਨੂੰ ਲਾਜ ਲਗਦੀ ਸੀ। ਦੂਜਾ, ਮੰਗਣ ਨੂੰ ਵੀ ਚੰਗਾ ਨਹੀਂ ਸੀ ਸਮਝਦਾ, ਸਗੋਂ ਘਿਰਣਾ ਕਰਦਾ ਸੀ। ਸੋ ਚਾਰ-ਚੁਫੇਰੇ ਨਜ਼ਰ ਮਾਰ ਕੇ ਤੇ ਬੜੀ ਡੂੰਘੀ ਸੋਚ-ਵਿਚਾਰ ਪਿਛੋਂ ਉਸ ਨੇ ਇਸਤ੍ਰੀ ਨੂੰ ਉੱਤਰ ਦਿੱਤਾ ਕਿ :

ਤੈ ਤੋ ਕਹੀ ਨੀਕੀ, ਬਾਤ ਹਿਤ ਹੀ ਕੀ,
ਸੁਣ ਰੀਤ ਮਿਤ੍ਰਈ ਕੀ, ਨਿਤ ਪ੍ਰੀਤ ਸੁਸਾਈ ਏ।

ਚਿਤ ਕੇ ਮਿਲੇ ਤੇ ਵਿਤ, ਚਾਹੀਏ ਪਰਸਪਰ,
ਮਿਤ੍ਰ ਕੇ ਜੇ ਜੇਈਏ, ਤਾਹਿ ਆਪਹੂੰ ਜਿਮਾਈ ਏ।
ਵੇ ਹੈਂ ਮਹਾਂ ਰਾਜ, ਛੋਰ ਬੈਠਤ ਸਮਾਜ ਭੂਪ,
ਤਹਾਂ ਯਹਿ ਰੂਪ ਜਾਇ, ਕੈਸੇ ਸਕੂਚਾਈ ਏ।
ਸੁਖ ਦੁਖ ਸਭ ਦਿਨ, ਕਾਟੇ ਹੀ ਬਨੋਗੇ,
ਭੂਲ ਬਿਪਤ ਕੇ ਪਰੇ, ਪੈ ਦੁਆਰੇ ਮਿਤ੍ਰ ਕੇ ਨ ਜਾਈਏ।

ਘਰ ਵਿਚ ਹਰ ਪਾਸੇ ਗ਼ਰੀਬੀ ਦੇ ਬੁੱਤ ਨਜ਼ਰ ਆਉਂਦਿਆਂ ਵੀ ਆਪਣੇ ਸਿਦਕੋਂ ਨਾ ਡੋਲਣਾ ਤੇ ਪ੍ਰੇਮ ਦੇ ਪੰਧ ਨੂੰ ਨਾ ਤਿਆਗਣਾ ਬੜੀ ਵੱਡੀ ਕੁਰਬਾਨੀ ਹੈ, ਜੋ ਸੁਦਾਮੇ ਨੇ ਅਮਲੀ ਤੌਰ 'ਤੇ ਕਰ ਕੇ ਦੱਸੀ ਹੈ। ਸੋ ਪ੍ਰੇਮਾ-ਭਗਤੀ ਦੇ ਪੁਜਾਰੀਆਂ ਨੇ ਸਿਰ ਦੀ ਬਾਜ਼ੀ ਲਾ ਕੇ ਇਸ ਨੂੰ ਖੇਡਿਆ ਹੈ। ਇਸ ਰਸਤੇ ਦੇ ਰਾਹੀਆਂ ਵਿਚੋਂ ਭਗਤ ਨਾਮਦੇਵ ਜੀ ਵੀ ਬੜੇ ਉੱਘੇ ਤੇ ਮੰਨੇ-ਪ੍ਰਮੰਨੇ ਰਾਹੀ ਹੋਏ ਹਨ, ਜਿਨ੍ਹਾਂ ਦੇ ਬਾਰੇ ਕਈ ਗੱਲਾਂ ਬੜੀਆਂ ਅਲੌਕਿਕ ਵੀ ਆਉਂਦੀਆਂ ਹਨ; ਤੇ ਭਗਤ ਜੀ ਭਗਤੀ ਵਿਚ ਬੜੇ ਵਚਿੱਤਰ ਮੰਨੇ ਜਾਂਦੇ ਨੇ। ਕਈ ਦਿਨ ਸਮਾਧੀ ਵਿਚ ਲੀਨ ਰਹਿਣਾ ਤੇ ਖਾਣ-ਪੀਣ ਅਤੇ ਘਰ-ਘਾਟ ਦੀ ਵੀ ਕੋਈ ਪਰਵਾਹ ਨਾ ਕਰਨੀ। ਕਿਸੇ ਅਣਡਿੱਠੇ ਦੀ ਢੂੰਡ ਵਿਚ ਲੀਨ ਰਹਿ ਕੇ ਜੰਗਲੀਂ ਵਾਸਾ ਕਰਨਾ ਤੇ ਅਲਬੇਲੀ ਹਾਲਤ ਵਿਚ ਝੂਮਦੇ ਫਿਰਨਾ, ਇਹ ਉਨ੍ਹਾਂ ਦੇ ਸੁਭਾਅ ਵਿਚ ਆ ਗਿਆ ਸੀ। ਲਗਨ ਏਨੀ ਪੱਕੀ ਸੀ ਕਿ ਕਿਸੇ ਦੇ ਤੋੜਿਆਂ ਵੀ ਨਹੀਂ ਟੁੱਟਦੀ ਸੀ। ਏਥੋਂ ਤਕ ਕਿ ਆਪ ਦੀਆਂ ਮੁਸ਼ਕਾਂ ਬੰਨ੍ਹ ਕੇ ਹਾਥੀ ਅੱਗੇ ਪਾ ਦਿੱਤਾ ਗਿਆ ਤੇ ਹਾਥੀ ਨੂੰ ਸ਼ਰਾਬ ਪਿਲਾ ਕੇ ਮਸਤ ਕਰ ਕੇ ਨਾਮਦੇਵ ਵੱਲ ਛਡ ਦਿੱਤਾ ਤਾਕਿ ਨਾਮਦੇਵ ਦੀ ਹੱਡੀ ਹੱਡੀ ਕੜਕਾ ਕੇ, ਖਾ ਪੀ ਕੇ ਨਾਮਦੇਵ ਨੂੰ ਹਸਤੀਓਂ ਹੀ ਮਿਟਾ ਦੇਵੇ। ਪਰ ਇਕ ਨਾਮਦੇਵ ਹੈ ਕਿ ਆਪਣੀ ਧੁਨ ਤੇ ਲਗਨ ਵਿਚ ਹੈ। ਭਾਵੇਂ ਉਨ੍ਹਾਂ ਦੀ ਮਾਂ ਨੇ ਪੁਕਾਰ ਕੇ ਆਖਿਆ ਸੀ ਕਿ ਬੱਚਾ ਨਾਮਦੇਵ, ਬਾਦਸ਼ਾਹ ਦਾ ਆਖਿਆ ਮੰਨ ਕੇ, ਖ਼ੁਦਾ ਖ਼ੁਦਾ ਕਹਿ ਕੇ ਆਪਣੀ ਜਾਨ ਬਚਾ ਲੈ, ਤਾਕਿ ਤੱਤੀ ਮਾਂ ਦੀਆਂ ਆਂਦਰਾਂ ਨਾ ਕਲਪਣ, ਤੇ ਮੇਰੀਆਂ ਅੱਖਾਂ ਦੀ ਲੋਅ ਨਾ ਬੁਝੇ। ਪਰ ਆਪਣੀ ਲਗਨ ਦੇ ਪੱਕੇ ਨਾਮਦੇਵ ਨੇ, ਆਪਣੀ ਮਾਂ ਨੂੰ ਚਿੱਟਾ ਜਵਾਬ ਦਿੱਤਾ ਸੀ ਕਿ ਜੇ ਤੂੰ ਮੈਨੂੰ ਆਪਣੇ ਰਾਹ ਤੋਂ ਹਟਾ ਕੇ ਕੁਰਾਹੇ ਪਾਉਣਾ ਹੈ ਤਾਂ ਨਾ ਤੂੰ ਮੇਰੀ ਮਾਂ ਹੈਂ ਤੇ ਨਾ ਹੀ ਮੈਂ ਤੇਰਾ ਪੁੱਤਰ ਹਾਂ। ਹੋਰ ਵੀ ਅਨੇਕ ਪ੍ਰਕਾਰ ਦੇ ਕਸ਼ਟ-ਕਲੇਸ਼ ਤੇ ਦੁਖ-ਤਕਲੀਫ਼ਾਂ ਸਹਾਰ ਕੇ ਵੀ ਆਪਣੀ ਧੁਨ ਵਿਚ ਲੱਗੇ ਰਹਿਣਾ, ਪ੍ਰੇਮਾ-ਭਗਤੀ ਦੀ ਜੀਊਂਦੀ ਜਾਗਦੀ ਤਸਵੀਰ ਪੇਸ਼ ਕਰਨ ਦੇ ਬਰਾਬਰ ਹੈ। ਪਰ ਕੀ ਏਨਾ ਕੁਛ ਹੋ ਚੁਕਣ 'ਤੇ ਅਸੀਂ ਆਪਣੇ ਫ਼ਰਜ਼ ਨੂੰ ਪੂਰਾ ਕਰ ਲਿਆ ਹੈ ? ਕੀ ਅਸੀਂ ਸੱਚੀਂ ਮੁੱਚੀਂ ਅਸਲੀ ਨਿਸ਼ਾਨੇ 'ਤੇ ਪੁੱਜ ਗਏ ? ਕੀ ਸਾਡਾ ਏਹੋ ਹੀ ਮਕਸਦ ਸੀ ? ਇਨ੍ਹਾਂ ਸਵਾਲਾਂ ਦਾ ਉੱਤਰ ਅਗਲੇ ਪੰਨਿਆਂ 'ਤੇ ਲਿਖਾਂਗੇ। ਪਰ ਪਹਿਲੇ ਪ੍ਰੇਮਾ-ਭਗਤੀ ਬਾਰੇ ਕੁਝ ਹੋਰ ਲਿਖਣਾ ਚੰਗਾ ਰਹੇਗਾ ਤਾਕਿ ਪ੍ਰਕਰਣ ਸਾਫ਼ ਹੋ ਜਾਏ।

ਨਾਮਦੇਵ ਜੀ ਦੀ ਪ੍ਰੇਮਾ-ਭਗਤੀ ਦਾ ਜ਼ਿਕਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੜੇ ਵਿਸਥਾਰ ਨਾਲ ਆਉਂਦਾ ਹੈ, ਤੇ ਕਈਆਂ ਰੰਗਾਂ ਵਿਚ ਰੰਗਿਆ ਹੋਇਆ ਵੀ ਹੈ, ਜਿਸ ਨੂੰ ਪੜ੍ਹਨ-ਸੁਣਨ ਵਾਲੇ ਪ੍ਰੇਮ-ਰਸ ਦੇ ਹੁਲਾਰੇ ਮਾਣਦੇ ਹਨ ਤੇ ਸੁਖ ਅਨੁਭਵ

ਕਰਦੇ ਨੇ। ਪੜ੍ਹਨ-ਸੁਣਨ ਵਾਲਿਆਂ 'ਤੇ ਵੀ ਮਸਤੀ ਤਾਰੀ ਹੋ ਜਾਂਦੀ ਹੈ, ਕਿਉਂਕਿ ਇਕ ਰਸਕ ਬੈਰਾਗੀ, ਰਸੀਏ ਦੇ ਪਿਆਰ-ਗੜੁੱਚੇ ਵਾਕ ਬਦੋ ਬਦੀ ਮਨ ਦੀਆਂ ਉਡਾਰੀਆਂ 'ਤੇ ਕਾਬੂ ਪਾ ਕੇ, ਆਪਣੇ ਰੰਗ ਵਿਚ ਰੰਗ ਲੈਂਦੇ ਨੇ। ਉਨ੍ਹਾਂ ਬਚਨਾਂ ਵਿਚੋਂ ਕੁਝ ਕੁ ਅੰਮ੍ਰਿਤ ਬਚਨ ਇਸ ਪ੍ਰਕਾਰ ਹਨ:

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ ਬੂਝੈ ਕੋਈ॥

(ਆਸਾ ਨਾਮਦੇਵ ਜੀ, ਪੰਨਾ ੪੮੫)

ਨਾਮਦੇਵ ਜੀ ਆਪਣੀ ਧੁਨ ਵਿਚ ਮਸਤ ਝੂਮਦੇ ਹੋਏ ਕੇਹਾ ਸੁੰਦਰ ਤੇ ਸ੍ਰੇਸ਼ਟ ਵਲਵਲਾ ਦਰਸਾਉਂਦੇ ਨੇ, ਕਿ ਇਕੋ ਈ ਪਿਆਰਾ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ। ਜਿਥੇ ਵੀ ਦੇਖੀਏ ਇਕੋ ਈ ਨਜ਼ਰ ਆਉਂਦਾ ਏ। ਮਾਇਆ ਦੇ ਚਿੱਤ੍ਰਾਂ ਨੂੰ ਚਿਤ੍ਰ ਕੇ, ਬਚਿਤ੍ਰਤਾ ਦੱਸਦਾ ਹੈ, ਜਿਸਨੂੰ ਕਿ ਕੋਈ ਵਿਰਲਾ ਈ ਸਮਝ-ਬੁੱਝ ਸਕਦਾ ਹੈ। ਕੋਈ ਸਿਆਣੀ ਤੇ ਸਮਝਦਾਰ ਅੱਖ ਉਸ ਨੂੰ ਦੇਖਣ ਵਿਚ ਸਫਲ ਹੁੰਦੀ ਏ। ਕੋਈ ਸਾਫ਼ ਸ਼ੀਸ਼ੇ ਵਾਲਾ ਹੀ ਉਸਦੀ ਝਲਕ ਨੂੰ ਦੇਖਣ ਤਕ ਪੁਜਦਾ ਏ। ਇਹ ਹੈ ਨਾਮਦੇਵ ਜੀ ਦੀ ਧੁਨ, ਜਿਸ ਵਿਚ ਖੀਵੇ ਹੋ ਕੇ ਇਉਂ ਆਖਦੇ ਚਲੇ ਜਾ ਰਹੇ ਹਨ ਕਿ:

ਬੇਦ ਪੁਰਾਨ ਸਾਸਤ੍ਰ ਆਨੰਤਾ, ਗੀਤ ਕਬਿਤ ਨ ਗਾਵਉਗੋ॥
ਅਖੰਡ ਮੰਡਲ ਨਿਰੰਕਾਰ ਮਹਿ, ਅਨਹਦ ਬੇਨੁ ਬਜਾਵਉਗੋ॥੧॥
ਬੈਰਾਗੀ ਰਾਮਹਿ ਗਾਵਉਗੋ॥
ਸਬਦਿ ਅਤੀਤ ਅਨਾਹਦਿ ਰਾਤਾ, ਆਕੁਲ ਕੈ ਘਰਿ ਜਾਉਗੋ॥੧॥ਰਹਾਉ॥
ਇੜਾ ਪਿੰਗੁਲਾ ਅਉਰੁ ਸੁਖਮਨਾ, ਪਉਨੈ ਬੰਧਿ ਰਹਾਉਗੋ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ, ਬ੍ਰਹਮ ਜੋਤਿ ਮਿਲਿ ਜਾਉਗੋ॥੨॥
ਤੀਰਥ ਦੇਖਿ ਨ ਜਲ ਮਹਿ ਪੈਸਉ, ਜੀਅ ਜੰਤ ਨ ਸਤਾਵਉਗੋ॥
ਅਠ ਸਠਿ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰਿ ਨ੍ਹਾਉਗੋ॥੩॥
ਪੰਚ ਸਹਾਈ ਜਨ ਕੀ ਸੋਭਾ, ਭਲੋ ਭਲੋ ਨ ਕਹਾਵਉਗੋ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ, ਸੁੰਨ ਸਮਾਧਿ ਸਮਾਉਗੋ॥੪॥

(ਰਾਮਕਲੀ ਨਾਮਦੇਵ, ਪੰਨਾ ੯੭੨)

ਉਪਰਲੇ ਅੰਮ੍ਰਿਤ ਬਚਨ ਵਿਚ, ਨਾਮਦੇਵ ਦੀ ਧੁਨ ਦੀ ਦ੍ਰਿੜ੍ਹਤਾ, ਬਦੋ ਬਦੀ ਲਿਸ਼ਕਾਰੇ ਮਾਰਦੀ ਏ, ਚਮਕੀਲੀਆਂ ਚਮਕਾਂ ਨੂੰ ਵੀ ਚਕਾ-ਚੌਂਧ ਕਰ ਰਹੀ ਹੈ। ਜਦ ਕਿ ਆਪ ਆਖਦੇ ਨੇ ਭਈ ਬੇਦ, ਪੁਰਾਣ ਤੇ ਸ਼ਾਸਤਰ ਬੇਅੰਤ ਹਨ, ਅਤੇ ਗੀਤ, ਕਬਿਤ ਵੀ ਬੇ-ਸ਼ੁਮਾਰ ਹਨ, ਪਰ ਮੈਂ ਕਿਸੇ ਨੂੰ ਵੀ ਨਹੀਂ ਗਾਵਾਂਗਾ। ਮੈਂ ਤਾਂ ਉਸ 'ਅਖੰਡ' ਨਾ ਨਾਸ ਹੋਣ ਵਾਲੇ ਨਿਰੰਕਾਰ ਨੂੰ ਹੀ ਗਾਵਾਂਗਾ, ਤੇ ਓਸੇ ਦੇ ਨਾਂ ਦੀ ਬੀਨ ਵਜਾਵਾਂਗਾ। ਬੈਰਾਗੀ ਹੋ ਕੇ ਓਸ ਰਾਮ ਨੂੰ ਹੀ ਗਾਉਂਦਾ ਫਿਰਾਂਗਾ। ਸ਼ਬਦ ਦੁਆਰਾ ਅਤੀਤ ਹੋ ਕੇ ਜਾਤ-ਪਾਤ ਤੋਂ ਰਹਿਤ ਵਾਹਿਗੁਰੂ ਦੇ ਘਰ ਚਲੇ ਜਾਵਾਂਗਾ। ਇੜਾ, ਪਿੰਗੁਲਾ ਤੇ ਸੁਖਮਨਾ ਅਵਸਥਾ ਤੋਂ ਉਚਾ ਹੋ ਕੇ, ਪਵਨ ਨੂੰ ਰੋਕ ਕੇ, ਇਸ ਵਿਚ ਟਿਕ ਜਾਵਾਂਗਾ। ਸੂਰਜ, ਚੰਦ ਭਾਵ ਸੱਜੀ, ਖੱਬੀ ਨਾਸਕਾ ਨੂੰ ਸਮਾਨ ਕਰ ਕੇ ਬ੍ਰਹਮ ਜੋਤਿ ਵਿਚ ਲੀਨ ਹੋ ਜਾਵਾਂਗਾ। ਤੀਰਥਾਂ 'ਤੇ ਜਾ ਕੇ ਪਾਣੀ ਵਿਚ ਨਹੀਂ ਨ੍ਹਾਵਾਂਗਾ,

ਤਾਕਿ ਪਾਣੀ ਦੇ ਜੀਅ-ਜੰਤ ਦੁਖੀ ਨਾ ਹੋ ਜਾਣ। ਮੈਨੂੰ ਅਠਾਹਠ ਤੀਰਥ ਗੁਰੂ ਜੀ ਨੇ ਮੇਰੇ ਅੰਦਰ ਹੀ ਦੱਸ ਦਿੱਤੇ ਨੇ, ਇਸ ਲਈ ਮੈਂ ਹੁਣ ਅੰਦਰਲੇ ਤੀਰਥ ਵਿਚ ਹੀ ਇਸ਼ਨਾਨ ਕਰਾਂਗਾ। ਸੰਸਾਰ ਦੇ ਵੱਡਿਆਂ ਲੋਕਾਂ ਵਿਚ ਗਿਣਤੀ ਗਿਣਵਾ ਕੇ, ਆਪਣੇ ਆਪ ਨੂੰ ਭਲਾ ਭਲਾ ਵੀ ਨਹੀਂ ਸਦਵਾਵਾਂਗਾ, ਕਿਉਂਕਿ ਸੰਸਾਰੀ ਪ੍ਰਭੁਤਾ ਵੀ ਐਵੇਂ ਚਾਰ ਦਿਨਾਂ ਦੀ ਬਾਲ ਲੀਲ੍ਹਾ ਵਾਂਗ ਹੀ ਹੈ। ਮੇਰਾ ਚਿੱਤ ਪਿਆਰੇ ਪ੍ਰੀਤਮ ਨਾਲ ਪੱਕਾ ਹੋ ਕੇ ਲਗ ਗਿਆ ਹੈ, ਇਸ ਲਈ ਮੈਂ ਹੁਣ ਉਸ 'ਸੁੰਨ' ਧੁਨੀ ਅਫ਼ੁਰ ਤੇ ਅਹਿਲ ਜੋਤਿ ਵਿਚ ਹੀ ਸਮਾਵਾਂਗਾ।

ਉਪਰਲੀਆਂ ਸਤਰਾਂ ਤੋਂ ਪਤਾ ਲੱਗਦਾ ਹੈ ਕਿ ਨਾਮਦੇਵ ਜੀ ਆਪਣੀ ਲਗਨ ਵਿਚ ਇਤਨੇ ਘੁਲ-ਮਿਲ ਗਏ ਹਨ ਕਿ ਬੇਦ ਪੁਰਾਣਾਂ ਤੋਂ ਉੱਚੇ ਹੋ ਗਏ ਹਨ। ਏਥੋਂ ਤਕ ਕਿ ਹੁਣ ਉਨ੍ਹਾਂ ਨੂੰ ਪਾਣੀ ਵਿਚ ਨਹਾਉਣਾ ਇਸ ਕਰਕੇ ਚੰਗਾ ਨਹੀਂ ਲੱਗਦਾ, ਭਈ ਕਿਤੇ ਪਾਣੀ ਦੇ ਜੀਆਂ ਨੂੰ ਤਕਲੀਫ਼ ਨਾ ਹੋਵੇ। ਇੜਾ, ਪਿੰਗੁਲਾ ਤੇ ਸੁਖਮਨਾ ਦੀ ਕੈਦ ਵਿਚੋਂ ਆਜ਼ਾਦ ਹੋ ਕੇ ਸੂਰਜ, ਚੰਦ 'ਤੇ ਕਾਬੂ ਪਾ ਕੇ ਅਨਹਦ ਬੀਨ ਵਜਾ ਕੇ ਮਸਤ ਹੋਏ ਹੋਏ ਸੰਸਾਰ ਦੀ ਵਡਿਆਈ ਦੀ ਵੀ ਕੋਈ ਲੋੜ ਨਹੀਂ ਰੱਖਦੇ। ਬੇਨਵਾਈ ਦੀ ਹੱਦ 'ਤੇ ਜਾ ਖਲੋਤੇ ਹਨ ਤੇ ਬੇਨਿਆਜ਼ ਹੋ ਕੇ ਨਾਜ਼ੋ ਨਿਆਜ਼ ਨੂੰ ਖ਼ੈਰਬਾਦ ਆਖ ਬੈਠੇ ਹਨ। ਇਸ ਪ੍ਰੇਮਾ-ਭਗਤੀ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਾਫ਼ੀ ਲਿਖਿਆ ਗਿਆ ਹੈ, ਜਿਸ ਵਿਚੋਂ ਕੁਝ ਕੁ ਪ੍ਰਮਾਣ ਪਾਠਕਾਂ ਲਈ ਇਸ ਤਰ੍ਹਾਂ ਹਨ :

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ,
ਅਗਨਿ ਦਹੈ ਕਾਇਆ ਕਲਪੁ ਕੀਜੈ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ,
ਰਾਮਨਾਮ ਸਰਿ ਤਊ ਨ ਪੂਜੈ॥੧॥
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ਰਹਾਉ॥
ਗੰਗਾ ਜਉ ਗੋਦਾਵਰਿ ਜਾਈਐ,
ਕੁੰਭਿ ਜਉ ਕੇਦਾਰ ਨ੍ਹਾਈਐ, ਗੋਮਤੀ ਸਹਸ ਗਊ ਦਾਨੁ ਕੀਜੈ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ,
ਰਾਮਨਾਮ ਸਰਿ ਤਊ ਨ ਪੂਜੈ॥੨॥
ਅਸੁ ਦਾਨ ਗਜਦਾਨ, ਸਿਹਜਾ ਨਾਰੀ ਭੂਮਿ ਦਾਨ,
ਐਸੋ ਦਾਨੁ ਨਿਤ ਨਿਤਹਿ ਕੀਜੈ॥
ਆਤਮ ਜਉ ਨਿਰਮਾਇਲੁ ਕੀਜੈ, ਆਪ ਬਰਾਬਰਿ ਕੰਚਨੁ ਦੀਜੈ,
ਰਾਮਨਾਮ ਸਰਿ ਤਊ ਨ ਪੂਜੈ॥੩॥
ਮਨਹਿ ਨ ਕੀਜੈ ਰੋਸੁ, ਜਮਹਿ ਨ ਦੀਜੈ ਦੋਸ,
ਨਿਰਮਲ ਨਿਰਬਾਣ ਪਦੁ ਚੀਨਿ੍ ਲੀਜੈ॥
ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ
ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥ *(ਰਾਮਕਲੀ ਨਾਮਦੇਵ, ਪੰਨਾ ੯੭੩)*

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਕੱਢ ਲੈਂਦੇ ਹਾਂ, ਉਹ ਹਿੱਸਾ ਫੇਰ ਭੁਲਾ ਦਿੰਦੇ ਹਾਂ। ਇਉਂ ਪ੍ਰਤੀਤ ਹੁੰਦਾ ਏ ਕਿ ਖ਼ੁਦਗ਼ਰਜ਼ਾਂ ਨੇ ਆਪਣੀਆਂ ਖ਼ੁਦਗ਼ਰਜ਼ੀਆਂ ਪੂਰੀਆਂ ਕਰਨ ਲਈ, ਉਹ ਹਿੱਸਾ ਲੁਕਾ ਕੇ ਰਖਿਆ ਹੋਇਆ ਹੈ। ਇਸ ਲੁਕਾ ਕੇ ਰਖੇ ਹੋਏ ਹਿੱਸੇ ਦਾ ਪ੍ਰਚਾਰ, ਸਭ ਤੋਂ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਰੰਭ ਕੀਤਾ ਸੀ। ਪਰ ਸ਼ੋਕ ਕਿ ਬੀਤ ਰਹੇ ਸਮੇਂ ਵਿਚ ਉਸਦੇ ਮੰਨਣ ਵਾਲਿਆਂ ਨੇ ਵੀ ਇਸ ਪਾਸੇ ਧਿਆਨ ਦੇਣਾ ਉੱਕਾ ਛੱਡ ਦਿੱਤਾ ਏ। ਇਹ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਏ ਕਿ ਜਿੰਨਾ ਚਿਰ ਉਹ ਲੁਕਵਾਂ ਤੇ ਜ਼ਰੂਰੀ ਹਿੱਸਾ ਆਮ ਆਦਮੀਆਂ ਦੇ ਦਿਲ ਦਿਮਾਗ਼ ਵਿਚ ਪੂਰੀ ਤਰ੍ਹਾਂ ਨਹੀਂ ਬੈਠ ਜਾਂਦਾ, ਓਨਾ ਚਿਰ ਪ੍ਰੇਮਾ-ਭਗਤੀ ਲੰਗੜੀ ਹੈ ਤੇ ਅਮਨ ਖ਼ਤਰੇ ਤੋਂ ਖ਼ਾਲੀ ਨਹੀਂ। ਓਨਾ ਚਿਰ ਅਸ਼ਾਂਤੀ ਸ਼ਾਂਤੀ ਵਿਚ ਨਹੀਂ ਬਦਲ ਸਕਦੀ ਤੇ ਮਨੁੱਖਤਾ ਦੇ ਰਿਸ਼ਤੇ ਦੀਆਂ ਗੰਢਾਂ ਪੱਕੀਆਂ ਨਹੀਂ ਹੋ ਸਕਦੀਆਂ। ਉਸ ਹਿੱਸੇ ਦਾ ਨਾਂ ਹੈ 'ਰਚਨਾ' ਦੀ ਭਗਤੀ; ਉਸ ਰਚਨਾ ਦੀ ਭਗਤੀ, ਜੋ ਰਚਣਹਾਰ ਨੇ ਰਚੀ ਏ। ਤੇ ਪਤਾ ਨਹੀਂ ਕਿੰਨੇ ਚਾਅ ਨਾਲ ਰਚੀ ਏ, ਕਿਸ ਵਲਵਲੇ ਨਾਲ ਰਚੀ ਏ ਤੇ ਕਿਨ੍ਹਾਂ ਸੱਧਰਾਂ ਨਾਲ ਰਚੀ ਏ, ਇਨ੍ਹਾਂ ਗੱਲਾਂ ਨੂੰ ਉਹ ਆਪ ਹੀ ਜਾਣੇ, ਅਸਾਂ ਤਾਂ ਉਸਦੀ ਰਚੀ ਹੋਈ ਰਚਨਾ ਜਾਣ ਕੇ, ਇਸ ਦੀ ਭਗਤੀ ਕਰਨੀ ਏ। ਪਹਿਲਾਂ ਤਾਂ ਉਸਦੀ ਰਚਨਾ ਨੂੰ, ਸਿਆਣੀਆਂ ਅੱਖਾਂ ਨਾਲ ਦੇਖੀਏ ਤਾਂ ਬਦੋ-ਬਦੀ ਅਸ਼ ਅਸ਼ ਕਰ ਉਠੀਦਾ ਏ। ਕਿੰਨਾ ਭੋਲਾ ਬਣਾਇਆ ਕਬੂਤਰ, ਤੇ ਕਿੰਨੀ ਸਾਧਾਰਨ ਬਣਾਈ ਘੁੱਗੀ! ਕਿੰਨਾ ਸੁੰਦਰ ਰਚਿਆ ਤੋਤਾ ਤੇ ਕਿੰਨੀ ਸੁਰੀਲੀ ਸਾਜੀ ਕੋਇਲ! ਕਿੰਨੀ ਲਗਨ ਲਾਈ ਚਕਵੀ ਨੂੰ ਤੇ ਕਿੰਨਾ ਜੁੜਨਾ ਸਿਖਾਇਆ ਚਕੋਰ ਨੂੰ! ਕਿੰਨੇ ਸੁੰਦਰ, ਚਮਕੀਲੇ ਅਤੇ ਚਿਤਰੇ ਹੋਏ ਪਰ ਦਿੱਤੇ ਹਨ ਮੋਰ ਨੂੰ! ਕਿੰਨਾ ਚੁਸਤ ਬਣਾਇਆ ਸਹਿਆ ਤੇ ਕਿੰਨਾ ਸਾਦਾ ਸਵਾਰਿਆ ਹੈ ਹਰਨ ਨੂੰ! ਕਿਸ ਤਰ੍ਹਾਂ ਦਾ ਸੋਹਣਾ ਸ਼ਿੰਗਾਰ ਦਿੱਤਾ ਹੈ ਬਾਰਾਂ ਸਿੰਗੇ ਨੂੰ ਤੇ ਕਿਤਨੀ ਮਸਤ ਚਾਲ ਦਿੱਤੀ ਹੈ ਹਾਥੀ ਨੂੰ! ਜੰਗਲ ਦੀ ਵਸੋਂ ਵੱਲ ਵੇਖਣ ਤੋਂ ਪਤਾ ਲਗਦਾ ਏ, ਭਈ ਕਿਤੇ ਨੀਲੇ ਤੇ ਗੋਹਾਂ ਦੌੜੀਆਂ ਫਿਰਦੀਆਂ ਨੇ। ਕਿਤੇ ਸ਼ੇਰ ਤੇ ਚੀਤੇ ਚਿੰਘਾੜਦੇ ਖ਼ੁਸ਼ੀਆਂ ਮਨਾਉਂਦੇ ਫਿਰ ਰਹੇ ਹਨ। ਪਰ ਰਚਨਾ ਨੂੰ ਨਾ ਦੇਖਣ ਵਾਲਾ ਭੁੱਲੜ ਆਦਮੀ ਆਪਣੀ ਦੁਨਾਲੀ ਨਾਲ ਅਨਭੋਲ ਜੀਵਾਂ ਦਾ ਜਾ ਸ਼ਿਕਾਰ ਕਰਦਾ ਏ, ਕਲੋਲ ਕਰਦਿਆਂ ਬੇ-ਗੁਨਾਹਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਏ। ਕੀ ਇਹ ਪ੍ਰੇਮਾ-ਭਗਤੀ ਦੇ ਉਲਟ ਨਹੀਂ ? ਇਸ ਤੋਂ ਅਗੇ ਚਲੀਏ ਤਾਂ ਪਤਾ ਲਗਦਾ ਏ ਕਿ ਮਨੁੱਖ ਆਪਣੇ ਵਰਗੇ ਮਨੁੱਖ ਨਾਲ, ਜੋ ਕਿ ਵਾਸਤਵ ਵਿਚ ਇਸ ਦਾ ਭਰਾ ਲਗਦਾ ਏ, ਉਸ ਨਾਲ ਵੈਰ ਰਖਦਾ ਏ। ਏਥੋਂ ਤਕ ਕਿ ਇਕ ਦੂਜੇ ਦੇ ਖ਼ੂਨ ਦਾ ਪਿਆਸਾ ਹੈ। ਜਿਸ ਦੀ ਪੂਜਾ ਕਰਦਾ ਏ, ਉਸ ਦੀ ਰਚਨਾ ਦਾ ਵੈਰੀ ਏ। ਰਚਨਾ ਨੂੰ ਵਿਲੂੰਧਰਦਾ ਏ, ਮਧੋਲਦਾ ਏ, ਰਚਨਾ ਦਾ ਕਚੂੰਬਰ ਕੱਢਦਾ ਏ। ਮਨੁੱਖ ਏਨਾ ਹਨੇਰੇ ਵਿਚ ਚਲਾ ਗਿਆ ਹੈ ਕਿ ਇਸ ਨੂੰ ਇਹ ਪਤਾ ਹੀ ਨਹੀਂ ਰਿਹਾ ਕਿ ਬਾਕੀ ਦੇ ਮਨੁੱਖ, ਮਨੁੱਖਪੁਣੇ ਦੇ ਲਿਹਾਜ਼ ਨਾਲ ਮੇਰੇ ਭਰਾ ਹਨ। ਧਰਮਾਂ ਦਾ ਵਖੇਵਾਂ ਤੇ ਧਰਮਾਂ ਵਿਚੋਂ ਅਗੇ ਸੰਪ੍ਰਦਾਵਾਂ ਦਾ ਵਖੇਵਾਂ, ਅਤੇ ਸੰਪ੍ਰਦਾਵਾਂ ਵਿਚੋਂ ਅਗੇ ਹੋਰ ਨਿੱਕੇ ਨਿੱਕੇ ਗਰੁੱਪਾਂ ਦਾ ਵਖੇਵਾਂ, ਜਿਸ ਨੇ ਮਨੁੱਖ ਦੇ ਅੰਦਰ ਮਨੁੱਖ ਦਾ ਪਿਆਰ ਨਹੀਂ ਰਹਿਣ ਦਿਤਾ, ਸਗੋਂ ਇਕ ਦੂਜੇ ਦਾ ਵੈਰੀ ਬਣਾ

ਦਿੱਤਾ ਏ, ਜਿਸ ਕਰਕੇ ਮਨੁੱਖ ਨੇ ਮਨੁੱਖ ਨੂੰ ਵੱਢਿਆ, ਟੁਕਿਆ, ਟੋਟੇ ਕੀਤੇ, ਟੁਕੜੇ ਕੀਤੇ, ਬੰਦ ਬੰਦ ਕੀਤੇ, ਖ਼ੂਨ ਡੋਲ੍ਹਿਆ ਤੇ ਆਪਣੇ ਭਰਾ ਦੀਆਂ ਬੋਟੀਆਂ ਕੁੱਤਿਆਂ ਨੂੰ ਖਵਾਲ ਕੇ ਡੀਂਗ ਮਾਰੀ ਕਿ ਮੈਂ ਪ੍ਰਭੂ ਦਾ ਪੁਜਾਰੀ ਹਾਂ, ਮੈਂ ਪ੍ਰੇਮਾ-ਭਗਤੀ ਕਰਨ ਵਾਲਾ ਭਗਤ ਹਾਂ। ਰਚਣਹਾਰ ਦੀ ਰਚਨਾ ਦਾ ਲਹੂ ਪੀ ਕੇ, ਕਰਤੇ ਦੀਆਂ ਕੀਤੀਆਂ ਪੁਤਲੀਆਂ ਨੂੰ ਢਾਹ ਢੇਰੀ ਕਰ ਕੇ, ਨਰਮ ਨਰਮ ਬੁਲ੍ਹੀਆਂ 'ਤੇ ਚਾਕੂ ਚਲਾ ਕੇ, ਸੀਨੇ ਦੇ ਅਰਮਾਨਾਂ ਨੂੰ ਕਹਿਰ ਦੀ ਅੱਗ ਵਿਚ ਸਾੜ ਕੇ ਸ਼ੇਖ਼ੀ ਮਾਰੀ ਕਿ ਮੈਂ ਪ੍ਰੇਮੀ-ਭਗਤ ਹਾਂ। ਜਿਹੜਾ ਆਦਮੀ ਕਿਸੇ ਬਾਪ ਦੇ ਪੰਜ ਪੁੱਤ ਕਤਲ ਕਰ ਦਏ ਉਹ ਆਦਮੀ ਉਸ ਬਾਪ ਦੀਆਂ ਅਸੀਸਾਂ ਦਾ ਹੱਕਦਾਰ ਕਿਵੇਂ ਬਣ ਸਕਦਾ ਏ, ਉਸ ਦੀਆਂ ਸ਼ੁਭ-ਇਛਾਵਾਂ ਦਾ ਪਾਤ੍ਰ ਕਿਸ ਤਰ੍ਹਾਂ ਹੋ ਸਕਦਾ ਏ ? ਕਾਤਲ ਨੂੰ ਉਸ ਬਾਪ ਦੀਆਂ ਬਦ-ਦੁਆਵਾਂ ਸੁਣਨੀਆਂ ਪੈਣਗੀਆਂ। ਉਸ ਬਾਪ ਦੇ ਹੌਕਿਆਂ ਦੀ ਅੱਗ ਨਾਲ ਭਸਮ ਹੋਣਾ ਪਏਗਾ। ਏਸੇ ਤਰ੍ਹਾਂ ਜੋ ਆਦਮੀ ਰਚਣਹਾਰ ਦੀ ਰਚਨਾ ਦਾ ਖ਼ੂਨ ਕਰਦਾ ਏ, ਕਰਤੇ ਦੇ ਕੀਤੇ ਹੋਏ ਬੰਦਿਆਂ ਨੂੰ ਕਤਲ ਕਰਦਾ ਏ, ਉਹ ਕਰਤੇ ਦੀਆਂ ਖ਼ੁਸ਼ੀਆਂ ਦਾ ਹੱਕਦਾਰ ਕਦੇ ਸੁਪਨੇ ਵਿਚ ਵੀ ਨਹੀਂ ਬਣ ਸਕਦਾ। ਜਿਸ ਤਰ੍ਹਾਂ ਘੁਮਿਆਰ ਭਾਂਡੇ ਘੜਨ ਲੱਗਾ, ਸਾਰੀ ਪ੍ਰੀਤ ਤੇ ਰੀਝ ਉਹਨਾਂ ਵਿਚ ਭਰ ਦਿੰਦਾ ਏ, ਆਪਣੇ ਦਿਲ ਦੇ ਪੜਦਿਆਂ ਵਿਚ ਢੱਕੇ ਹੋਏ ਪ੍ਰੇਮ ਨੂੰ ਮੂਰਤੀਮਾਨ ਕਰਨ ਲਗਿਆਂ, ਬਰਤਨਾਂ ਦੀ ਸ਼ਕਲ ਦਿੰਦਾ ਏ; ਯਾਨੀ ਘੁਮਿਆਰ ਦੇ ਘੜੇ ਹੋਏ ਭਾਂਡੇ ਵਾਸਤਵ ਵਿਚ ਉਸ ਦੇ ਅੰਦਰ ਦੇ ਲੁਕੇ ਹੋਏ ਪ੍ਰੇਮ ਦੇ ਵਲਵਲੇ ਹਨ। ਪਰ ਜਦੋਂ ਕੋਈ ਭੁੱਲੜ ਮਨੁੱਖ ਉਹਨਾਂ ਬਰਤਨਾਂ ਨੂੰ ਭੰਨ ਤੋੜ ਕੇ ਚਕਨਾਚੂਰ ਕਰਦਾ ਏ, ਉਹ ਨਹੀਂ ਸਮਝਦਾ ਕਿ ਮੈਂ ਘੁਮਿਆਰ ਦੇ ਵਲਵਲਿਆਂ ਨੂੰ ਚਕਨਾਚੂਰ ਕਰ ਰਿਹਾ ਹਾਂ, ਉਹ ਨਹੀਂ ਜਾਣਦਾ ਕਿ ਇਨ੍ਹਾਂ ਦੇ ਕਰਨਹਾਰ ਦੇ ਦਿਲ 'ਤੇ ਕੀ ਗੁਜ਼ਰ ਰਹੀ ਏ। ਪਰ ਦੂਜੇ ਪਾਸੇ ਘੁਮਿਆਰ ਦੇ ਮਨ ਨੂੰ ਦੇਖੋ ਕਿ ਕਿਸ ਤਰ੍ਹਾਂ ਕਸਕਾਂ ਪੈਂਦੀਆਂ ਨੇ, ਕਿਸ ਤਰ੍ਹਾਂ ਸਾਂਗਾਂ ਵੱਜਦੀਆਂ ਨੇ, ਕਿਸ ਤਰ੍ਹਾਂ ਛੁਰੀਆਂ ਚੱਲਦੀਆਂ ਨੇ ਉਸ ਦੇ ਦਿਲ 'ਤੇ। ਬੱਸ, ਏਸੇ ਤਰ੍ਹਾਂ ਜੇ ਅਸੀਂ ਵੱਡੇ ਘੁਮਿਆਰ, ਵਾਹਿਗੁਰੂ ਦੇ ਘੜੇ ਹੋਏ ਬਰਤਨਾਂ ਨੂੰ ਭੰਨਦੇ, ਤੋੜਦੇ ਤੇ ਚਕਨਾਚੂਰ ਕਰਦੇ ਹਾਂ ਤਾਂ ਸਮਝੋ ਕਿ ਅਸੀਂ ਰਚਣਹਾਰ ਦੇ ਦਿਲ 'ਤੇ ਛੁਰੀਆਂ ਮਾਰ ਰਹੇ ਹਾਂ। ਫੇਰ ਪ੍ਰੇਮਾ-ਭਗਤੀ ਕਾਹਦੀ ਹੋਈ, ਇਹ ਤਾਂ ਮਹਾਂ ਕਸਾਈਪੁਣਾ ਹੈ। ਜਿਥੇ ਕਰਤਾ ਨਾਲ ਧੋਖਾ ਹੈ, ਓਥੇ ਆਪਣੇ ਨਾਲ ਵੀ ਦਗਾ ਹੈ। ਜੇ ਅਸੀਂ ਆਪਣੇ ਆਪ ਨਾਲ ਕਰਤੇ ਦਾ ਪਿਆਰ ਲੋਚਦੇ ਹਾਂ ਤਾਂ ਸਾਨੂੰ ਇਸ ਤਰ੍ਹਾਂ ਢਲ ਜਾਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਇਕ ਆਦਮੀ ਬਜ਼ਾਰ 'ਚੋਂ ਗੁਜ਼ਰਦਾ ਹੋਇਆ, ਦੋਹ ਬੱਚਿਆਂ ਨੂੰ ਚੰਗੀਆਂ ਗੱਲਾਂ ਕਰਦਿਆਂ ਸੁਣ ਕੇ ਖ਼ੁਸ਼ ਹੋ ਕੇ ਇਕ ਇਕ ਆਨਾ ਇਨਾਮ ਦੇ ਦਿੰਦਾ ਏ, ਜਿਸ ਦਾ ਕਿ ਬੱਚੇ ਇਕ ਇਕ ਪੇੜਾ ਲੈ ਕੇ ਘਰ ਚਲੇ ਜਾਂਦੇ ਹਨ, ਤੇ ਬੜੇ ਚਾਅ ਨਾਲ ਮਾਂ, ਪਿਓ ਤੇ ਭੈਣ ਨੂੰ ਦੱਸਦੇ ਹਨ ਕਿ ਅਸਾਂ ਨੇ ਪੇੜਾ ਲਿਆ ਹੈ। ਪਰ ਮਾਂ-ਪਿਓ ਹੈਰਾਨੀ ਨਾਲ ਪੁਛਦੇ ਹਨ ਕਿ ਤੁਹਾਡੇ ਕੋਲ ਤਾਂ ਪੈਸੇ ਨਹੀਂ ਸਨ, ਪੇੜਾ ਕਿਸ ਤਰ੍ਹਾਂ ਲਿਆ ਜੇ ? ਤਾਂ ਉਹ ਬੱਚੇ ਉਸ ਆਨਾ ਦੇਣ ਵਾਲੇ ਦਾ ਜ਼ਿਕਰ ਕਰਦੇ ਹਨ ਜਿਸ ਕਰਕੇ ਮਾਂ-ਪਿਓ ਦਾ ਦਿਲ ਖ਼ੁਸ਼ ਹੋ ਕੇ ਉਸ ਆਨਾ ਦੇਣ ਵਾਲੇ ਨੂੰ ਅਸੀਸਾਂ ਦਿੰਦਾ ਹੈ ਤੇ ਮਨ ਹੀ ਮਨ ਸੋਚਦਾ ਏ ਭਈ ਇਸ ਦੇ ਘਰ ਵੀ ਬੱਚੇ ਹੋਣਗੇ ਤਦੇ ਤਾਂ ਇਹ ਏਡਾ ਦਇਆਵਾਨ ਤੇ ਤਰਸਵਾਨ ਹੈ। ਹੱਛਾ, ਰੱਬਾ ਏਸ ਦੇ ਪੁਤ ਜੀਊਂਦੇ ਰਹਿਣ, ਇਸ ਦਾ ਬਾਗ ਪਰਵਾਰ ਵਧੇ। ਹੁਣ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ, ਜਗੁ ਖੇਲੈ ਖੇਲਾਈ ਹੇ॥੧੦॥
ਆਪੇ ਮਛੁਲੀ ਆਪੇ ਜਾਲਾ॥
ਆਪੇ ਗਊ ਆਪੇ ਰਖਵਾਲਾ॥
ਸਰਬ ਜੀਆ ਜਗਿ ਜੋਤਿ ਤੁਮਾਰੀ, ਜੈਸੀ ਪ੍ਰਭਿ ਫੁਰਮਾਈ ਹੇ॥੧੧॥
ਆਪੇ ਜੋਗੀ ਆਪੇ ਭੋਗੀ॥
ਆਪੇ ਰਸੀਆ ਪਰਮ ਸੰਜੋਗੀ॥
ਆਪੇ ਵੇਬਾਣੀ ਨਿਰੰਕਾਰੀ, ਨਿਰਭਉ ਤਾੜੀ ਲਾਈ ਹੇ॥੧੨॥
ਖਾਣੀ ਬਾਣੀ ਤੁਝਹਿ ਸਮਾਣੀ॥
ਜੋ ਦੀਸੈ ਸਭ ਆਵਣ ਜਾਣੀ॥
ਸੇਈ ਸਾਹ ਸਚੇ ਵਾਪਾਰੀ, ਸਤਿਗੁਰਿ ਬੂਝ ਬੁਝਾਈ ਹੇ॥੧੩॥
ਸਬਦੁ ਬੁਝਾਏ ਸਤਿਗੁਰੁ ਪੂਰਾ॥
ਸਰਬ ਕਲਾ ਸਾਚੇ ਭਰਪੂਰਾ॥
ਅਫਰਿਓ ਵੇਪਰਵਾਹੁ ਸਦਾ ਤੂ, ਨਾ ਤਿਸੁ ਤਿਲੁ ਨ ਤਮਾਈ ਹੇ॥੧੪॥
ਕਾਲੁ ਬਿਕਾਲੁ ਭਏ ਦੇਵਾਨੇ॥
ਸਬਦੁ ਸਹਜ ਰਸੁ ਅੰਤਰਿ ਮਾਨੇ॥
ਆਪੇ ਮੁਕਤਿ ਤ੍ਰਿਪਤਿ ਵਰ ਦਾਤਾ, ਭਗਤਿ ਭਾਇ ਮਨਿ ਭਾਈ ਹੇ॥੧੫॥
ਆਪਿ ਨਿਰਾਲਮੁ ਗੁਰ ਗਮ ਗਿਆਨਾ॥
ਜੋ ਦੀਸੈ ਤੁਝ ਮਾਹਿ ਸਮਾਨਾ॥
ਨਾਨਕੁ ਨੀਚੁ ਭਿਖਿਆ ਦਰਿ ਜਾਚੈ, ਮੈ ਦੀਜੈ ਨਾਮੁ ਵਡਾਈ ਹੇ॥੧੬॥

(ਮਾਰੂ ਸੋਲਹੇ ਮ: ੧, ਪੰਨਾ ੧੦੨੦)

ਬਾਣੀ ਕਿੰਨਾ ਸੁੰਦਰ ਤੇ ਉੱਚਾ ਉਪਦੇਸ਼ ਕਰਦੀ ਹੈ ਕਿ ਉਸ ਸੱਚੇ ਤੋਂ ਬਿਨਾਂ ਕੋਈ ਹੈ ਹੀ ਨਹੀਂ। ਇਹ ਰਚਨਾ ਉਸੇ ਨੇ ਰਚੀ ਹੈ, ਤੇ ਉਹੋ ਹੀ ਇਹਨੂੰ ਨਸ਼ਟ ਕਰ ਸਕਦਾ ਏ, ਹੋਰ ਕਿਸੇ ਨੂੰ ਕੋਈ ਹੱਕ ਨਹੀਂ ਕਿ ਇਸ ਵਿਚ ਦਖ਼ਲ ਦਏ। ਸਾਡਾ ਤਾਂ ਫ਼ਰਜ਼ ਹੈ ਕਿ ਉਸ ਦੇ ਹੁਕਮ ਵਿਚ ਰਹਿ ਕੇ ਕਾਰ ਕਰਨੀ, ਤੇ ਉਸਦੇ ਹੁਕਮ ਅਗੇ ਹੀਲ-ਹੁੱਜਤ ਨਾ ਕਰਨੀ, ਸਗੋਂ ਹੁਕਮ ਵਿਚ ਰਾਜ਼ੀ ਰਹਿਣਾ।

ਉਹ ਆਪ ਸਾਜਦਾ ਤੇ ਆਪ ਹੀ ਸਮੇਂ ਸਿਰ ਸਮੇਟ ਲੈਂਦਾ ਏ। ਆਪ ਹੀ ਸਾਜ ਕੇ ਆਪ ਹੀ ਕੰਮ-ਕਾਰ ਵਿਚ ਲਾਉਂਦਾ ਏ। ਆਪ ਹੀ ਜੀਵਾਂ ਨੂੰ ਗੁਣ ਦੇ ਕੇ ਆਪ ਹੀ ਉਹਨਾਂ ਦੀ ਵੀਚਾਰ ਕਰਦਾ ਏ ਤੇ ਆਪ ਹੀ ਜੀਵਾਂ ਨੂੰ ਮਾਰਗ 'ਤੇ ਲਾਉਂਦਾ ਏ।

ਉਹ ਆਪ ਬੜਾ ਦਾਨਾ ਤੇ ਸਿਆਣਾ ਹੈ। ਉਸ ਨੇ ਸ੍ਰਿਸ਼ਟੀ ਨੂੰ ਆਪਣੇ ਪਤਿਆਵੇ ਲਈ ਸਾਜਿਆ ਏ। ਉਹ ਆਪ ਹੀ ਹਵਾ ਤੇ ਪਾਣੀ ਹੈ; ਤੇ ਆਪ ਹੀ ਅੱਗ ਹੈ, ਅਤੇ ਆਪ ਹੀ ਉਸ ਨੇ ਅੱਗ, ਪਾਣੀ ਤੇ ਪੌਣ ਦੇ ਮੇਲ ਤੋਂ ਪੁਤਲੇ ਸਾਜੇ ਹਨ।

ਉਹ ਆਪੇ ਹੀ ਚੰਦ ਤੇ ਸੂਰਜ ਹੈ, ਤੇ ਆਪੇ ਹੀ ਇਹਨਾਂ ਵਿਚ ਚਾਨਣਾ ਰੂਪ ਹੈ ਤੇ ਆਪ ਹੀ ਸੂਰਮਾ ਗੁਰੂ ਬਣ ਕੇ ਇਨ੍ਹਾਂ ਦਾ ਗਿਆਨ ਧਿਆਨ ਨਿਸਚੇ ਕਰਾਉਂਦਾ ਹੈ। ਐਸੇ ਸੱਚੇ ਸਿਰਜਣਹਾਰ ਵਿਚ ਜੋ ਲਿਵ ਜੋੜ ਲਏ, ਉਹ ਮੌਤ ਦੇ ਜਾਲ ਵਿਚ

ਨਹੀਂ ਫਸਦਾ ਤੇ ਜਮਰਾਇ ਉਸ ਵਲ ਅੱਖ ਚੁਕ ਕੇ ਵੇਖ ਹੀ ਨਹੀਂ ਸਕਦਾ। ਬਾਣੀ ਤਾਂ ਪੁਕਾਰ ਪੁਕਾਰ ਕੇ ਆਖ ਰਹੀ ਏ ਕਿ ਉਹ ਆਪ ਹੀ ਪੁਰਖ ਹੈ ਤੇ ਆਪ ਹੀ ਨਾਰੀ ਹੈ। ਉਹ ਆਪ ਹੀ ਪਾਸ਼ਾ ਹੈ ਤੇ ਆਪ ਹੀ ਪਾਸ਼ੇ ਦੀ ਬਾਜ਼ੀ ਹੈ। ਉਹ ਆਪ ਹੀ ਜਗਤ ਨੂੰ 'ਪਿੜ' ਭਾਵ ਮੈਦਾਨ ਬਣਾ ਕੇ ਆਪ ਹੀ ਸ਼ਤਰੰਜ ਦੀ ਖੇਡ ਖਿਡਾ ਰਿਹਾ ਹੈ ਅਤੇ ਉਹ ਆਪ ਹੀ ਇਸ ਖੇਡ ਤੇ ਪਿੜ ਦੀ ਕੀਮਤ ਪਾ ਸਕਦਾ ਏ, ਕੋਈ ਦੂਜਾ ਨਹੀਂ।

ਉਹ ਆਪ ਹੀ ਫੁਲ ਹੈ, ਆਪ ਹੀ ਭਵਰ ਹੈ, ਆਪ ਹੀ ਦਰੱਖਤ ਹੈ, ਤੇ ਆਪ ਹੀ ਫਲ ਹੈ। ਉਹ ਆਪ ਹੀ ਪਾਣੀ ਹੈ, ਆਪ ਹੀ ਖੁਸ਼ਕ ਹੈ; ਉਹ ਆਪ ਹੀ ਤਲਾਅ ਹੈ ਤੇ ਆਪ ਹੀ ਸੁਮੰਦਰ ਹੈ। ਉਹ ਆਪ ਹੀ ਪਾਣੀ ਵਿਚ ਮੱਛੀ ਤੇ ਕੱਛੂ ਹੈ, ਆਪ ਹੀ ਕਰਮ ਕਰਨ ਵਾਲਾ ਹੈ। ਉਸਦਾ ਰੰਗ-ਰੂਪ ਸਮਝ ਵਿਚ ਨਹੀਂ ਆ ਸਕਦਾ ਕਿਉਂਕਿ ਬੇਅੰਤ ਹੈ।

ਉਹ ਆਪ ਹੀ ਗਾਂਈਂ ਤੇ ਆਪ ਹੀ ਰਖਵਾਲਾ ਹੈ। ਤੇ ਸਾਰੇ ਜੀਵਾਂ ਵਿਚ ਜੋਤਿ ਵੀ ਉਸੇ ਦੀ ਹੈ, ਜਿਸ ਤਰ੍ਹਾਂ ਕਿ ਉਹ ਦੱਸਦਾ ਏ। ਉਹ ਆਪ ਹੀ ਜੋਗੀ ਤੇ ਭੋਗੀ ਹੈ। ਉਹ ਆਪ ਹੀ ਸੰਜੋਗ ਬਣਾਣ ਵਾਲਾ ਏ ਤੇ ਆਪ ਹੀ ਸਭ ਤੋਂ ਵੱਡਾ ਰਸੀਆ ਹੈ। ਉਹ ਆਪ ਹੀ ਦਰਬਾਰ ਤੇ ਦਰਬਾਰੀ ਹੈ, ਆਪ ਹੀ ਆਕਾਰ ਤੇ ਨਿਰਾਕਾਰ ਹੈ ਅਤੇ ਆਪ ਹੀ ਨਿਰਭੈ ਹੋ ਕੇ ਤਾੜੀ ਲਾ ਕੇ ਕਈ ਕਈ ਜੁਗ ਜ਼ਰਾ ਸੁੰਨ-ਸਮਾਧੀ ਵਿਚ ਹੀ ਰਹਿੰਦਾ ਹੈ।

ਇਹ ਖਾਣੀਆਂ ਤੇ ਬਾਣੀਆਂ ਸਭ ਉਸ ਵਿਚੋਂ ਨਿਕਲੀਆਂ ਤੇ ਉਸੇ ਵਿਚ ਹੀ ਸਮਾ ਜਾਂਦੀਆਂ ਹਨ, ਕਿਉਂਕਿ ਨਜ਼ਰ ਆਉਣ ਵਾਲੀਆਂ ਚੀਜ਼ਾਂ ਸਦੀਵੀ ਨਹੀਂ ਹਨ। ਜਿਨ੍ਹਾਂ ਨੇ ਹੁੱਜਤਾਂ ਛੱਡ ਕੇ ਸੱਚੇ ਸਿਰਜਣਹਾਰ ਵਿਚ ਲਿਵ ਲਾਈ ਹੈ, ਉਹ ਸੱਚੇ ਸ਼ਾਹ ਤੇ ਸੱਚੇ ਵਣਜਾਰੇ ਹਨ, ਬਾਕੀ ਸਭ ਝੂਠ ਦੀ ਦੁਕਾਨਦਾਰੀ ਅਤੇ ਫ਼ਰੇਬੀ ਚਾਲਾਂ ਹਨ।

ਜਦ ਅਗੰਮੀ ਬਾਣੀ ਪੁਕਾਰ ਪੁਕਾਰ ਕੇ ਕਹਿ ਰਹੀ ਏ ਕਿ ਸਾਰੀ ਰਚਨਾ ਵਿਚ ਰਚਣਹਾਰ ਦਾ ਵਾਸਾ ਹੈ, ਰਚਣਹਾਰ ਰਚਨਾ ਰਚ ਕੇ, ਰਚਨਾ ਵਿਚ ਵਰਤ ਰਿਹਾ ਹੈ, ਜੈਸਾ ਕਿ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਆਸਾ ਦੀ ਵਾਰ, ਮ: ੨, ਪੰਨਾ ੪੬੩)

ਤਾਂ ਫੇਰ ਇਸ ਕੋਠੜੀ ਨੂੰ ਢਾਹ ਢੇਰੀ ਕਰਨ ਵਾਲਾ ਪ੍ਰੇਮੀ ਭਗਤ ਕਿਸ ਤਰ੍ਹਾਂ ਹੋਇਆ ? ਰਚਨਾ ਨੂੰ ਝੁਲਸ ਕੇ, ਰੂਪੋਂ ਕਰੂਪ ਕਰਨ ਵਾਲੇ ਨੂੰ ਪ੍ਰੇਮੀ ਭਗਤ ਕਿਸ ਤਰ੍ਹਾਂ ਆਖਿਆ ਜਾਏ ? ਜਿਸ ਦੀਆਂ ਅੱਖਾਂ ਏਨਾ ਨੇੜੇ ਤੇ ਥੋੜ੍ਹਾ ਦੇਖਦੀਆਂ ਨੇ ਕਿ ਆਪਣੇ ਤੋਂ ਅਲਗ ਵਿਚਾਰ ਰਖਣ ਵਾਲੇ ਨੂੰ ਦੁਸ਼ਮਨ ਜਾਣ ਕੇ ਉਸ ਦੇ ਖ਼ੂਨ ਦੀਆਂ ਪਿਆਸੀਆਂ ਨੇ, ਉਹ ਪ੍ਰੇਮਾ-ਭਗਤੀ ਦੀ ਡੀਂਗ ਕਿਵੇਂ ਮਾਰ ਸਕਦਾ ਏ? ਜਿਹਨੂੰ ਏਨਾ ਪਤਾ ਹੀ ਨਹੀਂ ਕਿ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

(ਰਾਮਕਲੀ ਮ: ੩ ਅਨੰਦੁ, ਪੰਨਾ ੯੨੨)

ਉਹ ਕਿਸ ਤਰ੍ਹਾਂ ਆਖ ਸਕਦਾ ਏ ਕਿ ਮੈਂ ਪ੍ਰੇਮ ਪੁਜਾਰੀ ਹਾਂ ? ਰਚਣਹਾਰ ਤੇ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਦਿੱਤਾ ਕਿ ਐ ਚੇਲਿਓ, ਇਹ ਹੜ੍ਹ ਦਾ ਪਾਣੀ ਨਹੀਂ, ਸਗੋਂ ਇਹ ਵੱਡੀ ਆਤਮਾ ਛੋਟੀ ਆਤਮਾ ਦੇ ਮਿਲਾਪ ਨੂੰ ਆ ਰਹੀ ਹੈ। ਅੱਜ ਨਿੱਕੀ ਆਤਮਾ ਵੱਡੀ ਆਤਮਾ ਵਿਚ ਮਿਲ ਕੇ ਅਭੇਦ ਹੋ ਜਾਏਗੀ।

ਦੇਖੋ, ਕਿੰਨੀ ਅਨੋਖੀ ਜੀਵਨੀ ਹੈ, ਕਿਸ ਤਰ੍ਹਾਂ ਮੇਰ-ਤੇਰ ਦਾ ਭੇਦ ਮਿਟਾ ਦਿਤਾ ਏ। ਭਾਵੇਂ ਯੂਰਪ ਦੇ ਵਾਸੀਆਂ ਨੇ, ਸਾਇੰਸ ਵਿਚ ਬੜੀ ਵਧ ਚੜ੍ਹ ਕੇ ਤਰੱਕੀ ਕੀਤੀ ਏ, ਬੜੇ ਬੜੇ ਮਾਰੂ ਹਥਿਆਰ ਬਣਾਏ ਨੇ, ਮਹੀਨਿਆਂ ਦਾ ਸਫ਼ਰ ਘੰਟਿਆਂ ਵਿਚ ਮੁਕਾਣ ਲਈ ਕਈ ਸਾਧਨ ਸਾਜੇ ਨੇ, ਦੇਸ-ਪਰਦੇਸ ਦੀਆਂ ਗੱਲਾਂ ਸੁਣਨ ਦੇ ਸੁਚੱਜੇ ਢੰਗ ਕੱਢੇ ਨੇ, ਇਕ ਇਕ ਰੋਗ ਵਾਸਤੇ ਕਈ ਦੁਆਈਆਂ ਬਣਾ ਧਰੀਆਂ ਨੇ, ਅੰਨ ਵਧੇਰੇ ਉਪਜਾਉਣ ਲਈ ਕਈ ਵਿਓਂਤਾਂ ਵਿਓਂਤ ਲਈਆਂ ਨੇ, ਸਮੁੰਦਰ ਦੇ ਹੇਠਾਂ ਕਈ ਕਈ ਮੀਲ ਲੰਮੀਆਂ ਨਹਿਰਾਂ ਬਣਾ ਦਿੱਤੀਆਂ ਨੇ, ਜਿਨ੍ਹਾਂ ਬਰਫ਼ਾਨੀ ਪਹਾੜਾਂ 'ਤੇ ਬਾਰਾਂ ਮਹੀਨੇ ਬਰਫ਼ ਪੈਂਦੀ ਸੀ, ਉਹਨਾਂ ਇਲਾਕਿਆਂ ਨੂੰ ਉਪਜਾਊ ਤੇ ਜ਼ਰਖ਼ੇਜ਼ ਇਲਾਕੇ ਬਣਾ ਦਿਤਾ ਏ ਤੇ ਹੋਰ ਕਈ ਪ੍ਰਕਾਰ ਦੀਆਂ ਨਵੀਆਂ ਕਾਢਾਂ ਕਢਣ ਵਿਚ ਸਿਆਣੇ ਕਾਢੇ ਦਿਨ ਰਾਤ ਜੁਟੇ ਪਏ ਨੇ। ਪਰ ਏਨਾ ਕੁਝ ਕਰਨ ਦੇ ਬਾਵਜੂਦ ਯੂਰਪ ਦੇ ਸਿਆਣੇ ਛਾਤੀ 'ਤੇ ਹੱਥ ਮਾਰ ਕੇ ਇਹ ਨਹੀਂ ਆਖ ਸਕਦੇ ਕਿ ਅਸਾਂ ਮੇਰ-ਤੇਰ ਦੇ ਭੇਦ ਨੂੰ ਮਿਟਾ ਦਿਤਾ ਏ। ਸਗੋਂ ਯੂਰਪੀ ਲੋਕਾਂ ਦੀਆਂ ਰਾਤ ਦਿਨ ਦੀਆਂ ਚਾਲਾਂ ਇਹ ਹਨ ਕਿ ਕਿਸ ਤਰ੍ਹਾਂ ਦੂਜੇ ਮੁਲਕ ਨੂੰ ਹੜੱਪ ਕੀਤਾ ਜਾਏ ਤੇ ਉਸਦੀਆਂ ਧੱਜੀਆਂ ਉਡਾਈਆਂ ਜਾਣ। ਜਦ ਤਕ ਐਸੀ ਭਾਵਨਾ ਸੰਸਾਰ ਦੇ ਇਕ ਵੀ ਮਨੁੱਖ ਦੇ ਅੰਦਰ ਮੌਜੂਦ ਹੈ, ਤਦ ਤਕ ਉਹ ਮਨੁੱਖ ਰਚਣਹਾਰ ਦੀ ਰਚਨਾ ਦਾ ਪੁਜਾਰੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਸਦੇ ਅੰਦਰ ਇਕ ਐਸੀ ਖ਼ਾਹਸ਼ ਹੈ ਜੋ ਕਦੇ ਵੀ ਉਸ ਨੂੰ ਪਾਗਲ ਬਣਾ ਸਕਦੀ ਏ, ਜਿਸ ਪਾਗਲਪਣ ਵਿਚ ਉਹ ਮਾਸੂਮਾਂ ਦੇ ਲਹੂ ਨਾਲ ਹੋਲੀ ਖੇਡ ਸਕਦਾ ਹੈ ਤੇ ਸੰਸਾਰ ਦੇ ਅਮਨ ਲਈ ਭਿਆਨਕ ਭੁਚਾਲ ਬਣ ਕੇ ਸੰਸਾਰ ਨੂੰ ਖੇਰੂੰ ਖੇਰੂੰ ਕਰ ਸਕਦਾ ਏ। ਰਚਨਾ ਦਾ ਪੁਜਾਰੀ ਤਾਂ ਓਦੋਂ ਬਣ ਸਕਦਾ ਏ, ਜਦੋਂ ਰਚਨਾ ਦਾ ਹਰ ਜਾਨਦਾਰ ਆਪਣੇ ਨਾਲੋਂ ਚੰਗਾ ਸੋਹਣਾ ਤੇ ਪਿਆਰਾ ਜਾਪੇ। ਜੇ ਕਿਸੇ ਬਿੱਲੀ ਦਾ ਕੰਨ ਤੱਤਾ ਹੋ ਜਾਏ ਤਾਂ ਏਧਰ ਘੇਰਨੀਆਂ ਪੈਣ ਲਗ ਪੈਣ। ਜੇ ਕਿਸੇ ਨੂੰ ਕੰਡਾ ਚੁਭੇ ਤਾਂ ਏਧਰ ਦਿਲ 'ਤੇ ਛੁਰੀਆਂ ਚੱਲ ਜਾਣ। ਕਿਸੇ ਦੁਖੀਏ ਦਾ ਦੁਖ ਦੇਖ ਕੇ ਓਨਾ ਚਿਰ ਚੈਨ ਨਾ ਕਰੇ, ਜਿੰਨਾ ਚਿਰ ਉਸ ਦੁਖੀਏ ਦਾ ਦੁਖ ਦੂਰ ਨਾ ਹੋ ਜਾਏ।

ਜਦੋਂ ਸੰਸਾਰ ਦੇ ਹਰ ਇਕ ਹਿੱਸੇ ਦੇ ਵਾਸੀ ਅੰਦਰ, ਰਚਨਾ ਦੀ ਭਗਤੀ ਦੇ ਵਿਚਾਰ ਦ੍ਰਿੜ੍ਹ ਹੋ ਜਾਣਗੇ; ਜਦੋਂ ਸੰਸਾਰ ਦੇ ਕਿਸੇ ਵੀ ਕੋਨੇ ਦਾ ਵਾਸੀ ਰਚਨਾ ਦਾ ਸੱਚਾ ਪੁਜਾਰੀ ਬਣ ਜਾਏਗਾ; ਜਦੋਂ ਸੰਸਾਰ ਦਾ ਇਕ ਇਕ ਮਨੁੱਖ ਰਚਨਾ ਦੀ ਸੇਵਾ ਦਾ ਸ਼ੈਦਾਈ ਤੇ ਮੁਸ਼ਤਾਕ ਬਣ ਕੇ ਸੱਚੀ ਮੁੱਚੀ ਅਮਲ ਦੇ ਮੈਦਾਨ ਵਿਚ ਆ ਜਾਏਗਾ, ਨਿਰਸੰਦੇਹ ਓਦੋਂ ਪ੍ਰੇਮਾ-ਭਗਤੀ ਦਾ ਪਾਠ ਸੱਚੇ ਅਰਥਾਂ ਵਿਚ ਪੂਰਾ ਤੇ ਸੱਚ-ਮੁਚ ਪੂਰਾ ਹੋ ਜਾਏਗਾ।

ਸੁਖ

ਸੰਸਾਰ ਦੀ ਰਚਨਾ ਨੂੰ ਰੌਸ਼ਨ ਅੱਖਾਂ ਨਾਲ ਦੇਖਣ ਤੋਂ ਪਤਾ ਚਲਦਾ ਏ ਕਿ ਸੁਖ ਦੀ ਲਾਲਸਾ ਹਰ ਇਕ ਜਾਨਦਾਰ ਦੇ ਅੰਦਰ ਸਮਾਈ ਹੋਈ ਏ। ਭਾਵੇਂ ਮਨੁੱਖ ਤੇ ਭਾਵੇਂ ਕੀੜਾ-ਮਕੌੜਾ ਤੇ ਭਾਵੇਂ ਪਰਾਂ ਨਾਲ ਆਕਾਸ਼ ਉਡਾਰੀ ਲਾਣ ਵਾਲਾ ਪੰਖਣੂ ਸਭ ਦੇ ਅੰਦਰ ਸੁਖ ਦੀ ਚਾਹਨਾ ਨੇ ਡੇਰੇ ਲਾਏ ਹੋਏ ਹਨ। ਆਪਣੇ ਸੁਖ ਲਈ ਸੱਪ ਚੂਹੇ ਦਾ ਬਣਿਆ ਬਣਾਇਆ ਘਰ ਖੋਹ ਲੈਂਦਾ ਏ, ਇਸੇ ਤਰ੍ਹਾਂ ਸ਼ੇਰ ਦੂਜਿਆਂ ਜਾਨਵਰਾਂ ਦੇ ਘੁਰਨੇ ਖੋਹ ਕੇ ਸੁਖ ਮਾਣਦਾ ਏ। ਜੰਗਲ ਦੀ ਨਿੱਕੀ ਜਿਹੀ ਚਿੜੀ, ਜਿਸ ਨੂੰ ਬਿਜੜਾ ਆਖਦੇ ਨੇ, ਐਸਾ ਸੁੰਦਰ ਤੇ ਸੋਹਣਾ ਘਰ ਬਣਾਉਂਦਾ ਏ ਕਿ ਦੇਖ ਕੇ ਅਕਲ ਘਾਊਂ ਮਾਊਂ ਹੋ ਜਾਂਦੀ ਏ। ਸਾਡੇ ਘਰਾਂ ਦੀਆਂ ਛੱਤਾਂ ਵਿਚ ਚਿੜੀਆਂ ਤੇ ਕਬੂਤਰ ਐਸੇ ਅਨੋਖੇ ਆਲ੍ਹਣੇ ਸਾਜਦੇ ਸਵਾਰਦੇ ਨੇ ਕਿ ਦੇਖਣ ਨਾਲ ਸੰਬੰਧ ਰਖਦੇ ਨੇ। ਸੰਸਾਰ ਭਰ ਦਾ ਕੋਈ ਐਸਾ ਜਾਨਦਾਰ ਨਹੀਂ ਜਿਸ ਦੇ ਅੰਦਰ ਦੇ ਖ਼ਾਨੇ ਵਿਚ ਸੁਖ ਦੀ ਇੱਛਾ ਨਾ ਹੋਵੇ। ਮੱਛੀ ਪਾਣੀ ਵਿਚ ਨੱਚਦੀ, ਕੁੱਦਦੀ, ਪ੍ਰੇਮ ਤਾਰੀਆਂ ਮਾਰਦੀ, ਸੁਖ ਅਨੁਭਵ ਕਰਦੀ ਏ। ਪਾਣੀ ਦੇ ਵਿਛੋੜੇ ਦੇ ਦੁਖ ਨੂੰ ਨਾ ਸਹਿ ਸਕਦੀ ਹੋਈ, ਲੁੜਛ ਲੁੜਛ ਕੇ ਪ੍ਰਾਣ ਹੀ ਤਿਆਗ ਦਿੰਦੀ ਏ। ਘੰਡਾਹੇੜਾ ਸ਼ਬਦ ਵਿਚ ਹਰਨ ਦਾ ਤੇ ਚੰਦ ਦੀ ਚਮਕ ਵਿਚ ਚਕੋਰੀ ਦਾ ਸੁਖ ਡੁਲ੍ਹ ਡੁਲ੍ਹ ਪੈਂਦਾ ਏ। ਖਿੜੇ ਹੋਏ ਫੁੱਲ 'ਤੇ ਭੌਰੇ ਭਵਾਟੜੀਆਂ ਖਾਂਦਿਆਂ ਦੇਖ ਕੇ ਉਨ੍ਹਾਂ ਦੇ ਸੁਖ ਦਾ ਹਾੜਨਾ ਕਠਿਨ ਹੋ ਜਾਂਦਾ ਹੈ। ਬਿਜਲੀ ਦੇ ਲਾਟੂ ਦੀ ਲੋਅ, ਲਾਟੂ ਵਿਚ ਘਿਰੀ ਹੋਈ ਹੈ ਪਰ ਉਸਦਾ ਸੁਖ ਮਾਣਨ ਵਾਲੇ ਪਰਵਾਨੇ ਵੱਲ ਤਾਂ ਦੇਖੋ ਕਿ ਕਿਸ ਤਰ੍ਹਾਂ ਸਾਰੀ ਸਾਰੀ ਰਾਤ ਲਾਟੂ ਦੇ ਚਾਰ-ਚੁਫੇਰੇ ਲਾਟੂ ਵਾਂਗ ਘੁੰਮ ਕੇ ਸੁਖ ਦੀਆਂ ਝੋਲੀਆਂ ਭਰਦਾ ਥੱਕਦਾ ਨਹੀਂ। ਪਰ ਜੇ ਅਸੀਂ ਮਨੁੱਖ ਸ਼੍ਰੇਣੀ ਦੇ ਵਿਸ਼ਾਲ ਜਗਤ ਵੱਲ ਨਜ਼ਰ ਮਾਰੀਏ, ਤਾਂ ਸੁਖੈਨ ਹੀ ਸਮਝ ਆ ਜਾਂਦੀ ਏ ਕਿ ਮਨੁੱਖ ਦੇ ਹਾਰਦਿਕ ਕੰਮ, ਹਰ ਇਕ ਹਰਕਤ, ਹਰ ਇਕ ਚਿਤਵਨ ਵਿਚ ਸੁਖ ਦੀ ਖ਼ਾਹਸ਼ ਹੀ ਕੰਮ ਕਰ ਰਹੀ ਏ। ਇਸ ਦੇ ਇਕ ਕਦਮ ਚੁੱਕਣ ਵਿਚ ਵੀ ਸੁਖ ਦੀ ਭਾਵਨਾ ਹੀ ਭੌਂਦੀ ਫਿਰਦੀ ਏ। ਪੇਂਡੂ ਜੀਵਨ ਦਾ ਮਨੁੱਖ ਜੇ ਅੱਧੀ ਰਾਤੇ ਹਲ ਜੋਅ ਕੇ ਦਿਨੇ ਬਾਰਾਂ ਵਜੇ ਤਕ ਪੈਲੀ ਵਿਚ ਘੋਲ ਘੁਲਦਾ ਹੈ, ਤਾਂ ਇਸ ਦੇ ਅੰਦਰ ਵੀ ਸੁਖ ਦੀ ਹੀ ਚਾਹਨਾ ਕੰਮ ਕਰਦੀ ਏ। ਜੇ ਸ਼ਹਿਰੀ ਜੀਵਨ ਦਾ ਦੁਬਲਾ ਪਤਲਾ ਤੇ ਨਾਜ਼ੁਕ ਮਨੁੱਖ ਸਭ ਤੋਂ ਪਹਿਲੇ ਹੱਟੀ ਖੋਲ੍ਹ, ਤੱਕੜੀ ਵੱਟੇ ਧੋ ਕੇ ਧੂਫ਼ ਦੀਪ ਦੇ ਕੇ ਦੁਕਾਨ 'ਤੇ ਬੈਠ ਜਾਂਦਾ ਹੈ, ਤਾਂ ਇਸ ਦੇ ਅੰਦਰ ਵੀ ਸੁਖ ਦੀ ਲਾਲਸਾ ਹੀ ਦੌੜੀ ਫਿਰਦੀ ਏ। ਭਾਵੇਂ ਸ਼ਹਿਰੀ ਤੇ ਭਾਵੇਂ ਪੇਂਡੂ, ਜੇ ਇਹ ਸੰਤਾਨ ਨੂੰ ਵਿਦਿਆ ਵੀ ਦਿਵਾਉਣ ਤਾਂ ਉਸਦੇ ਪਰਦੇ ਥੱਲੇ ਵੀ ਸੁਖ ਦਾ ਲਾਲਚ ਹੀ ਤਣਾਵਾਂ ਤਾਣੀਂ ਬੈਠਾ ਦਿੱਸਦਾ ਹੈ। ਜਿਸ ਤਰ੍ਹਾਂ ਇਕ ਮਨੁੱਖ ਆਪਣੇ ਲਾਡਲੇ ਨੂੰ ਕਿਸੇ ਪ੍ਰਾਇਮਰੀ ਸਕੂਲ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਹਜ਼ੂਰੀ ਲੈਕਚਰ



ਭਾਗ
ਦੂਜਾ

ਮਾਨ ਸਿੰਘ ਝੌਰ

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਮਨੁੱਖ ਮੰਗਦਾ ਹੈ ਸੁਖ, ਪਰ ਮਿਲਦਾ ਹੈ ਦੁਖ; ਇਸ ਦਾ ਕਾਰਨ ਕੀ ? ਜਪ, ਤਪ, ਪੂਜਾ, ਪਾਠ, ਯੱਗ, ਹੋਮ ਇਹ ਸਭ ਕੁਛ ਸੁਖ ਲਈ ਕੀਤਾ। ਦੇਸ ਪਰਦੇਸ ਦਾ ਭ੍ਰਮਣ ਤੇ ਉਥੇ ਜਾ ਕੇ ਔਖੇ ਭਾਰੇ ਕੰਮ ਸੁਖ ਲਈ ਕੀਤੇ, ਹੋਰ ਵੀ ਪਾਪ, ਪੁੰਨ ਤੇ ਝੂਠ ਅਪਰਾਧ ਕੀਤੇ, ਇਹ ਸਭ ਸੁਖ ਲਈ ਕੀਤੇ ਪਰ ਰਿਹਾ ਦੁਖੀਏ ਦਾ ਦੁਖੀਆ। ਇਸ ਦਾ ਕਾਰਨ ਕੀ ਹੈ ?

ਜਤਨ ਬਹੁਤ ਸੁਖ ਕੇ ਕੀਏ, ਦੁਖ ਕੋ ਕੀਓ ਨ ਕੋਇ ॥ *(ਸਲੋਕ ਮ: ੯, ਪੰਨਾ ੧੪੨੮)*

ਯਤਨ ਕੀਤੇ ਸੁਖ ਲਈ, ਜਿੰਨੀ ਦੌੜ ਭੱਜ ਕੀਤੀ ਸੁਖ ਲਈ, ਜੋ ਵੀ ਹੀਲਾ ਚਾਰਾ ਕੀਤਾ, ਸੁ ਸੁਖ ਲਈ ਕੀਤਾ, ਪਰ ਹੋਇਆ ਇਸ ਦੇ ਉਲਟ। ਕਬੀਰ ਜੀ ਦਾ ਕਥਨ ਹੈ ਕਿ :

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥ *(ਗਉੜੀ ਕਬੀਰ ਜੀ, ਪੰਨਾ ੩੩੦)*

ਮੰਗਦਾ ਏ ਸੁਖ, ਪਰ ਮਿਲਦਾ ਹੈ ਦੁਖ, ਇਸ ਦਾ ਕਾਰਨ ਕੀ ਹੈ ? ਇਸ ਨੂੰ ਵਿਚਾਰਨਾ ਤੇ ਸੋਚਣਾ ਸਾਡਾ ਫ਼ਰਜ਼ ਹੈ। ਸੁ ਆਓ, ਹੁਣ ਇਸ 'ਤੇ ਵਿਚਾਰ ਕਰੀਏ।

ਜਿਥੋਂ ਤਕ ਸੋਚ ਵਿਚਾਰ ਦਾ ਵਾਸਤਾ ਹੈ, ਉਥੋਂ ਤਕ ਇਉਂ ਭਾਸਦਾ ਏ, ਭਈ ਸੁਖ ਕਿਸੇ ਦੇ ਹੁਕਮ ਵਿਚ ਹੈ। ਜਿਸ ਨੇ ਹੁਕਮ ਨੂੰ ਪਛਾਣ ਕੇ ਮੰਨ ਲਿਆ ਏ, ਉਹ ਸੁਖੀਆ ਤੇ ਜੋ ਇਸ ਤੋਂ ਅਵੇਸਲਾ ਹੈ, ਉਹ ਦੁਖੀਆ। ਰੋਜ਼ਾਨਾ ਜੀਵਨ ਨੂੰ ਗਹੁ ਨਾਲ ਦੇਖਣ ਤੋਂ ਪਤਾ ਚਲਦਾ ਏ ਕਿ ਜੋ ਲੜਕਾ ਮਾਂ ਬਾਪ ਦੇ ਹੁਕਮ ਨੂੰ ਖਿੜੇ ਮੱਥੇ ਸੁਣ ਕੇ ਮੰਨ ਲੈਂਦਾ ਏ, ਉਸ 'ਤੇ ਮਾਂ ਬਾਪ ਦੀਆਂ ਖ਼ੁਸ਼ੀਆਂ ਹੋਣ ਕਰਕੇ ਉਹ ਸੁਖੀ ਹੈ ਤੇ ਜੋ ਲੜਕਾ ਹੁਕਮੋਂ ਬਾਗ਼ੀ ਹੋਵੇ, ਉਸ 'ਤੇ ਮਾਂ ਬਾਪ ਦੀ ਨਜ਼ਰ ਸੁਵੱਲੀ ਨਹੀਂ ਹੁੰਦੀ ਜਿਸ ਲਈ ਉਹ ਦੁਖੀ ਰਹਿੰਦਾ ਹੈ।

ਸਿਆਣੀ ਤੇ ਸੁਲਝੀ ਹੋਈ ਲੜਕੀ ਸਹੁਰੇ ਘਰ ਜਾ ਕੇ ਸੱਸ ਨੂੰ ਮਾਂ ਤੇ ਸਹੁਰੇ ਨੂੰ ਪਿਤਾ ਜਾਣ ਕੇ, ਉਨ੍ਹਾਂ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਦੀ ਹੈ, ਉਨ੍ਹਾਂ ਦੇ ਕਹੇ ਅਨੁਸਾਰ ਜੀਵਨ ਪੰਧ 'ਤੇ ਤੁਰਦੀ ਏ, ਜਿਸ ਕਾਰਨ ਸਹੁਰੇ ਘਰ ਦੇ ਸਾਰੇ ਸੁਖ ਉਸਦੀ ਝੋਲੀ ਭਰ ਦਿੰਦੇ ਹਨ।

ਪਤੀ-ਬ੍ਰਤਾ ਦੇਵੀ, ਪਤੀ ਨੂੰ ਆਪਣਾ ਸਿਰਤਾਜ ਮੰਨਦੀ ਏ, ਆਪਣੀ ਇੱਜ਼ਤ-ਆਬਰੂ ਤੇ ਨੰਗੋ-ਨਮੂਜ਼ ਦਾ ਮਾਲਕ ਜਾਣਦੀ ਏ, ਪਤੀ ਨੂੰ ਕਲਿਆਣ-ਦਾਤਾ ਤੇ ਸਿਰ ਦਾ ਛਤ੍ਰ ਸਮਝਦੀ ਏ। ਉਹ ਲੜਕੀ ਸਹੁਰੇ ਘਰ ਦੇ ਸੁਖਾਂ ਦੀ ਭੰਡਾਰਨ, ਤੇ ਪਤੀ ਦੇ ਮਹੱਲਾਂ ਵਿਚ ਪਰਵਾਨ ਸਮਝੀ ਜਾਂਦੀ ਏ। ਪਤੀ-ਬ੍ਰਤਾ ਦੇਵੀ ਵਾਸਤੇ ਮਹਾਤਮਾ ਸੁੰਦਰ ਜੀ ਨੇ, ਜੋ ਜਾਤ ਦੇ ਢੂਸਰ ਤੇ ਖੰਡੇਵਾਲ ਗੋਤ ਦੇ ਬਾਣੀਏ ਸਨ, ਜਿਨ੍ਹਾਂ ਦਾ ਜਨਮ ੧੬੫੩ ਬਿਕਰਮੀ ਨੂੰ ਜੈਪੁਰ ਰਾਜ ਵਿਚ ਹੋਇਆ, ਕਿਤਨਾ ਸੁੰਦਰ ਕਥਨ ਕੀਤਾ ਹੈ :

ਪਤੀ ਹੀ ਸੋਂ ਪਰੇਮ ਹੋਇ, ਪਤੀ ਹੀ ਸੋਂ ਨੇਮ ਹੋਇ,
ਪਤੀ ਹੀ ਸੋਂ ਛੇਮ ਹੋਇ, ਪਤੀ ਹੀ ਸੋਂ ਰਤ ਹੈ।

ਪਤੀ ਹੀ ਹੈ ਜਗ ਜੋਗ, ਪਤੀ ਹੀ ਹੈ ਰਸ ਭੋਗ,
ਪਤੀ ਹੀ ਸੋਂ ਮਿਟੈ ਸੋਗ, ਪਤੀ ਹੀ ਕੋ ਜਤ ਹੈ।
ਪਤੀ ਹੀ ਹੈ ਗਿਆਨ ਧਿਆਨ, ਪਤੀ ਹੀ ਹੈ ਪੁੰਨ ਦਾਨ,
ਪਤੀ ਹੀ ਹੈ ਤੀਰਥ ਨ੍ਹਾਨ, ਪਤੀ ਹੀ ਕੋ ਮਤ ਹੈ।
ਪਤੀ ਬਿਨ ਪਤ ਨਾਹਿ, ਪਤੀ ਬਿਨ ਗਤ ਨਾਹਿ,
ਸੁੰਦਰ ਸਕਲ ਬਿਧੀ, ਏਕ ਪਤੀ ਬ੍ਰਤ ਹੈ।

ਜਿਸ ਇਸਤ੍ਰੀ ਨੇ ਉਤੇ ਕਥਨ ਕੀਤੇ ਅਨੁਸਾਰ ਆਪਣੇ ਪਤੀ ਨੂੰ ਸਭ ਕੁਛ ਮੰਨ ਕੇ ਉਸਦੇ ਹੁਕਮ ਦੀ ਪਾਲਣਾ ਕੀਤੀ ਹੋਵੇ, ਉਹ ਸਦਾ ਸੁਖੀ ਹੈ, ਕਿਉਂਕਿ ਉਸਨੇ ਪਤੀ ਦਾ ਹੁਕਮ ਮੰਨ ਲਿਆ ਏ, ਤੇ ਹੁਕਮ ਦੀ ਸੂਝ ਬੂਝ ਸਮਝ ਲਈ ਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਪਤੀ-ਬ੍ਰਤ ਦੇਵੀ ਦੇ ਬਾਰੇ ਬੜੀ ਸੁੰਦਰ ਰੌਸ਼ਨੀ ਦਿਤੀ ਏ ਤੇ ਪਤੀ-ਬ੍ਰਤਾ ਧਰਮ ਅਤਿ ਸੁੰਦਰ ਤੇ ਸੁਚੱਜੇ ਢੰਗ ਨਾਲ ਨਿਰੂਪਿਆ ਹੈ:

ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ॥
ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥
ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥

(ਮਾਰੂ ਵਾਰ, ਡਖਣੇ ਮ: ੫, ਪੰਨਾ ੧੧੦੨)

ਬਰਖਾ ਰੁੱਤ ਵਿਚ ਏਨਾ ਮੀਂਹ ਵਰ੍ਹੇ ਕਿ ਨਗਰੀ ਦੇ ਚਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੋਵੇ, ਹਵਾ ਰੁਮਕਦੀ ਹੋਵੇ, ਜਿਸ ਨਾਲ ਪਾਣੀ ਵਿਚੋਂ ਨਿੱਕੀਆਂ ਨਿੱਕੀਆਂ ਛੱਲਾਂ ਉੱਠ ਕੇ ਕਿਨਾਰਿਆਂ ਨਾਲ ਟਕਰਾ ਕੇ ਸਾਫ਼ ਹੋ ਜਾਂਦੀਆਂ ਹੋਣ। ਹਵਾ ਪਾਣੀ 'ਤੇ ਲੇਟ ਲੇਟ ਕੇ ਠੰਢੀ ਹੋ ਕੇ ਲੋਕਾਂ ਦੇ ਬਦਨ ਦੇ ਪਸੀਨੇ ਸੁਕਾਉਂਦੀ ਹੋਵੇ। ਘਰ ਵਿਚ ਸੇਜ ਅਤਿ ਸੁੰਦਰ ਹੋਵੇ, ਚੰਨਣ ਦੇ ਪਾਵੇ ਹੋਣ, ਚੰਨਣ ਦੀਆਂ ਹੀਆਂ ਹੋਣ, ਰੇਸ਼ਮ ਦੀ ਨਵਾਰ ਨਾਲ ਪਲੰਘ ਉਣਿਆ ਹੋਵੇ, ਅਤਲਸ ਦੀ ਤਲਾਈ, ਕਮਖ਼ਾਬ ਦਾ ਸਿਰਹਾਣਾ ਤੇ ਪਲਸ਼ ਦੀ ਰਜ਼ਾਈ ਹੋਵੇ। ਪਲੰਘ 'ਤੇ ਵਿਛੀ ਰੇਸ਼ਮ ਦੀ ਚਾਦਰ ਦੀ ਝਾਲਰ ਨੂੰ ਮੋਤੀ ਲਗੇ ਹੋਏ ਹੋਣ, ਸਿਰਹਾਣੇ ਵੱਲ ਰਖੀ ਹੋਈ ਤਿਰਪਾਈ 'ਤੇ ਠੰਢੇ ਪਾਣੀ ਦੀ ਸੁਰਾਹੀ, ਚਾਂਦੀ ਦੇ ਗਲਾਸ ਨਾਲ ਢੱਕੀ ਹੋਵੇ ਤੇ ਪੱਖਾ ਝੱਲਣ ਵਾਲਾ ਸਾਰੀ ਰਾਤ ਨਾ ਸੌਂਵੇਂ, ਸੇਜ ਏਨੀ ਸੁੰਦਰ ਤੇ ਸਜੀਲੀ ਹੋਵੇ! ਸਿਰ 'ਤੇ ਸੁਹਾਗ ਦੀ ਨਿਸ਼ਾਨੀ ਸੁਭਰ ਵੀ ਹੋਵੇ, ਤੇ ਪਹਿਨਣ ਲਈ ਵੰਨ-ਸੁਵੰਨੇ ਸੂਟ ਵੀ ਹੋਵਣ, ਅਤੇ ਖਾਣ ਪੀਣ ਦੇ ਸਾਰੇ ਪਦਾਰਥ, ਭਾਵ ਦੁੱਧ, ਦਹੀਂ, ਮਾਖਿਓ, ਮੱਖਣ, ਗੁੜ, ਸ਼ੱਕਰ, ਖੰਡ, ਘਿਓ, ਸਭ ਕੁਛ ਹੋਵੇ, ਘਰ ਵਿਚ ਕਿਸੇ ਵਸਤੂ ਦੀ ਥੁੜ ਨਾ ਹੋਵੇ। ਏਨਾ ਕੁਝ ਹੁੰਦਿਆਂ ਹੋਇਆਂ ਜੇ ਪਤੀ-ਬ੍ਰਤਾ ਇਸਤ੍ਰੀ ਦਾ ਪਤੀ ਘਰ ਵਿਚ ਨਾ ਹੋਵੇ ਤਾਂ ਪਤੀ-ਬ੍ਰਤਾ ਦੇਵੀ, ਇਹਨਾਂ ਸਾਰੀਆਂ ਸੁੰਦਰ ਚੀਜ਼ਾਂ ਨੂੰ ਤੱਤਿਆਂ ਜਾਣਦੀ ਏ, ਭਾਵ ਪਤੀ ਦੀ ਗ਼ੈਰ-ਹਾਜ਼ਰੀ ਕਰਕੇ ਉਹਦੇ ਲਈ ਇਹ ਮਨਮੋਹਣੀਆਂ ਵਸਤੂਆਂ ਅੱਗ ਦੇ ਭਾਂਬੜ ਨੇ, ਤਿਖੀਆਂ ਛੁਰੀਆਂ ਤੇ ਮੌਤ ਦਾ ਸੱਦਾ ਨੇ। ਜੋ ਦੇਵੀ ਪਤੀ-ਬ੍ਰਤ ਧਰਮ ਵਿਚ ਇਸ ਤਰ੍ਹਾਂ ਭਰਪੂਰ ਹੈ, ਉਹ ਸਦਾ ਸੁਖੀ ਏ ਕਿਉਂਕਿ ਪਤੀ ਦੀਆਂ ਅਸੀਸਾਂ ਨੇ ਉਸਦਾ ਸੁਖ ਸਾਗਰ ਉਮਡਾ ਦਿੱਤਾ ਹੈ। ਜਿਸ ਕਿਸੇ ਮੰਦ ਕਰਮਣ ਨੂੰ ਪਤੀ ਦੇ ਹੁਕਮ ਦੀ ਪਾਲਣਾ ਕਰਨੀ ਨਹੀਂ ਆਈ, ਉਸ ਲਈ ਸਾਹਿਬਾਂ ਦਾ ਫ਼ੁਰਮਾਨ ਹੈ ਕਿ:

ਹੁਕਮੁ ਨ ਜਾਣੈ, ਬਹੁਤਾ ਰੋਵੈ॥
ਅੰਦਰਿ ਧੋਖਾ ਨੀਦ ਨ ਸੋਵੈ॥ *(ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੫)*

ਤੇ ਜੇ ਕਿਸੇ ਸੁਕਰਮਣ ਨੇ ਹੁਕਮ ਦੀ ਸੱਚੇ ਅਰਥਾਂ ਵਿਚ ਪਾਲਣਾ ਕਰ ਲਈ ਏ ਤਾਂ ਉਸ ਲਈ ਦਰਗਾਹੀ ਹੁਕਮ ਹੈ ਕਿ:

ਜੇ ਧਨ ਖਸਮੈ ਚਲੈ ਰਜਾਈ॥
ਦਰਿ ਘਰਿ ਸੋਭਾ ਮਹਲਿ ਬੁਲਾਈ॥ *(ਸਿਰੀਰਾਗ ਕੀ ਵਾਰ, ਸਲੋਕ ਮ: ੩, ਪੰਨਾ ੮੫)*

ਜਿਹੜੀ ਇਸਤ੍ਰੀ ਮਾਲਕ ਦੀ ਰਜ਼ਾ ਵਿਚ ਹਰ ਸਮੇਂ ਤੇ ਹਰ ਹਾਲਤ ਵਿਚ ਰਾਜ਼ੀ ਰਹਿ ਕੇ ਖਿੜਦੀ ਏ, ਉਹਦੀ ਸੋਭਾ ਹੁੰਦੀ ਏ, ਤੇ ਮਾਲਕ ਉਸਨੂੰ ਆਪਣੇ ਮਹੱਲ ਵਿਚ ਬੁਲਾਉਂਦਾ ਏ। ਜਿਸ ਕਰਕੇ ਸਹੁਰੇ ਪੇਕੇ ਤੇ ਨਾਨਕ, ਦਾਦਕ ਵਿਚ ਪਰਵਾਰ-ਸੁਧਾਰੀ ਸਮਝੀ ਜਾਂਦੀ ਏ। ਭਾਈ ਗੁਰਦਾਸ ਜੀ ਨੇ ਇਸ ਬਾਰੇ ਇਕ ਸ਼ਬਦ ਲਿਖਿਆ ਹੈ ਕਿ:

ਪੇਵਕੜੈ ਘਰਿ ਲਾਡੁਲੀ ਮਾਊ ਪਿਊ ਖਰੀ ਪਿਆਰੀ॥
ਵਿਚਿ ਭਿਰਾਵਾਂ ਭੈਣੜੀ, ਨਾਨਕ ਦਾਦਕ ਸਪਰਵਾਰੀ॥
ਲਖ ਖਰਚ ਵੀਵਾਹੀਐ, ਗਹਣੇ ਦਾਜੁ ਸਾਜੁ ਅਤਿ ਭਾਰੀ॥
ਸਾਹਰੁੜੇ ਘਰਿ ਮੰਨੀਐ, ਸਣਖਤੀ ਪਰਵਾਰ ਸੁਧਾਰੀ॥ *(ਵਾਰ ੫, ਪਉੜੀ ੧੬)*

ਮਾਪਿਆਂ ਦੇ ਘਰ ਲਾਡਲੀ ਲੜਕੀ, ਮਾਂ ਬਾਪ ਨੂੰ ਅਤਿ ਪਿਆਰੀ ਹੁੰਦੀ ਏ। ਭਰਾਵਾਂ ਵਿਚ ਭੈਣ ਤੇ ਨਾਨਕਿਆਂ ਦੇ ਘਰ ਦੋਹਤੀ ਬਣ ਕੇ, ਪਰਵਾਰ ਵਾਲੀ ਮੰਨੀ ਜਾਂਦੀ ਏ। ਸਮਾਂ ਆਉਣ 'ਤੇ ਲੱਖਾਂ ਰੁਪਏ ਖ਼ਰਚ ਕੇ ਗਹਿਣੇ ਤੇ ਦਾਜ ਦਾ ਸਾਜ-ਸਮਾਨ ਦੇ ਕੇ ਵਿਆਹ ਕੀਤਾ ਜਾਂਦਾ ਏ। ਪਰ ਸਹੁਰੇ ਘਰ ਤਦ ਸਤਿਕਾਰੀ ਜਾ ਸਕਦੀ ਏ, ਜੇ ਸਨਖਤੀ ਤੇ ਪਰਵਾਰ-ਸੁਧਾਰੀ ਸਾਬਤ ਹੋਵੇ।

ਪਤੀ-ਬ੍ਰਤਾ ਧਰਮ ਬਾਰੇ, ਪੰਜਾਬੀ *ਰਸ ਚਮਤਕਾਰ ਚੰਦਰਕਾ* ਵਿਚੋਂ ਕੁਝ ਪ੍ਰਮਾਣ ਹੇਠ ਲਿਖਦੇ ਹਾਂ:

ਕੋਕਲ ਕੁਲੈਹਨੀ ਕੋ, ਕਹੁ ਕੂਕੇ ਦੂਰਿ ਜਾਇ,
ਮੋਰ ਦੇ ਮਧੁਰ ਮੇਰੇ, ਮਹਿਲ ਪੇ ਆਵੈ ਨਾ।
ਦਾਦਰ ਕੋ ਦੂਰਕਾਰ, ਝੀਗਰ ਝਿਗੋਰ ਮਾਰ,
ਬਰਜ ਦੇ ਬਯਾਰ ਬੈਗੀ, ਬਾਰਨ ਕੋ ਧਾਵੈ ਨਾ।
ਮੂੰਦ ਲੇ ਕਿਵਾਰ ਅਲੀ, ਸਯੰ ਹੀ ਸੋਇ ਰਹੋ।
ਝਾਰ, ਅਉ ਫ਼ਨੂਸ, ਮੋਮਬਤੀ ਕੋ ਜਗਾਵੈ ਨਾ।
ਕਹਿਤ ਪਯੂਖ ਪੀਆ, ਪਿਆਰਾ ਪਰਦੇਸ ਯਾਂਤੇ।
ਕਲਾਵਤ ਕਾਂਨੜਾ ਕਲਿਆਨ, ਕੋਊ ਗਾਵੇ ਨਾ।

ਪਤੀ-ਬ੍ਰਤਾ ਇਸਤ੍ਰੀ, ਪਤੀ-ਬ੍ਰਤ ਧਰਮ ਦਾ ਪਾਲਨ ਕਰਦੀ ਹੋਈ ਕਿਸ ਤਰ੍ਹਾਂ ਪਤੀ ਦੇ ਵਿਛੋੜੇ ਵਿਚ ਕਬਾਬ ਹੋ ਕੇ ਕਹਿ ਰਹੀ ਏ, ਕਿ ਕੁਲਹਿਣੀ ਕੋਇਲ ਨੂੰ ਕਹੁ ਕਿ ਕਿਤੇ ਦੂਰ ਜਾ ਕੇ ਕੂਕੇ ਤੇ ਮੋਰ ਨੂੰ ਮੋੜ ਦਿਓ ਕਿ ਮੇਰੇ ਮਹਿਲ ਦੇ ਨੇੜੇ ਆ ਕੇ ਪੈਲ ਨਾ ਪਾਵੇ। ਬੋਲਦੇ ਹੋਏ ਡੱਡੂਆਂ ਦੀਆਂ ਰੰਗ ਬਰੰਗੀਆਂ, ਡਿਰੜ ਡਿਰੜ

ਦੀਆਂ ਆਵਾਜ਼ਾਂ ਸੁਣ ਕੇ, ਖ਼ੁਸ਼ ਹੋਣ ਦੀ ਥਾਂ ਦੁਖੀ ਹੋ ਕੇ ਪੁਕਾਰਦੀ ਏ, ਭਈ ਡੱਡੂਆਂ ਨੂੰ ਦੁਰਕਾਰ ਦਿਓ ਤਾਕਿ ਮੇਰਾ ਮਨ ਬੇਚੈਨ ਨਾ ਹੋਵੇ, ਫਲਾਹੀ ਦੇ ਨਾਲ ਚੰਬੜੇ ਹੋਏ ਬੀਂਡੇ ਨੂੰ ਬੋਲਣੋਂ ਬੰਦ ਕਰ ਦਿਓ ਕਿਉਂਕਿ ਮੇਰੇ ਮਨ ਨੂੰ ਨਹੀਂ ਭਾਉਂਦਾ। ਠੰਢੀ ਠੰਢੀ ਹਵਾ ਜੋ ਕਿ ਮਧੁਰ ਮਧੁਰ ਰੁਮਕ ਰਹੀ ਸੀ, ਉਸ ਦੇ ਸਪਰਸ਼ ਤੋਂ ਤੰਗ ਆ ਕੇ ਬੋਲ ਉੱਠੀ ਕਿ ਇਸ ਨੂੰ ਵਰਜ ਦਿਓ, ਇਹ ਵੈਰਨ ਮੇਰੇ ਘਰ ਦੇ ਦਰਵਾਜ਼ਿਆਂ ਵਿਚ ਹੋ ਕੇ ਕਮਰੇ ਵਿਚ ਪ੍ਰਵੇਸ਼ ਨਾ ਕਰੇ, ਕਿਉਂਕਿ ਇਸ ਦੀ ਠੰਢਕ ਮੈਨੂੰ ਤੱਤੀ ਲਗਦੀ ਏ। ਹੇ ਸਖੀ! ਮਹਲ ਦੇ ਸਾਰੇ ਦਰਵਾਜ਼ੇ ਬੰਦ ਕਰ ਦੇ ਤੇ ਕੋਈ ਝਾੜ, ਫ਼ਨੂਸ ਨਾ ਲਟਕਾ, ਕੋਈ ਮੋਮਬੱਤੀ ਦੀਵਾ ਨਾ ਬਾਲ, ਮੈਂ ਅੱਜ ਸਾਯੰ ਕਾਲ ਸੌਂ ਜਾਣਾ ਹੈ, ਕਿਉਂਕਿ ਮੇਰਾ ਪ੍ਰਾਣ ਪਿਆਰਾ ਪਤੀ ਪਰਦੇਸ ਵਿਚ ਹੈ, ਜਿਸ ਕਾਰਨ ਮੈਨੂੰ ਕੋਈ ਚੰਗੀ ਤੋਂ ਚੰਗੀ ਚੀਜ਼ ਵੀ ਚੰਗੀ ਨਹੀਂ ਲਗਦੀ। ਇਸ ਲਈ ਕਲਾਉਂਤ ਨੂੰ ਵੀ ਰੋਕ ਦੇ ਕਿ ਅੱਜ ਕੋਈ ਕਾਨੜਾ, ਕਲਿਆਨ ਨਾ ਗਾਇਆ ਜਾਏ।

ਇਹਨਾਂ ਸਤਰਾਂ ਵਿਚ ਪਤੀ-ਬ੍ਰਤ ਧਰਮ ਦੀ ਦ੍ਰਿੜ੍ਹਤਾ ਕੁਟ ਕੁਟ ਕੇ ਭਰੀ ਹੋਈ, ਲਬਰੇਜ਼ ਪੈਮਾਨੇ ਵਾਂਗ ਛਲਕਦੀ ਨਜ਼ਰ ਆ ਰਹੀ ਏ, ਐਸੀ ਸੱਚੀ ਸੁਚੀ ਪਤੀ-ਭਗਤੀ, ਪਤੀ ਦੇਵ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦਾ ਉੱਤਮ ਵਸੀਲਾ ਬਣ ਜਾਂਦੀ ਏ, ਜਿਸ ਦੇ ਸਿਰ ਸਦਕਾ, ਪਤੀ-ਭਗਤਣੀ ਸੁਖੀ ਜੀਵਨ ਬਤੀਤ ਕਰ ਕੇ ਮੁਖ ਉਜਲਾ ਕਰ ਲੈਂਦੀ ਏ ਤੇ ਬਾਕੀਆਂ ਵਾਸਤੇ ਇਕ ਮਿਸਾਲ ਬਣ ਜਾਂਦੀ ਏ। ਇਸ ਬਾਰੇ ਇਕ-ਦੋ ਪ੍ਰਮਾਣ ਹੋਰ ਦੇ ਕੇ ਅਗੇ ਚਲਦੇ ਹਾਂ:

ਦੇਖੋ ਵੈਰੀ ਬਯਾਰ ਬਹੇ, ਮੰਦ ਮੰਦ ਮੰਦਮਤੀ,
ਸੀਤਲ ਸੁਗੰਧੀ ਸੁਨਿਉ, ਮੋਰੇ ਭੂਲ ਆਵੇ ਨਾ।
ਮੋਰ ਇਨ ਮੋਰਨ ਕੋ, ਤੱਤਾ ਕੋ ਤਮਾਚਾ ਮਾਰ,
ਕੋਕਲਿ ਕੋ ਕਹੁ, ਕੂਹੂ ਕੂਹੂ ਭੂਲ ਗਾਵੇ ਨਾ।
ਤੜਤ ਨਾ ਤਾਂਵੇ ਬੂਦ, ਬਾਂਨ ਨ ਬਸਾਵੇ ਆਲੀ,
ਚਾਤ੍ਰਕ ਡੁਲਾਵੇ ਨਾਹੀ, ਮੇਘ ਉਮਡਾਵੇ ਨਾ।
ਕਹਿਤ ਪਯੂਖ ਪੀਆ ਪਿਆਰਾ, ਪਰਦੇਸ਼ ਧਾਤੇ,
ਹੋੜ ਦੇ ਬਸੰਤ ਪੈਰ, ਮੋਰੇ ਘਰ ਪਾਵੈ ਨਾ।
ਸਾੜ ਦੇਹੁ ਸੇਜ ਕੋ, ਬਿਸਾਓ ਨਾ ਬਿਛਾਈ ਆਜ,
ਪੀਛੇ ਕਰ ਪਲੰਗ, ਯਿਹ ਜ਼ਾਲਮ ਭੀ ਭਾਵੈ ਨਾ।
ਇਤਰ ਉਡੀਲ ਡਾਰ, ਕੇਵੜਾ ਕਿਨਾਰੇ ਕਰ,
ਗੇਰਦੇ ਗੁਲਾਬ, ਫੂਲ ਮਾਲ ਪਰੋਇ ਲਿਆਵੈ ਨਾ।
ਤੋਰ ਦੇ ਤਮੂਰਾ, ਅਰ ਮਧੰਮ ਮਰੋਰ ਡਾਰ,
ਜੁਦੀ ਕਰ ਜੋੜੀ, ਕੋਊ ਗਾਇਕੇ ਸੁਨਾਵੇ ਨਾ।
ਰੋ ਰੋ ਬਿਲਾਤ ਚਿਲਾਤ, ਨਹੀਂ ਚੈਨ ਪਰੈ,
ਤਜੂੰਗੀ ਮੈਂ ਪਰਾਨ, ਜੁ ਪੀਆ ਘਰ ਆਵੈ ਨਾ।

ਉਪਰਲੇ ਪ੍ਰਮਾਣਾਂ ਤੋਂ ਸੁਖੈਨ ਹੀ ਪਤਾ ਲਗ ਜਾਂਦਾ ਏ ਕਿ ਇਸਤ੍ਰੀ ਦੇ ਸੁਖ ਦਾ ਵਸੀਲਾ ਪਤੀ ਦੀ ਆਗਿਆ ਦਾ ਪਾਲਣ ਕਰਨਾ ਹੈ। ਜਿਸ ਤਰ੍ਹਾਂ ਪੁੱਤ ਦਾ ਸੁਖ

ਪਿਤਾ ਦੇ ਹੁਕਮ, ਸ਼ਾਗਿਰਦਾਂ ਦਾ ਸੁਖ ਉਸਤਾਦ ਦੇ ਹੁਕਮ, ਸਿਖ ਦਾ ਸੁਖ ਗੁਰੂ ਦੇ ਹੁਕਮ ਅਤੇ ਇਸਤ੍ਰੀ ਦਾ ਸੁਖ ਪਤੀ ਦੇ ਹੁਕਮ ਵਿਚ ਹੈ, ਏਸੇ ਤਰ੍ਹਾਂ ਸਮੂੰਹ ਸੰਸਾਰ ਦਾ ਸੁਖ ਵੀ ਕਿਸੇ ਦੀ ਆਗਿਆ ਪਾਲਣ ਵਿਚ ਹੈ। ਜੇਕਰ ਸਾਰੇ ਦਾ ਸਾਰਾ ਸੰਸਾਰ ਕਿਸੇ ਅਣਡਿਠੇ ਦੇ ਹੁਕਮ ਦੀ ਪਾਲਣਾ ਕਰਦਾ ਹੈ ਤਾਂ ਨਿਸ਼ਚੇ ਸੁਖੀ ਹੈ ਤੇ ਸੱਚੇ ਅਰਥਾਂ ਵਿਚ ਸੁਖੀ ਹੈ; ਪਰ ਜੇ ਹੁਕਮੋਂ ਬਾਗ਼ੀ ਹੈ, ਤਾਂ ਯਕੀਨਨ ਦੁਖੀ ਹੈ। ਬੜੀ ਸਿੱਧੀ ਜਿਹੀ ਗੱਲ ਹੈ, ਭਈ ਜਿਹੜਾ ਸਿਪਾਹੀ ਕਮਾਂਡਰ ਦੇ ਹੁਕਮੋਂ ਇਨਕਾਰੀ ਹੈ, ਉਹ ਸਜ਼ਾ ਪਾਉਂਦਾ ਏ ਤੇ ਜੋ ਆਗਿਆ ਪਾਲਦਾ ਹੈ, ਉਹ ਰੁਤਬਾ ਪਾ ਲੈਂਦਾ ਏ, ਇੱਜ਼ਤ ਵਧਾ ਲੈਂਦਾ ਏ।

ਅਗਲੇ ਪੰਨਿਆਂ 'ਤੇ ਹੁਕਮ ਬਾਰੇ ਥੋੜ੍ਹੀ ਜਿਹੀ ਵਿਚਾਰ ਇਉਂ ਹੈ ਕਿ ਦੌਲਤ ਇਕ ਜੀਉਂਦਾ ਜਾਦੂ ਹੈ! ਸਗੋਂ ਇਉਂ ਆਖੋ ਕਿ ਧਰਤੀ 'ਤੇ ਵੱਸਣ ਵਾਲਿਆਂ ਦਾ ਰੱਬ ਹੈ। ਜਿਸਦੇ ਪਾਸ ਦੌਲਤ ਹੈ, ਉਹ ਭਾਵੇਂ ਪੰਜੇ ਐਬ ਸ਼ਰਈ ਕਿਉਂ ਨਾ ਹੋਵੇ, ਫਿਰ ਵੀ ਉਸ ਦੀ ਪੂਜਾ ਹੁੰਦੀ ਰਹਿੰਦੀ ਏ। ਭਲੇ ਮਾਣਸ ਤੇ ਦੇਵਤਾ ਪੁਰਸ਼ ਨੂੰ ਵੀ ਮਾਇਆਧਾਰੀ ਐਬੀ ਅਗੇ ਹੱਥ ਜੋੜਨੇ ਤੇ ਨੱਕ ਰਗੜਨੇ ਪੈਂਦੇ ਨੇ, ਫੇਰ ਵੀ ਮਾਇਆਧਾਰੀ ਦੀ ਆਕੜ ਨਹੀਂ ਪਾਈ ਜਾਂਦੀ। ਸਤਿਗੁਰੂ ਜੀ ਐਵੇਂ ਤਾਂ ਨਹੀਂ ਲਿਖ ਗਏ ਕਿ :

ਜਉ ਨਿਰਧਨੁ ਸਰਧਨ ਕੈ ਜਾਇ॥ ਆਗੇ ਬੈਠਾ ਪੀਠਿ ਫਿਰਾਇ॥੧॥
ਜਉ ਸਰਧਨੁ ਨਿਰਧਨ ਕੈ ਜਾਇ॥ ਦੀਆ ਆਦਰੁ ਲੀਆ ਬੁਲਾਇ॥੨॥

(ਭੈਰਉ ਕਬੀਰ ਜੀ, ਪੰਨਾ ੧੧੫੯)

ਚੰਗੇ ਤੋਂ ਚੰਗਾ ਤੇ ਵੱਡੇ ਤੋਂ ਵੱਡਾ ਅਤੇ ਮੰਨਿਆ-ਪ੍ਰਮੰਨਿਆ ਭਲਾ ਮਾਣਸ ਕਿਉਂ ਨਾ ਹੋਵੇ, ਜੇ ਮਾਇਆਧਾਰੀ ਦੇ ਘਰ ਚਲਿਆ ਜਾਏ ਤਾਂ ਮਾਇਆਧਾਰੀ ਦੇ ਨਖ਼ਰੇ ਹੀ ਸਾਹ ਨਹੀਂ ਲੈਂਦੇ, ਉਹ ਬੋਲਣਾ ਹੀ ਪਸੰਦ ਨਹੀਂ ਕਰਦਾ, ਜੇ ਭਲਾ ਬੋਲਣਾ ਪੈ ਹੀ ਜਾਏ ਤਾਂ ਬੜੇ ਨਾਜ਼ ਨਖ਼ਰੇ ਨਾਲ ਤੇ ਨੱਕ ਬੁਲ੍ਹ ਵੱਟ ਕੇ ਬੋਲਦਾ ਹੈ। ਇਸ ਤਰ੍ਹਾਂ ਕਿਉਂ ਹੋ ਰਿਹਾ ਏ ? ਸਿਰਫ਼ ਇਸ ਲਈ ਕਿ ਭਲਾ ਮਾਣਸ ਗ਼ਰੀਬ ਹੈ। ਗ਼ਰੀਬੀ ਦੇ ਚੰਦਰੇ ਰੋਗ ਨੇ ਉਸ ਦੇ ਸਾਰੇ ਗੁਣ ਤਬਾਹ ਕਰ ਰਖੇ ਨੇ। ਗ਼ਰੀਬੀ ਦੇ ਪਲੇਗੀ ਕੀੜਿਆਂ ਨੇ ਉਸ ਦੇ ਸ਼ੁਭ ਗੁਣਾਂ ਦਾ ਖ਼ੂਨ ਕਰ ਛਡਿਆ ਹੈ। ਗ਼ਰੀਬੀ ਦੇ ਖਈ ਰੋਗ ਨੇ, ਚੰਗੇ ਗੁਣਾਂ ਦੇ ਹੀਰਿਆਂ ਦੀ ਆਬਤਾਬ ਫਿੱਕੀ ਤੇ ਕੋਝੀ ਕਰ ਦਿੱਤੀ ਏ।

ਦੂਜੇ ਪਾਸੇ ਮਾਇਆਧਾਰੀ ਦੀ ਰੋਜ਼ਾਨਾ ਜ਼ਿੰਦਗੀ ਵੱਲ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਦਿਨ ਰਾਤ ਸ਼ਰਾਬ ਦਾ ਦੌਰ ਦੌਰਾ ਹੈ। ਕਬਾਬ, ਸੀਖਾਂ 'ਤੇ ਤਿਰੜ ਤਿਰੜ ਕਰਦੇ ਨੇ, ਮੁਰਗੇ ਰੋਸਟ ਹੋ ਰਹੇ ਨੇ, ਤਿੱਤਰਾਂ ਤੇ ਭਟਿੱਟਰਾਂ ਮਗਰ ਛਡੇ ਸ਼ਿਕਾਰੀ, ਜੂਹਾਂ ਫੋਲਦੇ ਪਏ ਨੇ। ਸਹਿਆਂ ਦਾ ਸ਼ਿਕਾਰ ਕਰਨ ਵਾਲੇ ਕੁੱਤਿਆਂ ਦੀ ਟਹਿਲ ਤਵਾਜਿਆ ਕੀਤੀ ਜਾ ਰਹੀ ਏ। ਮਜਲਿਸ ਗਰਮ ਹੈ, ਵੰਨ ਸੁਵੰਨੀਆਂ ਵੇਸ਼ਵਾਵਾਂ ਨਾਚ ਨਚਦੀਆਂ ਤੇ ਠੁਮਰੀ, ਟੱਪੇ ਗਾਉਂਦੀਆਂ ਨੇ, ਮਾਇਆਧਾਰੀ ਦੇ ਦਿਲ ਨੂੰ ਖ਼ੁਸ਼ ਕਰ ਰਹੀਆਂ ਨੇ। ਕਾਂ ਕੁੱਤੇ ਪਾਲ ਰਹੇ ਨੇ; ਇੱਲਾਂ ਜੂਠੇ ਮਿੱਠੇ ਟੁਕੜੇ ਝਪਟ ਰਹੀਆਂ ਨੇ; ਕੰਜਰ, ਗੁੰਡੇ ਮੌਜਾਂ ਉਠਾ ਰਹੇ ਨੇ, ਚਲਣ ਤੋਂ ਹੀਣ ਦਿਨ ਰਾਤ ਪਾਪ ਕਰਮ ਵਿਚ ਪਰਵਿਰਤ ਰਹਿਣ ਵਾਲੀਆਂ ਵੇਸ਼ਵਾਵਾਂ ਗੁਲਸ਼ੱਰੇ ਉਡਾ ਰਹੀਆਂ ਨੇ, ਬਾਜ਼ਾਂ ਨੂੰ ਤਾਮੇ

ਤੇ ਲਗੜਾਂ, ਸ਼ਿਕਾਰੀਆਂ ਨੂੰ ਮਨ-ਭਾਉਂਦੀਆਂ ਖ਼ੁਰਾਕਾਂ ਖਵਾਈਆਂ ਜਾ ਰਹੀਆਂ ਨੇ ਪਰ ਔਹ ਵੇਖੋ, ਇਕ ਭਲਾ ਪੁਰਸ਼ ਹੱਥ ਜੋੜ ਕੇ, ਗਲ ਵਿਚ ਪਰਨਾ ਪਾ ਕੇ ਧੌਣ ਨੀਵੀਂ ਕਰ ਕੇ ਤਰਲੇ ਕਢਦਾ ਤੇ ਮਿੰਨਤਾਂ ਕਰਦਾ ਹੈ, ਪਰ ਉਸ ਨੂੰ ਦੁਰਕਾਰਿਆ ਜਾ ਰਿਹਾ ਹੈ; ਝਿੜਕਾਂ, ਝਾੜਾਂ ਤੇ ਘੂਰੀਆਂ ਦਿੱਤੀਆਂ ਜਾ ਰਹੀਆਂ ਨੇ। ਵਿਚਾਰੇ ਦੇ ਗਲੇਡੂ ਭਰੇ ਹੋਏ ਨੇ। ਅੱਖੀਆਂ ਦੀਆਂ ਆਡਾਂ ਚੋਣ ਨੂੰ ਫਿਰਦੀਆਂ ਨੇ, ਪਰ ਕਿਸੇ ਦੇ ਸ਼ੁਗਲ ਵਿਚ ਭੰਗ ਨਾ ਪੈ ਜਾਏ, ਡਰਦੀਆਂ ਨੇ। ਆਪਣੇ ਸਾਰੇ ਉਦਰੇਵੇਂ, ਆਪਣੀਆਂ ਆਸਾਂ ਤੇ ਨਿਰਾਸਾਂ, ਜਿਗਰ ਦੇ ਫੋੜੇ ਵਾਂਗ ਅੰਦਰੇ ਹੀ ਦੱਬ ਕੇ ਖੜੋਤਾ ਏ, ਇਸ ਵੱਲ ਵੇਖਿਆ ਤਕ ਨਹੀਂ ਜਾ ਰਿਹਾ। ਸਿਰਫ਼ ਇਸ ਕਰਕੇ ਕਿ ਇਹ ਵਿਚਾਰਾ ਗ਼ਰੀਬ ਹੈ। ਇਹ ਹੈ ਮਾਇਆ ਦਾ ਚਮਤਕਾਰ ਕਿ ਇਕ ਭਲੇ ਮਾਣਸ ਕੋਲੋਂ, ਪੰਜੇ ਐਬ ਸ਼ਰਈ ਦੀ ਪੂਜਾ ਕਰਵਾ ਰਹੀ ਹੈ।

ਜੇ ਕਦੇ ਮਾਇਆ ਪਾਂ ਕੇ ਦਿਲ ਵਿਚ ਗ਼ਰੀਬਾਂ ਲਈ ਦਇਆ ਤੇ ਤਰਸ ਆ ਜਾਏ; ਜੇ ਮਾਇਆ ਦੇ ਨਾਲ ਨਾਲ ਨੇਕੀ, ਪਰਉਪਕਾਰ, ਜਨਤਾ ਦੀ ਭਲਾਈ, ਡਿਗਿਆਂ ਢਠਿਆਂ ਨਾਲ ਪਿਆਰ ਤੇ ਦਰ ਦਰ ਰੁਲਦੇ ਅਨਾਥ, ਯਤੀਮਾਂ ਨੂੰ ਗਲ ਲਾਉਣਾ ਆ ਜਾਏ, ਤਾਂ ਸਮਝੋ ਕਿ ਐਸਾ ਮਾਇਆਧਾਰੀ ਇਕ ਦੇਵਤਾ ਹੈ, ਪਿਆਰ ਦਾ ਪੁਤਲਾ ਤੇ ਜੀਊਂਦਾ ਜਾਗਦਾ ਫ਼ਰਿਸ਼ਤਾ ਹੈ। ਐਸੇ ਮਾਇਆਧਾਰੀ ਨੂੰ ਲੋਕੀ ਹੱਥੀਂ ਛਾਵਾਂ ਕਰਨ ਨੂੰ ਤਿਆਰ ਹਨ। ਏਹੋ ਜਿਹਾ ਇਕ ਮਾਇਆਧਾਰੀ, ਪ੍ਰਭਾਤ ਵੇਲੇ ਪਾਣੀ ਦੀ ਗੜਵੀ ਲੈ ਕੇ, ਬਾਹਰ ਖੁਲ੍ਹੀ ਜੂਹ ਵਿਚ ਜੰਗਲ-ਪਾਣੀ ਲਈ ਤੁਰਿਆ। ਪਿੰਡ ਦੀਆਂ ਗਲੀਆਂ ਦੇ ਮੋੜ ਮੁੜਦਾ ਹੋਇਆ ਪਿੰਡੋਂ ਬਾਹਰ ਨਿਕਲ ਤੁਰਿਆ। ਅਜੇ ਥੋੜ੍ਹੀ ਹੀ ਦੂਰ ਗਿਆ ਸੀ ਕਿ ਪ੍ਰਭਾਤ ਦੇ ਟਿਕੇ ਹੋਏ ਸਮੇਂ ਵਿਚ ਕਈ ਇਕ ਸੁਰੀਲੀਆਂ ਤੇ ਮਨਮੋਹਣੀਆਂ ਆਵਾਜ਼ਾਂ ਉਸਦੇ ਕੰਨਾਂ ਵਿਚ ਪਈਆਂ, ਜਿਨ੍ਹਾਂ ਨੇ ਮਨ ਵਿਚ ਇਕ ਅਨੋਖੀ ਹਲਚਲ ਪੈਦਾ ਕਰ ਦਿੱਤੀ। ਧਰਮਾਤਮਾ ਮਾਇਆਧਾਰੀ ਸੋਚੀਂ ਪੈ ਗਿਆ, ਤੇ ਮਨ ਹੀ ਮਨ ਵਿਚਾਰਨ ਲੱਗਾ ਕਿ ਮੈਂ ਵੱਡੇ ਵੱਡੇ ਗਵੱਈਏ ਤੇ ਕਲਾਉਂਤ ਸੁਣੇ ਹਨ, ਧਰੁਪਦ ਤੇ ਤਰਾਨੇ ਵੀ ਸੁਣੇ ਹਨ, ਠੁਮਰੀਆਂ ਤੇ ਟੱਪੇ ਵੀ ਸੁਣੇ ਹਨ, ਮਿਲੇ-ਜੁਲੇ ਰਾਗਾਂ ਦੇ ਗੁਲਦਸਤੇ ਬਣਾ ਕੇ ਗਾਉਣ ਵਾਲੇ ਕਲਾਕਾਰ ਵੀ ਸੁਣੇ ਹਨ, ਪ੍ਰਭਾਤੀ ਤੇ ਪ੍ਰਭਾਸ ਦੇ ਵਖੇਵੇਂ ਕਰਨ ਵਾਲੇ,ਭੀਮ ਤੇ ਭੀਮ ਪਲਾਸੀ ਦਾ ਵਖੇਵਾਂ ਕਰਨ ਵਾਲੇ, ਬਸੰਤ ਤੇ ਬਸੰਤ ਬਹਾਰ ਨੂੰ ਨਖੇੜਨ ਵਾਲੇ ਸੰਗੀਤਕਾਰ ਵੀ ਸੁਣੇ, ਪਰ ਕਿਸੇ ਵੀ ਸੰਗੀਤਕਾਰ ਨੇ ਮੇਰੇ ਮਨ ਨੂੰ ਉਹ ਖਿੱਚਾਂ ਨਹੀਂ ਪਾਈਆਂ ਜਿਹੜੀਆਂ ਕਿ ਅੱਜ ਦੀਆਂ ਗ਼ੈਬੀ ਆਵਾਜ਼ਾਂ ਨੇ ਪਾਈਆਂ ਹਨ। ਆਵਾਜ਼ਾਂ ਕਿਥੋਂ ਆਉਂਦੀਆਂ ਨੇ ? ਇਹ ਦੇਖਣ ਦੀ ਮਨ 'ਚ ਖਿਚ ਪਈ। ਜਿਸ ਪਾਸਿਓਂ ਉਹ ਮਿੱਠੀਆਂ ਤੇ ਸੁਰੀਲੀਆਂ ਧੁਨਾਂ ਆ ਰਹੀਆਂ ਸਨ, ਉਸ ਪਾਸੇ ਨੂੰ ਹੋ ਤੁਰਿਆ। ਥੋੜ੍ਹੀ ਜਿਹੀ ਦੂਰੀ 'ਤੇ ਜਾ ਕੇ ਦੇਖਣ ਤੋਂ ਪਤਾ ਲੱਗਾ ਕਿ ਉਹ ਆਵਾਜ਼ਾਂ ਮੇਰੇ ਹੀ ਬਾਗ਼ ਵਿਚੋਂ ਆ ਰਹੀਆਂ ਨੇ। ਮਨ ਹੀ ਮਨ ਬੜਾ ਪ੍ਰਸੰਨ ਹੋਇਆ ਤੇ ਸ਼ੁਕਰਾਨੇ ਵਿਚ ਮਸਤ ਹੋ ਕੇ ਬੋਲ ਉਠਿਆ ਕਿ ਮੈਂ ਬੜਾ ਵਡਭਾਗਾ ਹਾਂ ਜੁ ਮੇਰੇ ਆਪੇ ਨੂੰ ਆਪੇ ਨਾਲ ਜੋੜਨ ਵਾਲੀਆਂ ਸੋਜ਼ ਤੇ ਕਸ਼ਿਸ਼ ਭਰੀਆਂ ਆਵਾਜ਼ਾਂ ਮੇਰੇ ਹੀ ਬਾਗ਼ ਵਿਚੋਂ ਨਿਕਲ ਰਹੀਆਂ ਨੇ। ਹੁਣ ਮਨ ਦੀਆਂ ਤਾਂਘਾਂ ਏਸ ਲਈ ਤੇਜ਼ ਹੋਈਆਂ ਕਿ ਅੰਦਰ ਚਲ ਕੇ ਦੇਖੀਏ,ਭਈ ਇਹ ਧੁਨਾਂ ਜੋ ਅੰਦਰਲੇ

ਨੂੰ ਟੁੰਬਦੀਆਂ ਨੇ, ਇਨ੍ਹਾਂ ਨੂੰ ਅਲਾਪਣ ਵਾਲਾ ਕੌਣ ਏ ? ਮੇਰੇ ਅੰਦਰਲੇ ਦੇ ਅੰਦਰਲਿਆਂ ਪੜਦਿਆਂ ਵਿਚ ਪ੍ਰਵੇਸ਼ ਕਰ ਕੇ ਮੇਰੇ ਅੰਦਰ ਪਿਆਰ-ਪੀਂਘਾਂ ਪਾਉਣ ਵਾਲੀਆਂ ਇਹ ਸੁਰੀਲੀਆਂ ਸੁਰਾਂ ਸੁਟਣ ਵਾਲੇ ਕੌਣ ਹਨ ? ਪਿਆਰ ਹੁਲਾਰੇ 'ਚ ਝੂਮਦਾ ਮਾਇਆਧਾਰੀ ਧਰਮਾਤਮਾ ਸਤਿਕਾਰ ਸਹਿਤ ਬਾਗ 'ਚ ਦਾਖ਼ਲ ਹੋਇਆ। ਜਿਥੇ ਪਹੁੰਚਦੇ ਸਾਰ ਪਤਾ ਲੱਗਾ ਕਿ ਆਵਾਜ਼ਾਂ ਦਸ ਵੀਹ ਪੰਜਾਹ ਨਹੀਂ ਸਗੋਂ ਸੈਂਕੜਿਆਂ ਦੀ ਗਿਣਤੀ 'ਚ ਹਨ ਤੇ ਇਕ ਤੋਂ ਇਕ ਸੁਰੀਲੀ ਤੇ ਰਸੀਲੀ ਹੈ। ਜ਼ਰਾ ਹੋਰ ਗਹੁ ਨਾਲ ਦੇਖਣ ਤੋਂ ਪਤਾ ਲੱਗਾ ਕਿ ਇਹ ਆਵਾਜ਼ਾਂ ਮਨੁੱਖਾਂ ਦੀਆਂ ਨਹੀਂ ਤੇ ਨਾ ਹੀ ਦੇਵਤਿਆਂ ਦੀਆਂ ਹਨ। ਜਖ਼ਸ਼, ਕਿੰਨਰ ਤੇ ਗੰਧਰਬਾਂ ਦੀਆਂ ਵੀ ਨਹੀਂ, ਸਗੋਂ ਇਹ ਆਵਾਜ਼ਾਂ ਉਨ੍ਹਾਂ ਦੀਆਂ ਹਨ ਜੋ ਪ੍ਰਭਾਤ ਵੇਲੇ ਲੰਮੀਆਂ ਲੰਮੀਆਂ ਲਚਕਦਾਰ ਸ਼ਾਖ਼ਾਂ 'ਤੇ ਬੈਠ ਕੇ ਕੁਦਰਤ ਦੇ ਨਗ਼ਮੇ ਗਾਉਂਦੇ ਨੇ, ਜਿਨ੍ਹਾਂ ਦੇ ਕੰਠ ਸੁਰੀਲੇ ਨੇ, ਅਲਾਪਚਾਰੀ ਵਿਚ ਖਿੱਚ ਹੈ, ਗਲਿਆਂ 'ਚ ਸੋਜ਼ ਹੈ, ਮਨ ਨੂੰ ਮੋਂਹਦੇ ਨੇ, ਅੰਦਰਲੇ ਨੂੰ ਕੋਂਹਦੇ ਨੇ। ਇਹ ਖੰਭਾਂ ਵਾਲੇ ਆਪਣੇ ਰਾਗ ਦਾ ਵਕਤ ਕਦੇ ਵੀ ਨਹੀਂ ਘੁਸਾਂਦੇ। ਮੀਂਹ ਹੋਵੇ ਹਨੇਰੀ ਹੋਵੇ, ਝੱਖੜ ਹੋਵੇ ਝਾਂਜਾ ਹੋਵੇ, ਗਰਮੀ ਹੋਵੇ ਸਰਦੀ ਹੋਵੇ, ਬਿਜਲੀਆਂ ਦੀ ਚਮਕ, ਬੱਦਲਾਂ ਦੀ ਗੜਗੜਾਹਟ ਤੇ ਹੋਰ ਵੀ ਕੋਈ ਵੱਡੀ ਤੋਂ ਵੱਡੀ ਮੁਸੀਬਤ ਕਿਉਂ ਨਾ ਹੋਵੇ, ਇਹ ਆਪਣੇ ਵੇਲਿਓਂ ਨਹੀਂ ਉੱਕਦੇ, ਸਗੋਂ ਐਨ ਵੇਲੇ ਸਿਰ ਆਪਣਾ ਰਾਗ ਅਰੰਭ ਕੇ ਗ਼ਾਫ਼ਿਲ ਤੇ ਗੁਮਰਾਹ ਬੰਦਿਆਂ ਨੂੰ ਹੋਸ਼ 'ਚ ਲਿਆ ਕੇ ਖ਼ਬਰਦਾਰ ਤੇ ਸੁਚੇਤ ਕਰ ਕੇ ਕਿਸੇ ਅਤਿ ਪਿਆਰੇ ਨਾਲ ਜੋੜਦੇ ਹਨ।

ਧਰਮਾਤਮਾ ਮਾਇਆਧਾਰੀ, ਧਰਮੀ ਪੰਖੇਰੂਆਂ ਦਾ ਮਨੋਹਰ ਰਾਗ ਸੁਣ ਕੇ ਸੋਚ ਸਾਗਰ 'ਚ ਵਹਿ ਤੁਰਿਆ, ਮਨੁੱਖਾਂ ਦੀ ਹਾਲਤ 'ਤੇ ਅਫ਼ਸੋਸ ਕਰਨ ਲਗ ਪਿਆ। ਭਈ ਦੇਖੋ, ਆਦਮੀ ਕਿੰਨਾ ਅਕ੍ਰਿਤਘਣ ਹੈ ਕਿ ਚੰਗੇ ਤੋਂ ਚੰਗੇ ਪਦਾਰਥ ਖਾ ਕੇ, ਸਵਾਦੀ ਤੋਂ ਸਵਾਦੀ ਪਕਵਾਨ ਖਾ ਕੇ, ਕਈ ਪ੍ਰਕਾਰ ਦੇ ਸੋਹਣੇ ਮੇਵੇ ਛਕ ਕੇ, ਕੀਮਤੀ ਤੋਂ ਕੀਮਤੀ ਪੁਸ਼ਾਕਾਂ ਪਹਿਨ ਕੇ ਵੀ ਦੇਣਹਾਰ ਨੂੰ ਚੇਤੇ ਨਹੀਂ ਕਰਦਾ। ਪਰ ਸਦ ਸ਼ਾਬਾਸ਼ ਹੈ ਇਨ੍ਹਾਂ ਖੰਭਾਂ ਵਾਲੇ ਰਾਗੀਆਂ ਨੂੰ, ਜੋ ਕੰਕਰ-ਪੱਥਰ ਖਾ ਕੇ, ਜੰਗਲਾਂ ਵਿਚ ਵੱਸ ਕੇ, ਮੀਂਹ-ਪਾਣੀ ਤੇ ਸਰਦੀ-ਗਰਮੀ ਦੇ ਦੁਖ ਸਹਾਰ ਕੇ ਵੀ ਆਪਣੇ ਪਿਆਰੇ ਨਾਲ ਪਿਆਰ ਕਰਦੇ ਤੇ ਪਿਆਰ ਦੀਆਂ ਗੰਢਾਂ ਪੀਡੀਆਂ ਤੇ ਪੱਕੀਆਂ ਕਰ ਰਹੇ ਨੇ। ਏਸੇ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਨੋਹਰ ਤੇ ਪਵਿਤਰ ਬਾਣੀ 'ਚ ਕਥਨ ਹੈ :

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ, ਜੰਗਲਿ ਜਿੰਨ੍ਾ ਵਾਸੁ ॥
ਕਕਰ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ ॥੧੦੧॥

(ਸਲੋਕ ਫਰੀਦ ਜੀ, ਪੰਨਾ ੧੩੮੩)

ਅਧੁ ਗੁਲ੍ਾ ਚਿੜੀ ਕਾ, ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ, ਜਿ ਕਰੇ ਖੁਦਾਇ ਖੁਦਾਇ ॥

(ਵਾਰ ਮਲਾਰ ਮ: ੧, ਪੰਨਾ ੧੨੮੬)

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ, ਤਾਂ ਦਰਿ ਸੁਣੀ ਪੁਕਾਰ ॥

(ਵਾਰ ਮਲਾਰ ਮ: ੧, ਪੰਨਾ ੧੨੮੫)

ਪੁਕਾਰ ਸੁਣਦੇ ਸਾਰ ਹੀ:

ਮੇਘੈ ਨੋ ਫੁਰਮਾਨੁ ਹੋਆ, ਵਰਸਹੁ ਕਿਰਪਾ ਧਾਰਿ॥

(ਵਾਰ ਮਲਾਰ ਮ: ੧, ਪੰਨਾ ੧੨੮੫)

ਜਿਨ੍ਹਾਂ ਦੀ ਪੁਕਾਰ ਸੁਣਦੇ ਸਾਰ ਮੇਘਲਾ ਬਰਸਿਆ:

ਹਉ ਤਿਨ ਕੈ ਬਲਿਹਾਰਣੈ, ਜਿਨੀ ਸਚੁ ਰਖਿਆ ਉਰਿਧਾਰਿ॥
ਨਾਨਕ ਨਾਮੇ ਸਭ ਹਰੀਆਵਲੀ, ਗੁਰ ਕੈ ਸਬਦਿ ਵੀਚਾਰਿ॥

(ਵਾਰ ਮਲਾਰ ਮ: ੧, ਪੰਨਾ ੧੨੮੫)

ਅਕ ਸਿਉ ਪ੍ਰੀਤਿ ਕਰੇ ਅਕਤਿਡਾ, ਅਕ ਡਾਲੀ ਬਹਿ ਖਾਹਿ॥
ਖਸਮੈ ਭਾਵੈ ਓਹੋ ਚੰਗਾ, ਜਿ ਕਰੇ ਖੁਦਾਇ ਖੁਦਾਇ॥

(ਵਾਰ ਮਲਾਰ ਮ: ੧, ਪੰਨਾ ੧੨੮੬)

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ, ਹਉ ਬਿਰਹੈ ਜਾਲੀ॥ *(ਸੂਹੀ ਫਰੀਦ, ਪੰਨਾ ੭੯੪)*

ਕੋਇਲ ਲਗਨ ਦੀ ਕਿੰਨੀ ਪੱਕੀ ਹੈ ਕਿ ਆਪਣੇ ਪਿਆਰੇ ਦੇ ਵਿਛੋੜੇ ਵਿਚ ਸੜ ਕੇ ਕਾਲੀ ਸ਼ਾਹ ਹੋਈ ਹੋਈ, ਦਿਨ ਰਾਤ ਕੂਕਾਂ ਕੂਕਦੀ, ਕੀਰਨੇ ਕਰਦੀ ਥੱਕਦੀ ਨਹੀਂ; ਪਰ ਮਨੁੱਖ ਤਾਂ ਆਪਣੇ ਪਿਆਰੇ ਦੀ ਯਾਦ ਤੋਂ ਕੋਹਾਂ ਦੂਰ ਹੈ। ਸਤਿਗੁਰ ਜੀ ਨੇ ਪੰਖੇਰੂਆਂ ਬਾਰੇ ਇਕ ਖ਼ਿਆਲ ਇਉਂ ਭੀ ਕਥਨ ਕੀਤਾ ਹੈ ਕਿ:

ਮੈ ਰੋਵੰਦੀ ਸਭੁ ਜਗੁ ਰੁਨਾ, ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ, ਜਿਨਿ ਹਉ ਪਿਰਹੁ ਵਿਛੋੜੀ॥

(ਵਡਹੰਸੁ ਮ: ੧, ਪੰਨਾ ੫੫੮)

ਖੰਭਾਂ ਵਾਲੇ ਰਾਗੀਆਂ ਬਾਰੇ, ਇਕ ਹੋਰ ਥਾਵੇਂ ਬੜਾ ਹੀ ਅਮੋਲਕ ਖ਼ਿਆਲ ਅਰਸ਼ਾਦ ਫ਼ੁਰਮਾਇਆ ਹੈ ਕਿ:

ਚਿੜੀ ਚੁਹਕੀ ਪਹੁ ਫੁਟੀ, ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ, ਨਾਨਕ ਨਾਮਹਿ ਰੰਗ॥

(ਗਉੜੀ ਕੀ ਵਾਰ ਮ: ੫, ਪੰਨਾ ੩੧੯)

ਇਸ ਤੋਂ ਵੀ ਅਗੇਰੇ ਚਲੇ ਜਾਈਏ, ਤਾਂ ਚਿੜੀ, ਜਨੌਰਾਂ ਤੇ ਪਸ਼ੂਆਂ ਬਾਰੇ ਸਤਿਗੁਰੂ ਜੀ ਨੇ ਬਹੁਤ ਹੀ ਅਲੌਕਿਕ ਤੇ ਵਿਚਲ ਬਚਨ ਲਿਖੇ ਹਨ ਕਿ:

ਜੋ ਬੋਲਤ ਹੈ ਮ੍ਰਿਗ, ਮੀਨ, ਪੰਖੇਰੂ, ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥

(ਮਲਾਰ ਮ: ੪, ਪੰਨਾ ੧੨੬੫)

ਏਸੇ ਲਈ ਤਾਂ ਹੁਕਮ ਕੀਤਾ ਹੈ ਕਿ:

ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ॥
ਸਭ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ॥

(ਸਲੋਕ ਮ: ੩, ਪੰਨਾ ੧੪੧੯)

ਚਕਵੀ ਨੈਨ ਨੀਂਦ ਨਹਿ ਚਾਹੈ, ਬਿਨੁ ਪਿਰ ਨੀਂਦ ਨ ਪਾਈ॥
ਸੂਰੁ ਚਰੈ ਪ੍ਰਿਉ ਦੇਖੈ ਨੈਨੀ, ਨਿਵਿ ਨਿਵਿ ਲਾਗੈ ਪਾਈ॥੧॥

(ਮਲਾਰ ਮ: ੧, ਪੰਨਾ ੧੨੭੩)

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ, ਜਿਨਿ ਜਲ ਸਿਉ ਹੇਤੁ ਬਢਾਇਓ॥
ਕਮਲ ਹੇਤਿ ਬਿਨਸਿਓ ਹੈ ਭਵਰਾ, ਉਨਿ ਮਾਰਗੁ ਨਿਕਸਿ ਨ ਪਾਇਓ॥

(ਧਨਾਸਰੀ ਮ: ੫, ਪੰਨਾ ੬੭੦)

ਪਸੂ ਮਿਲਹਿ ਚੰਗਿਆਈਆ, ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮੁ ਵਿਹੂਣੇ ਆਦਮੀ, ਧ੍ਰਿਗੁ ਜੀਵਣ ਕਰਮ ਕਰੇਹਿ॥ (ਗੂਜਰੀ ਮ: ੧, ਪੰਨਾ ੪੮੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਿਛੋਂ ਜੇ ਅਸੀਂ ਭਾਈ ਗੁਰਦਾਸ ਜੀ ਨਾਲ ਗੱਲਾਂ ਕਰੀਏ ਤਾਂ ਉਹ ਬੜੇ ਸੁਲਝੇ ਹੋਏ ਵਿਚਾਰ ਪੇਸ਼ ਕਰਦੇ ਨੇ। ਭਾਈ ਸਾਹਿਬ ਜੀ, ਗੁਰਮਤਿ ਦੇ ਸਿਆਣੇ ਟੀਕਾਕਾਰ ਹੋਣ ਕਰਕੇ ਸਿਖ ਜਗਤ ਵਿਚ ਪਿਆਰ ਨਾਲ ਸਤਿਕਾਰੇ ਜਾਂਦੇ ਹਨ, ਤੇ ਗੁਰਮਤਿ ਦੇ ਗੁੱਝੇ ਭੇਤਾਂ ਨੂੰ ਸੁਖੈਨ ਜੁਗਤੀ ਨਾਲ ਖੋਲ੍ਹ ਵਿਖਾਂਦੇ ਹਨ। ਗੁਰਬਾਣੀ ਦੇ ਅੰਮ੍ਰਿਤ ਬਚਨਾਂ ਵਿਚ ਜੋ ਪਸ਼ੂ ਪੰਛੀਆਂ ਦਾ ਜ਼ਿਕਰ ਆਇਆ ਹੈ, ਉਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਬਹੁਤ ਕੁਛ ਲਿਖਿਆ ਹੈ, ਜੈਸਾ ਕਿ:

ਗਨਿਕਾ ਪਾਪਣਿ ਹੋਇਕੈ, ਪਾਪਾਂ ਦਾ ਗਲਿ ਹਾਰ ਪਰੋਤਾ॥
ਮਹਾਂ ਪੁਰਖ ਅਚਾਨਚੱਕ ਗਨਿਕਾ ਵਾੜੇ ਆਇ ਖਲੋਤਾ॥
ਦੁਰਮਤਿ ਦੇਖਿ ਦਇਆਲ ਹੋਇ; ਹਥਹੁ ਉਸਨੋ ਦਿਤੋਸੁ ਤੋਤਾ॥
ਰਾਮ ਨਾਮੁ ਉਪਦੇਸੁ ਕਰਿ, ਖੇਲਿ ਗਿਆ ਦੇ ਵਣਜੁ ਸਓਤਾ॥
ਲਿਵਲਾਗੀ ਤਿਸੁ ਤੋਤਿਅਹੁ, ਨਿਤ ਪੜ੍ਹਾਏ ਕਰੈ ਅਸੋਤਾ॥
ਪਤਿਤ ਉਧਾਰਣੁ ਰਾਮ ਨਾਮ, ਦੁਰਮਤਿ ਪਾਪ ਕਲੇਵਰੁ ਧੋਤਾ॥
ਅੰਤਕਾਲੁ ਜਮ ਜਾਲੁ ਤੋੜਿ, ਨਰਕੈ ਵਿਚਿ ਨ ਖਾਧੁਸੁ ਗੋਤਾ॥
ਗਈ ਬੈਕੁੰਠ ਬਿਬਾਣਿ ਚੜ੍ਹਿ, ਨਾਉ ਨਾਰਾਇਣੁ ਛੋਤਿ ਅਛੋਤਾ॥
ਥਾਉ ਨਿਥਾਵੇ ਮਾਣੁ ਮਾਣੋਤਾ॥ (ਵਾਰ ੧੦, ਪਉੜੀ ੨੧)

ਚੰਦ ਚਕੋਰ ਪ੍ਰੀਤ ਹੈ, ਲਾਇ ਤਾਰ ਨਿਹਾਲੇ॥
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥
ਨੇਹੁ ਕਵਲ ਜਲ ਜਾਣੀਐ, ਖਿੜਿ ਮੁਹ ਵਖਾਲੇ॥
ਮੋਰ ਬਬੀਹੇ ਬੋਲਦੇ, ਵੇਖ ਬਦਲ ਕਾਲੇ॥
ਨਾਰਿ ਭਤਾਰ ਪਿਆਰੁ ਹੈ, ਮਾਂ ਪੁਤ ਸਮ੍ਹਾਲੇ॥
ਪੀਰ ਮੁਰੀਦਾ ਪਿਰਹੜੀ, ਓਹੁ ਨਿਭਹੈ ਨਾਲੇ॥ (ਵਾਰ ੨੭, ਪਉੜੀ ੪)

ਭਾਈ ਗੁਰਦਾਸ ਜੀ ਦੀਆਂ ਵਾਰਾਂ ਪਿਛੋਂ ਜੇ ਅਸੀਂ ਆਪ ਦੇ ਕਬਿਤ ਸਵੱਯਾਂ, ਜੋ ਕਿ ਹਿੰਦੀ ਭਾਸ਼ਾ ਵਿਚ ਹਨ, ਵੱਲ ਨਜ਼ਰ ਮਾਰੀਏ ਤਾਂ ਭਾਈ ਜੀ ਦੇ ਕਮਾਲ ਦੇਖ ਕੇ ਬਦੋਬਦੀ ਅਸ਼ ਅਸ਼ ਕਰ ਉੱਠੀਦਾ ਹੈ। ਕਿੰਨੇ ਅਨੋਖੇ ਤੇ ਅਲੌਕਿਕ ਢੰਗ ਨਾਲ ਲਿਖਦੇ ਹਨ ਕਿ:

ਦੀਪਕ ਪੈ ਆਵਤ ਪਤੰਗ ਪ੍ਰੀਤਿ ਰੀਤਿ ਲਗਿ,
ਦੀਪਕਹਿ ਮਹਾਂ ਬਿਪਰੀਤਿ ਮਿਲੇ ਜਾਰਿ ਹੈ॥
ਅਲਿ ਚਲਿ ਆਵਤ ਕਮਲ ਪਹਿ ਸਨੇਹ ਕਰਿ,
ਕਮਲ ਸੰਪੁਟਿ, ਬਾਂਧਿ, ਪ੍ਰਾਨ ਪਰਹਾਰਿ ਹੈ॥
ਮਨ, ਬਚਨ, ਕ੍ਰਮ, ਜਲ ਮੀਨ ਲਿਵਲੀਨ ਗਤਿ,
ਬਿਛੁਰਤਿ ਰਾਖਿ ਨ ਸਕਤ ਗਹਿ ਡਾਰਿ ਹੈ॥
ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਕੈ ਮਰੈ, ਨ ਟਰੈ,
ਗੁਰਸਿਖ ਸੁਖਦਾਈ ਪ੍ਰੀਤਿ ਕਿਉ ਬਿਸਾਰਿ ਹੈ॥ (ਸਵੱਯਾ ੩੧੮)

ਦੀਵੇ ਨਾਲ ਪਤੰਗੇ ਦਾ ਪ੍ਰੇਮ ਹੋਣ ਕਰਕੇ, ਪ੍ਰੀਤ-ਰੀਤ ਦਾ ਬੱਧਾ ਹੋਇਆ ਪਤੰਗਾ ਦੀਵੇ ਨੂੰ ਮਿਲਣ ਆਉਂਦਾ ਏ। ਭਾਵੇਂ ਰਾਹ 'ਚ ਸੈਂਕੜੇ ਰੁਕਾਵਟਾਂ ਕਿਉਂ ਨਾ ਹੋਣ, ਪਤੰਗੇ ਨੂੰ ਕੋਈ ਰੋਕ ਨਹੀਂ ਸਕਦੀ। ਮੀਂਹ ਹਨੇਰੀ, ਝੱਖੜ-ਝਾਂਜਾ, ਸਰਦੀ, ਗਰਮੀ, ਬਿਜਲੀ ਦੀ ਚਮਕ, ਬੱਦਲਾਂ ਦੀ ਗੜ-ਗੜਾਹਟ, ਸ਼ਾਂ ਸ਼ਾਂ ਕਰਦੇ ਜੰਗਲ, ਹਾਥੀਆਂ ਤੇ ਸ਼ੇਰਾਂ ਦੀਆਂ ਚਿੰਘਾੜਾਂ ਇਨ੍ਹਾਂ ਵਿਚੋਂ ਕੋਈ ਵੀ ਪਤੰਗੇ ਨੂੰ ਆਪਣੇ ਰਾਹੋਂ ਰੋਕ ਨਹੀਂ ਸਕਦੀ।

ਏਨੀਆਂ ਮੁਸੀਬਤਾਂ ਦਾ ਮੁਕਾਬਲਾ ਕਰ ਕੇ ਆਏ ਹੋਏ ਪਰਵਾਨੇ ਨਾਲ ਦੀਵਾ ਕੋਈ ਪਿਆਰ ਨਹੀਂ ਕਰਦਾ, ਸਗੋਂ ਉਸ ਦੇ ਪਰ ਸਾੜ ਕੇ ਅਧ-ਮੋਇਆ ਜਿਹਾ ਕਰ ਕੇ ਸੁਟ ਦਿੰਦਾ ਏ। ਪਰ ਪਰਵਾਨਾ ਫੇਰ ਵੀ ਆਪਣੀਆਂ ਸਧਰਾਈਆਂ ਅੱਖਾਂ ਨਾਲ ਓਸੇ ਵੱਲ ਹੀ ਦੇਖਦਾ ਏ। ਕੀ ਮਨੁੱਖ ਦੇ ਅੰਦਰ ਆਪਣੇ ਪਿਆਰੇ ਨਾਲ ਮਿਲਣ ਦੀ ਸੱਚੀ ਏਨੀ ਪ੍ਰੀਤ ਤੇ ਲਗਨ ਹੈ? ਭੌਰੇ ਦਾ ਕਮਲ ਫੁੱਲ ਨਾਲ ਪਿਆਰ ਹੈ, ਸਵੇਰਾ ਹੁੰਦਿਆਂ ਹੀ ਕਮਲ 'ਤੇ ਆ ਕੇ ਭੁਆਟਣੀਆਂ ਲੈਣ ਲਗ ਪੈਂਦਾ ਏ, ਤੇ ਸਾਰਾ ਸਾਰਾ ਦਿਨ ਭੂੰ ਭੂੰ ਕਰਦਾ ਥਕਦਾ ਹੀ ਨਹੀਂ, ਜਿਉਂ ਜਿਉਂ ਪੰਖੜੀਆਂ 'ਚੋ ਨਿਕਲੀ ਹੋਈ ਸੁਗੰਧੀ ਪ੍ਰਾਪਤ ਕਰਦਾ ਏ, ਤਿਉਂ ਤਿਉਂ ਮਸਤ ਹੋ ਕੇ ਝੂਮਦਾ ਤੇ ਖੀਵਾ ਹੁੰਦਾ ਏ।

ਦਿਨ ਦੇ ਸਫ਼ਰ ਦਾ ਥੱਕਾ ਮਾਂਦਾ ਸੂਰਜ ਜਦੋਂ ਡੁਬ ਜਾਂਦਾ ਹੈ ਤਾਂ ਕਮਲ ਫੁੱਲ ਵੀ ਮੀਟਿਆ ਜਾਂਦਾ ਹੈ, ਜਿਸ ਕਾਰਨ ਭੌਰ ਉਸ ਵਿਚ ਕੈਦ ਹੋ ਜਾਣ ਕਰਕੇ ਦਿਨ ਚੜ੍ਹਨ ਤਕ ਮਰ ਜਾਂਦਾ ਏ। ਪਿਆਰ ਵਸ ਹੋ ਕੇ ਆਏ ਹੋਏ ਭੌਰੇ ਨਾਲ ਫੁੱਲ ਨੇ ਪਿਆਰ ਕਰਨ ਦੀ ਥਾਂ ਉਸਦੀ ਜਾਨ ਲੈ ਲਈ, ਪਰ ਕੀ ਭੌਰਿਆਂ ਨੇ ਕਮਲ ਨਾਲ ਪਿਆਰ ਕਰਨਾ ਛੱਡ ਦਿੱਤਾ ਏ? ਨਹੀਂ, ਨਹੀਂ, ਸਗੋਂ ਆਪਣੀ ਲਗਨ 'ਚ ਲਗੇ ਹੋਏ ਇਕ ਦੂਜੇ ਦੇ ਪਿਛੇ ਸਿਲਸਿਲੇਵਾਰ ਜਾਨਾਂ ਵਾਰਦੇ ਹੀ ਰਹਿੰਦੇ ਨੇ। ਕੀ ਮਨੁੱਖ ਆਪਣੇ ਪਿਆਰੇ ਹਿਤ ਏਨੀ ਕੁਰਬਾਨੀ ਕਰ ਸਕਦਾ ਏ?

ਤੇਤਰੀ, ਮੇਤਰੀ ਤੇ ਲੰਮ-ਸਲੰਮੀ, ਕੋਮਲ ਜਿਹੇ ਸਰੀਰ ਦੀ ਮਾਲਕ ਮੱਛੀ ਦਾ ਪਾਣੀ ਨਾਲ ਪ੍ਰੇਮ ਹੈ। ਮਨ, ਬਚ, ਕਰਮ ਕਰਕੇ ਪ੍ਰੇਮ ਹੈ। ਏਡਾ ਸੁੱਚਾ ਤੇ ਪੱਕਾ ਪ੍ਰੇਮ ਕਿ ਪਾਣੀ ਤੋਂ ਵਿਛੜ ਕੇ ਜਿਊਂਦੀ ਨਹੀਂ ਰਹਿ ਸਕਦੀ। ਕਦੇ ਪਾਣੀ ਤੋਂ ਵਿਛੜੀ ਦੀ ਹਾਲਤ ਨੂੰ ਤਾਂ ਦੇਖੋ ਕਿ ਕਿਸ ਤਰ੍ਹਾਂ ਤੜਫੜਾਉਂਦੀ ਤੇ ਲੁੜਛੜੀਆਂ ਲੈਂਦੀ ਏ, ਮਾਨੋਂ ਪਾਣੀ ਨਾਲ ਇਕ-ਮਿਕ ਤੇ ਲਿਵ-ਲੀਨ ਹੋ ਰਹੀ ਏ।

ਪਰ ਜਦੋਂ ਝੀਊਰ, ਜਾਲ ਪਾ ਕੇ ਵਿਚਾਰੀ ਭੋਲੀ ਭਾਲੀ ਨੂੰ ਫਸਾਉਣਾ ਚਾਹੁੰਦਾ ਏ, ਉਦੋਂ ਪਾਨੀ ਉਸ ਨੂੰ ਬਚਾਉਣ ਦਾ ਕੋਈ ਜਤਨ ਨਹੀਂ ਕਰਦਾ। ਜਤਨ ਤਾਂ ਕੀ ਕਰਨਾ; ਸਗੋਂ ਜਾਲ ਵਿਚ ਫਸਾਉਣ ਦਾ ਕਾਰਨ ਹੀ ਪਾਨੀ ਬਣਦਾ ਹੈ।

ਪਰ ਕੀ ਮੱਛੀਆਂ ਨੇ ਪਾਨੀ ਨਾਲ ਪਿਆਰ ਕਰਨਾ ਤਿਆਗ ਦਿੱਤਾ ਹੈ? ਹਰਗ਼ਿਜ਼ ਨਹੀਂ, ਸਗੋਂ ਉਸੇ ਤਰ੍ਹਾਂ ਲਗਾਤਾਰ ਪਿਆਰ ਕਰਦੀਆਂ ਚਲੀਆਂ ਜਾ ਰਹੀਆਂ ਨੇ। ਕੀ ਮਨੁੱਖ ਮੱਛੀ ਵਾਂਗ ਲਗਨ ਦਾ ਪੱਕਾ ਹੋ ਸਕਦਾ ਏ?

ਦੀਵੇ ਨਾਲ ਪਰਵਾਨੇ ਦੀ, ਫੁੱਲ ਨਾਲ ਭੌਰੇ ਦੀ ਅਤੇ ਪਾਨੀ ਨਾਲ ਮੱਛੀ ਦੀ ਪ੍ਰੀਤ ਇਕ ਅੰਗੀ ਹੋਣ ਕਰਕੇ ਦੁਖਦਾਈ ਹੈ। ਫੇਰ ਵੀ ਇਹ ਪ੍ਰੀਤ ਨੂੰ ਨਿਭਾਈ ਜਾਂਦੇ ਹਨ ਤੇ ਖ਼ੁਸ਼ੀ ਖ਼ੁਸ਼ੀ ਨਿਭਾਈ ਜਾਂਦੇ ਹਨ। ਦੁਖਦਾਈ ਪ੍ਰੀਤ ਦੀ ਪ੍ਰਤੀਤ ਨੂੰ ਐਸਾ ਧਾਰਨ ਕੀਤਾ ਹੈ ਕਿ ਮਰ ਤਾਂ ਭਾਵੇਂ ਜਾਣ, ਪਰ ਆਪਣੀ ਟੇਕ ਤੋਂ ਟਲਦੇ ਨਹੀਂ। ਪਰੰਤੂ ਗੁਰੂ ਤੇ ਸਿਖ ਦੀ ਪ੍ਰੀਤ ਦੁਅੰਗੀ ਹੋਣ ਕਰਕੇ ਸੁਖਦਾਈ ਹੈ। ਸਿਖ ਗੁਰੂ ਨਾਲ ਇਕ ਆਨਾ ਪ੍ਰੀਤ ਕਰੇ, ਤਾਂ ਗੁਰੂ ਸਿਖ ਨਾਲ ਪੰਦਰਾਂ ਆਨੇ ਪ੍ਰੀਤ ਕਰਦਾ ਏ। ਭਾਈ ਗੁਰਦਾਸ ਜੀ ਦਾ ਕਥਨ ਹੈ:

> ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,
> ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥ *(ਸਵੱਯਾ ੧੧੧)*

ਇਸ ਲਈ ਸਿਖ ਗੁਰੂ ਦੀ ਪ੍ਰੀਤ ਨੂੰ ਵਿਸਾਰੇ ਤਾਂ ਕਿਉਂ?

> ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ,
> ਬਿਰਹ ਬਿਛੋਹ ਮੀਨ ਹੋਇ ਨ ਮਰਿ ਜਾਨੇ ਹੈ॥
> ਦਰਸ ਧਿਆਨ ਜੋਤਿ ਮੈ ਨ ਹੁਇ ਜੋਤੀ ਸਰੂਪ,
> ਚਰਨ ਬਿਮੁਖ ਹੋਇ ਪ੍ਰਾਨ ਠਹਿਰਾਨੇ ਹੈ॥
> ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ,
> ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥
> ਮਾਨਸ ਜਨਮੁ ਧ੍ਰਿਗੁ ਧੰਨਿ ਹੈ ਤ੍ਰਿਗਦ ਜੋਨਿ
> ਕਪਟ ਸਨੇਹ ਦੇਹ ਨਰਕ ਨ ਮਾਨੇ ਹੈ॥੧੪॥ *(ਕਬਿੱਤ ਸਵੱਯੇ ਭਾ: ਗੁਰਦਾਸ)*

ਉਤੇ ਕਥਨ ਕੀਤੇ ਕਬਿਤ ਵਿਚ ਭਾਈ ਗੁਰਦਾਸ ਜੀ ਨੇ ਪਤੰਗ ਤੇ ਮੱਛੀ ਦੀ ਮਿਸਾਲ ਦੇ ਕੇ ਉਹਨਾਂ ਦੀ ਸੁਲਝੀ ਹੋਈ ਪ੍ਰੀਤ ਨੂੰ ਦਰਸਾਇਆ ਹੈ। ਪ੍ਰੇਮ-ਰਸ ਦੇ ਵਸ ਵਿਚ ਪਤੰਗਾ ਇਹ ਜਾਣਦਾ ਹੀ ਨਹੀਂ ਭਈ ਦੀਵੇ ਨਾਲ ਪਿਆਰ ਕੀਤਿਆਂ ਮੇਰੀ ਮੌਤ ਹੋ ਜਾਏਗੀ। ਮੱਛੀ ਪਾਨੀ ਦੇ ਵਿਛੋੜੇ ਨੂੰ ਨਹੀਂ ਸਹਾਰਦੀ ਸਗੋਂ ਪ੍ਰਾਣ ਤਿਆਗ ਦਿੰਦੀ ਏ। ਪਰ ਮਨੁੱਖ ਆਪਣੇ ਪਿਆਰੇ ਦੇ ਦਰਸ਼ਨਾਂ ਦੇ ਧਿਆਨ ਵਿਚ ਜੋਤੀ ਰੂਪ ਨਹੀਂ ਬਣਦਾ, ਸਗੋਂ ਬੇਮੁਖ ਹੋ ਕੇ ਵੀ ਪ੍ਰਾਣ ਬਚਾਈ ਰਖਦਾ ਏ।

ਮਨੁੱਖ ਨੇ ਆਪਣੇ ਪਿਆਰੇ ਦੇ ਮਿਲਾਪ ਦੀ ਮਰਿਆਦਾ ਨੂੰ ਜਾਣਿਆ ਹੀ ਨਹੀਂ, ਇਸ ਲਈ ਮੱਛੀ ਤੇ ਪਤੰਗਾ ਏਸ ਨੂੰ ਦੇਖ ਕੇ ਸ਼ਰਮਿੰਦੇ ਹੁੰਦੇ ਹਨ, ਭਈ ਇਹ ਕਿਸ ਤਰ੍ਹਾਂ ਜੀਊਂਦਾ ਹੈ। ਅਸੀਂ ਤਾਂ ਆਪਣੇ ਪਿਆਰਿਆਂ ਤੋਂ ਵਿਛੜ ਕੇ ਮਰ ਜਾਂਦੇ ਹਾਂ,

ਪਰ ਇਹ ਮਨੁੱਖ ਆਪਣੇ ਪ੍ਰੀਤਮ ਨਾਲੋਂ ਸਦੀਆਂ ਵਿਛੜਿਆ ਰਹਿ ਕੇ ਵੀ ਜੀਊਂਦਾ ਹੈ। ਇਸ ਲਈ ਮਨੁੱਖ-ਜਨਮ ਨੂੰ (ਭਾਵੇਂ ਚੌਰਾਸੀ ਲੱਖ ਜੂਨ ਦਾ ਬਾਦਸ਼ਾਹ ਹੈ) ਧ੍ਰਿਗ ਹੈ ਤੇ ਤ੍ਰਿਗਦ ਜੂਨਾਂ ਨੂੰ ਸ਼ਾਬਾਸ਼ ਹੈ, ਕਿਉਂਕਿ ਉਹ ਆਪਣੀ ਧੁਨ ਵਿਚ ਮਸਤ ਤੇ ਪ੍ਰੇਮ ਲਗਨ ਦੇ ਪੱਕੇ ਹਨ। ਆਪਣੀ ਟੇਕ 'ਤੇ ਟਿਕੇ ਹੋਏ ਟਿਕਾਣਿਓਂ ਨਹੀਂ ਹਟਦੇ, ਸਗੋਂ ਮਰਿਆਦਾ ਅਨੁਸਾਰ ਆਪਣੇ ਨੇਮ ਦੀ ਪਾਲਣਾ ਕਰਦੇ ਨੇ।

ਦੂਜੇ ਪਾਸੇ ਕਪਟ ਸਨੇਹੀ ਮਨੁੱਖ ਦੀ ਦੇਹੀ ਨੂੰ ਨਰਕ ਵੀ ਨਹੀਂ ਝਲਦੇ, ਕਪਟੀ ਦਾ ਨਾਂ ਸੁਣ ਕੇ ਨਰਕ ਕੰਬਦੇ ਤੇ ਡੋਲਦੇ ਨੇ, ਕਿ ਹੈਂ! ਐਡਾ ਵੱਡਾ ਪਾਪੀ ਵੀ ਸਾਡੇ ਵਿਚ ਆ ਪਏਗਾ, ਜਿਸ ਨੇ ਕਦੇ ਭੁੱਲ ਕੇ ਵੀ ਆਪਣੇ ਕਰਤੇ ਦੇ ਗੁਣ ਨਹੀਂ ਗਾਏ। ਪਰ ਜ਼ਰਾ ਪੰਖੇਰੂਆਂ ਵਲ ਦੇਖੋ ਕਿ ਕਿਸ ਤਰ੍ਹਾਂ ਮਸਤ ਹੋਏ ਹੋਏ ਪੁਕਾਰਦੇ ਨੇ:

ਮੈਨਾ ਆਖੇ ਮੈਂ ਨਾ, ਮੈਂ ਨਾ, ਤੋਤਾ ਤੂੰ ਤੂੰ ਬੋਲੇ॥
ਸੋਹਣੀ ਸੁਚੀ ਮਿੱਠੀ ਬੋਲੀ ਭੇਦ ਇਲਾਹੀ ਖੋਲ੍ਹੇ॥
ਤਿੱਤਰ ਆਖੇ ਤੇਰੀ ਤਾਕਤ, ਮੈਥੋਂ ਜਾਇ ਨਾ ਦੱਸੀ॥
ਰੂਪ ਵਟਾ ਕੇ ਨਿਆਰਾ ਪਿਆਰਾ, ਕੁਦਰਤ ਸਾਰੇ ਵੱਸੀ॥
ਬੁਲਬੁਲ ਬਹਿ ਕੇ ਫੁੱਲਾਂ ਉਤੇ, ਨਾਤਾ ਨਗਮੇਂ ਛੇੜੇ॥
ਬੁਝੇ ਰਮਜ਼ ਰਮਜ਼ੀਆ ਕੋਈ, ਮੁੱਕਣ, ਜਨਮਾਂ ਗੇੜੇ॥
ਮੋਰ, ਚਕੋਰ, ਪਪੀਹਾ ਸਭੇ, ਬੋਲਣ ਪੀਆ ਪੀਆ॥
ਆਪਾ ਵਾਰਨ ਜਿੰਦੜੀ ਘੋਲਣ, ਕਰਦੇ ਸਦਕੇ ਜੀਆ॥
ਆਖਣ ਬਚਨ ਸੁਤੰਤਰ ਸਾਰੇ, ਸਮਝਣ ਸੁਘੜ ਸਿਆਣੇ॥
ਬਾਝ ਆਰਫ਼ਾਂ ਏਨ੍ਹਾਂ ਸੰਧੀ ਕੇਹੜਾ ਰਮਜ਼ ਪਛਾਣੇ॥

ਸਦਕੇ ਇਨ੍ਹਾਂ ਬਣਵਾਸੀਆਂ ਦੇ ਜੋ ਪਿਆਰ-ਗੜੁੱਚੇ ਜੀਵਨ ਦੇ ਹੁਲਾਰੇ ਮਾਣਦੇ ਨੇ। ਇਨ੍ਹਾਂ ਦੇ ਰੰਗੀਨ ਜੀਵਨ ਦਾ ਸਦਕਾ ਜੰਗਲ ਵਿਚ ਮੰਗਲ ਹੈ। ਚਾਰੇ ਪਾਸੇ ਖ਼ੁਸ਼ੀ ਹੱਸਦੀ ਏ ਤੇ ਪਿਆਰ ਉਮਡਦਾ ਏ। ਸਵਾਦਾਂ-ਭਰਿਆ ਤੇ ਰਸਲੀਨ ਜੀਵਨ ਹੈ। ਉਦਾਸੀ ਕਦੇ ਭੁੱਲ ਕੇ ਵੀ ਇਨ੍ਹਾਂ ਦੇ ਨੇੜਿਓਂ ਨਹੀਂ ਲੰਘਦੀ, ਸਦੀਵੀ ਖੇੜੇ 'ਚ ਖਿੜਦੇ ਤੇ ਹੱਸਦੇ ਰਸਦੇ ਜੀਵਨ-ਪੰਧ ਦੀਆਂ ਮੰਜ਼ਲਾਂ ਮੁਕਾਈ ਜਾਂਦੇ ਨੇ। ਜ਼ਿੰਦਗੀ ਦੀਆਂ ਰਮਜ਼ਾਂ ਤੇ ਗੁੰਝਲਦਾਰ ਘੁੰਡੀਆਂ ਨੂੰ ਅਦਾਵਾਂ ਨਾਲ ਸਮਝਾਈ ਜਾਂਦੇ ਹਨ। ਇਉਂ ਪ੍ਰਤੀਤ ਹੁੰਦਾ ਏ ਕਿ ਇਨ੍ਹਾਂ ਨੂੰ ਜੀਵਨ-ਜਾਚ ਆ ਗਈ ਏ ਤੇ ਭੁੱਲੜਾਂ ਨੂੰ ਜੀਵਨ-ਜਾਚ ਦੱਸਣ ਦੇ ਸੁਚੱਜੇ ਯਤਨਾਂ ਵਿਚ ਜੁੜੇ ਹੋਏ ਨੇ।

ਪਿਛੇ ਲਿਖੇ ਗਏ ਪ੍ਰਮਾਣਾਂ ਤੋਂ ਸਿੱਧ ਹੈ ਕਿ ਬਣਾਂ ਵਿਚ ਵਿਚਰਨ ਵਾਲੇ ਪੰਛੀ, ਪਾਣੀ 'ਚ ਰਹਿਣ ਵਾਲੀ ਮੱਛੀ, ਹਰਨ ਅਤੇ ਭੌਰੇ ਆਦਿ ਆਪਣੀ ਆਪਣੀ ਪ੍ਰੀਤ ਰੀਤ ਵਿਚ ਪਰਪੱਕ ਹਨ ਤੇ ਲਗਨ 'ਚ ਮਗਨ ਹਨ, ਜਿਨ੍ਹਾਂ ਦੀਆਂ ਸੁਰੀਲੀਆਂ ਤੇ ਮਨ-ਮੋਹਣੀਆਂ ਆਵਾਜ਼ਾਂ ਨੇ ਧਰਮਾਤਮਾ ਸ਼ਾਹੂਕਾਰ ਦੇ ਮਨ ਨੂੰ ਵਿਸਮਾਦ ਵਿਚ ਮਸਤ ਕਰ ਦਿੱਤਾ। ਜਿਸ ਮਸਤੀ 'ਚ ਬੈਠੇ ਨੂੰ ਸਵਾ ਪਹਿਰ ਦਿਨ ਗੁਜ਼ਰ ਗਿਆ, ਮਨ ਅਗੰਮ ਦੇਸ਼ ਦੀਆਂ ਝਾਕੀਆਂ ਦੇਖ ਕੇ ਮਤਵਾਲਾ ਹੋ ਰਿਹਾ ਸੀ ਕਿ ਸੂਰਜ ਦੀਆਂ ਤੇਜ਼ ਤਿੱਖੀਆਂ ਕਿਰਨਾਂ ਦੇ ਬਾਣਾਂ ਨੇ ਸੁਰਤੀ ਨੂੰ ਪਲਟਾ ਦਿੱਤਾ। ਨੇਤਰ ਖੁੱਲ੍ਹੇ ਚਾਰੇ ਪਾਸੇ ਨਜ਼ਰ ਮਾਰ ਕੇ ਦੇਖਿਆ ਤਾਂ ਸੰਸਾਰ ਦਾ ਕਾਰਖ਼ਾਨਾ ਕੰਮ-ਕਾਰ 'ਚ ਰੁੱਝਾ ਨਜ਼ਰ ਆਇਆ।

ਮਾਇਆਧਾਰੀ ਹੈਰਾਨ ਸੀ ਕਿ ਇਹ ਜਾਦੂ ਭਰੀਆਂ ਸੱਦਾਂ ਨੇ ਮੈਨੂੰ ਕਿਸ ਤਰ੍ਹਾਂ ਆਪੇ ਨਾਲ ਜੋੜਿਆ, ਮੇਰੇ ਮੋਹ ਮਾਇਆ ਦੇ ਸੰਗਲਾਂ ਨੂੰ ਕਿਸ ਤਰ੍ਹਾਂ ਤੋੜਿਆ? ਸੋਚਾਂ ਸੋਚਦਿਆਂ ਮਨ ਵਿਚ ਖ਼ਿਆਲ ਆਇਆ ਕਿ ਇਹ ਪੰਛੀ ਫੜ ਕੇ, ਪਿੰਜਰਿਆਂ ਵਿਚ ਪਾ ਕੇ ਘਰ ਦੀ ਚਾਰ-ਦੀਵਾਰੀ ਨਾਲ ਲਟਕਾ ਦੇਣੇ ਚਾਹੀਦੇ ਨੇ, ਤਾਕਿ ਪ੍ਰਭਾਤੇ ਇਹਨਾਂ ਦੀਆਂ ਪਿਆਰੀਆਂ ਆਵਾਜ਼ਾਂ ਸੁਣ ਕੇ ਮਨ ਦੀ ਟਿਕਵੀਂ ਅਵਸਥਾ ਦੇ ਰਸ ਮਾਣੇ ਜਾਣ। ਮਾਇਆਧਾਰੀ ਧਰਮਾਤਮਾ ਦੇ ਅੰਦਰ ਉਪਰੋਕਤ ਖ਼ਿਆਲ ਆਉਣਾ ਕੁਦਰਤੀ ਸੀ, ਕਿਉਂਕਿ ਇਨ੍ਹਾਂ ਬਣਵਾਸੀਆਂ ਬਾਰੇ ਭਾਈ ਗੁਰਦਾਸ ਜੀ ਨੇ ਸਤਾਈਵੀਂ ਵਾਰ ਵਿਚ ਇਉਂ ਕਥਨ ਕੀਤਾ ਏ:

ਭਵਰੈ ਵਾਸੁ ਵਿਣਾਸੁ ਹੈ, ਫਿਰਦਾ ਫੁਲਵਾੜੀ॥
ਜਲੈ ਪਤੰਗੁ ਨਿਸੰਗੁ ਹੋਇ, ਕਰਿ ਅਖਿ ਉਘਾੜੀ॥
ਮਿਰਗ ਨਾਦਿ ਵਿਸਮਾਦ ਹੋਇ, ਫਿਰਦਾ ਉਜਾੜੀ॥
ਕੁੰਡੀ ਫਾਥੇ ਮਛ ਜਿਉ, ਰਸਿ ਜੀਭ ਵਿਗਾੜੀ॥
ਹਾਥਣਿ ਹਾਥੀ ਫਾਹਿਆ, ਦੁਖ ਸਹੈ ਦਿਹਾੜੀ॥
ਪੀਰ ਮੁਰੀਦਾ ਪਿਰਹੜੀ, ਲਾਇ ਨਿਜ ਘਰਿ ਤਾੜੀ॥੩॥.......
ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖਿ ਨ ਹਟੈ॥
ਜਲ ਵਿਚਹੁ ਫੜਿ ਕਢੀਐ, ਮਛ ਨੇਹੁ ਨਾ ਘਟੈ॥
ਘੰਡਾ ਹੇੜੇ ਮਿਰਗ ਜਿਉ, ਸੁਣਿ ਨਾਦੁ ਪਲਟੈ॥
ਭਵਰੈ ਵਾਸੁ ਵਿਣਾਸੁ ਹੈ, ਫੜਿ ਕਵਲ ਸੰਘਟੈ॥
ਗੁਰਮੁਖਿ ਸੁਖ ਫਲ ਪਿਰਮ ਰਸ, ਬਹੁ ਬੰਧਨ ਕਟੈ॥
ਧੰਨੁ ਧੰਨੁ ਗੁਰਸਿਖ ਵੰਸੁ, ਗੁਰਮਤਿ ਨਿਧਿ ਖਟੈ॥੨੩॥

ਅਠਾਈਵੀਂ ਵਾਰ ਵਿਚ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ:

ਤੇ ਵਿਰਲੇ ਸੈਂਸਾਰ ਵਿਚਿ, ਦਰਸ਼ਨ ਜੋਤਿ ਪਤੰਗ ਮਿਲੰਦੇ॥
ਤੇ ਵਿਰਲੇ ਸੈਂਸਾਰ ਵਿਚਿ, ਸ਼ਬਦਿ ਸੁਰਤਿ ਹੋਇ ਮਿਰਗ ਮਰੰਦੇ॥
ਤੇ ਵਿਰਲੇ ਸੈਂਸਾਰ ਵਿਚਿ, ਚਰਣ ਕਵਲ ਹੋਇ ਭਵਰ ਵਸੰਦੇ॥
ਤੇ ਵਿਰਲੇ ਸੈਂਸਾਰ ਵਿਚਿ, ਪਿਰਮ ਸਨੇਹੀ ਮੀਨ ਤਰੰਦੇ॥੧੭॥

ਛੱਬੀਵੀਂ ਵਾਰ ਵਿਚ ਕੇਹਾ ਸੁੰਦਰ ਕਥਨ ਕੀਤਾ ਹੈ:

ਮਛੀ ਦੇ ਪਰਵਾਰ ਵਾਂਗ, ਜੀਵਣ ਮਰਣਿ ਨ ਵਿਸਰੈ ਪਾਣੀ॥
ਜਿਉ ਪਰਵਾਰ ਪਤੰਗ ਦਾ, ਦੀਪਕ ਬਾਝੁ ਨ ਹੋਰ ਸੁਜਾਣੀ॥
ਜਿਉ ਜਲ ਕਵਲੁ ਪਿਆਰੁ ਹੈ, ਭਵਰ ਕਵਲ ਕੁਲ ਪ੍ਰੀਤ ਵਖਾਣੀ॥
ਬੂੰਦ ਬਬੀਹੇ, ਮਿਰਗ ਨਾਦ, ਕੋਇਲ ਜਿਉ ਫਲ ਅੰਬਿ ਲੁਭਾਣੀ॥
ਮਾਨ ਸਰੋਵਰ ਹੰਸਲਾ, ਓਹੁ ਅਮੋਲਕ ਰਤਨਾ ਖਾਣੀ॥
ਚਕਵੀ ਸੂਰਜ ਹੇਤੁ ਹੈ, ਚੰਦ ਚਕੋਰੇ ਚੋਜ ਵਿਡਾਣੀ॥
ਗੁਰਸਿਖ ਵੰਸੀ ਪਰਮ ਹੰਸ, ਸਤਿਗੁਰੂ ਸਹਜਿ ਸਰੋਵਰ ਜਾਣੀ॥
ਮੁਰਗਾਈ ਨੀਸਾਣੁ ਨੇ ਸਾਣੀ॥੨੭॥

ਪਿਛੇ ਕਥਨ ਕੀਤੇ ਬਨਚਰ, ਨਭਚਰ, ਜਲਚਰ ਤੇ ਹੋਰ ਖੰਭੜੇਲੂ ਜੂਨੀਆਂ, ਜਿਨ੍ਹਾਂ ਬਾਰੇ ਸ੍ਰੀ ਮੁਖਵਾਕ ਬਾਣੀ ਤੇ ਭਾਈ ਗੁਰਦਾਸ ਜੀ ਨੇ ਕਾਫ਼ੀ ਕੁਝ ਕਥਨ ਕੀਤਾ ਹੈ, ਉਨ੍ਹਾਂ ਨੂੰ ਫੜ ਪਿੰਜਰੇ ਪਾਉਣ ਲਈ ਸ਼ਾਹੂਕਾਰ ਨੇ ਆਗਿਆ ਦੇ ਦਿੱਤੀ। ਜਿਸ ਨੂੰ ਸੁਣਦੇ ਹੀ ਸ਼ਿਕਾਰੀ ਬਾਗੇ ਜਾ ਵੜੇ ਤੇ ਦਿਨਾਂ ਵਿਚ ਹੀ ਸੈਂਕੜੇ ਪੰਖੇਰੂ ਫੜ ਕੇ ਪਿੰਜਰਿਆਂ ਵਿਚ ਪਾ ਕੇ ਸ਼ਾਹੂਕਾਰ ਦੇ ਘਰ ਦੀ ਚਾਰ-ਦੀਵਾਰੀ ਨਾਲ ਲਟਕਾ ਦਿਤੇ। ਧਰਮੀ ਸ਼ਾਹੂਕਾਰ ਅਤਿਅੰਤ ਖ਼ੁਸ਼ੀਆਂ ਵਿਚ ਝੂਮਦਾ ਖ਼ੁਸ਼ ਸੀ ਕਿ ਹੁਣ ਇਨ੍ਹਾਂ ਰੱਬੀ ਰਾਗੀਆਂ ਦਾ ਰਾਗ ਸੁਣਨ ਲਈ ਬਾਹਰ ਜਾਣ ਦੀ ਥਾਵੇਂ ਮੰਜੇ 'ਤੇ ਬੈਠੇ ਬਿਠਾਇ ਘਰ ਹੀ ਰੰਗ ਮਾਣ ਲਿਆ ਕਰਾਂਗੇ। ਘੜੀਆਂ ਗਿਣ ਗਿਣ ਕੇ ਰਹਿੰਦਾ ਦਿਨ ਤੇ ਪਾਸੇ ਮਾਰ ਮਾਰ ਕੇ ਰਾਤ ਲੰਘਾਈ। ਤਾਂਘਾਂ ਇਹ ਸਨ ਭਈ ਕਿਹੜਾ ਵੇਲਾ ਹੋਵੇ, ਜਦੋਂ ਪ੍ਰਭਾਤ ਆਵੇ ਤੇ ਇਹ ਬਣਵਾਸੀ ਆਪਣਾ ਅਛੂਤਾ ਰਾਗ ਪ੍ਰਾਰੰਭ ਕਰਨ। ਕਿਤਨੀ ਸੁੰਦਰ ਇੱਛਾ ਹੈ! ਕਿਤਨੀ ਸੁਹਾਵਣੀ ਤੇ ਸੁਲਝੀ ਹੋਈ ਕਾਮਨਾ ਹੈ! ਪ੍ਰਭਾਤ ਬਾਰੇ ਗੁਰਦੇਵ ਜੀ ਦਾ ਅਗੰਮੀ ਵਾਕ ਹੈ, ਇਲਾਹੀ ਹੁਕਮ ਹੈ ਕਿ:

ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ, ਮੇਰੇ ਰਾਮ ਪਿਆਰੇ ॥
ਰਾਮ ਪਿਆਰੇ, ਸਦਾ ਜਾਗਹਿ, ਨਾਮੁ ਸਿਮਰਹਿ ਅਨਦਿਨੋ ॥
ਚਰਣ ਕਮਲ ਧਿਆਨੁ ਹਿਰਦੈ, ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥

(ਆਸਾ ਮ: ੫, ਪੰਨਾ ੪੫੯)

ਇਕ ਜਗ੍ਹਾ ਹਜ਼ੂਰ ਨੇ ਇਉਂ ਭੀ ਫ਼ੁਰਮਾਇਆ ਹੈ:

ਵਡੜੇ ਝਾਲਿ ਝਲੁੰਭਲੈ, ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ, ਭੰਨਣ ਘੜਣ ਸਮਰਥੁ ॥੬੩॥

(ਸਲੋਕ ਮ: ੩, ਪੰਨਾ ੧੪੨੦)

ਕਿੰਨੀ ਉਚਾਈ 'ਤੇ ਜਾ ਕੇ ਫ਼ੁਰਮਾਇਆ ਹੈ:

ਪਹਿਲੇ ਪਹਿਰੈ ਫੁਲੜਾ, ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ੍ ਲਹੰਨਿ ਸੇ, ਸਾਈ ਕੰਨੋ ਦਾਤਿ ॥੧੧੨॥

(ਸਲੋਕ ਫਰੀਦ ਜੀ, ਪੰਨਾ ੧੩੮੪)

ਅਗਲੇ ਵਾਕ ਵਿਚ ਪੈਣ ਵਾਲੇ ਭੁਲੇਖੇ ਨੂੰ ਵੀ ਦੂਰ ਕਰ ਗਏ ਹਨ, ਭਈ:

ਦਾਤੀ ਸਾਹਿਬ ਸੰਦੀਆ, ਕਿਆ ਚਲੈ ਤਿਸੁ ਨਾਲਿ ॥
ਇਕਿ ਜਾਗੰਦੇ ਨਾ ਲਹਨਿ੍, ਇਕਨਾ੍ ਸੁਤਿਆ ਦੇਇ ਉਠਾਲਿ ॥੧੧੩॥

(ਸਲੋਕ ਫਰੀਦ ਜੀ, ਪੰਨਾ ੧੩੮੪)

ਸੋ ਸੁਖਾਂ ਸੁਖਦਿਆਂ ਸੁਹਾਵਣੀ ਪ੍ਰਭਾਤ ਆਈ। ਸਭ ਤੋਂ ਪਹਿਲੇ ਧਰਤੀ ਨੂੰ ਡੰਗ ਮਾਰਨ ਵਾਲੇ ਕੀੜੇ[1] ਦੇ ਦੁਸ਼ਮਣ ਨੇ ਗਲਾ ਖੋਲ੍ਹਿਆ। ਜਿਸ ਬਾਰੇ ਮਹਾਂਪੁਰਸ਼ਾਂ ਦਾ

---

੧. ਇਕ ਨਿੱਕਾ ਜਿਹਾ ਕੀੜਾ ਹੁੰਦਾ ਏ, ਜੋ ਮੂੰਹ ਉਤਾਂਹ ਨੂੰ ਕਰ ਕੇ ਪੂਛਲ ਨਾਲ ਧਰਤੀ ਵਿਚ ਟੋਆ ਪਾ ਦਿੰਦਾ ਏ। ਜੇ ਉਸ ਟੋਏ ਵਿਚ ਕੀੜੀ ਸੁਟੀਏ ਤਾਂ ਖਾਣ ਲਈ ਉਛਲਦਾ ਏ, ਉਸ ਕੀੜੇ ਨੂੰ ਕੁੱਕੜ ਖਾ ਲੈਂਦਾ ਏ।

ਬਚਨ ਹੈ ਕਿ :

ਭੂਮੀ ਡੰਸ ਰਿਪੁ ਸ਼ਬਦ ਸੁਣ, ਤਿਆਗ ਚਲਿਓ ਪੀਆ ਮੋਹਿ॥
ਸ਼ਿਵ ਸੁਤ ਬਾਹਨ, ਤਾਸ ਰਿਪੁ, ਭੋਰ ਮਿਲਾਵੋਂ ਤੋਹਿ॥

(*ਸ਼ਬਦਾਰਥ :* ਭੂਮੀ—ਧਰਮੀ। ਡੰਸ—ਡੰਗ। ਰਿਪੂ—ਦੁਸ਼ਮਣ। ਸ਼ਿਵਸੁਤ—ਸ਼ਿਵਾ ਦਾ ਪੁੱਤ ਗਨੇਸ਼। ਬਾਹਨ—ਅਸਵਾਰੀ, ਭਾਵ ਚੂਹਾ। ਤਾਸ ਰਿਪੁ—ਉਸਦਾ ਦੁਸ਼ਮਣ।)

ਧਰਤੀ ਵਿਚ ਡੰਗ ਮਾਰਨ ਵਾਲੇ ਕੀੜੇ ਦਾ ਦੁਸ਼ਮਣ ਕੁੱਕੜ, ਜਿਸ ਦੀ ਬਾਂਗ ਨੂੰ ਸੁਣ ਕੇ ਮੇਰਾ ਪੀਆ ਮੈਨੂੰ ਤਿਆਗ ਚਲਿਆ ਹੈ। ਪਰ ਹੱਛਾ ਸ਼ਿਵ ਜੀ ਦੇ ਪੁੱਤ੍ਰ ਗਨੇਸ਼ ਦੀ ਸਵਾਰੀ ਜੋ ਚੂਹਾ ਹੈ, ਤੇ ਉਸਦਾ ਦੁਸ਼ਮਣ, ਜੋ ਬਿੱਲਾ ਹੈ; ਹੇ ਕੁੱਕੜਾ! ਮੈਂ ਸਵੇਰੇ ਤੈਨੂੰ ਉਸ ਅਗੇ ਪਾਵਾਂਗੀ। ਸੋ ਕੁੱਕੜ ਦੀ ਬਾਂਗ ਪਿਛੋਂ, ਲੰਮੀ ਪੂਛਲ ਵਾਲੀ ਕਾਲੀ ਚਿੜੀ ਪੁਕਾਰੀ, ਤੇ ਉਸ ਪਿਛੋਂ ਸਾਰਾ ਪੰਛੀ ਪਰਵਾਰ ਰੰਗਾ-ਰੰਗ ਦੀਆਂ ਬੋਲੀਆਂ ਬੋਲ ਉਠਿਆ। ਧਰਮੀ ਦੀ ਨੀਂਦ ਟੁੱਟੀ, ਨੇਤਰ ਖੋਲ੍ਹੇ, ਚਾਰੇ ਪਾਸੇ ਨਜ਼ਰ ਮਾਰੀ ਤੇ ਦੇਖਿਆ ਕਿ ਇਸ ਦੇ ਘਰ ਦੀਆਂ ਕੰਧਾਂ ਨਾਲ ਲਟਕਿਆਂ ਪਿੰਜਰਿਆਂ ਵਿਚੋਂ ਰਸ ਗੁੱਧੀਆਂ ਤੇ ਪ੍ਰੇਮ ਗੜੁੱਚੀਆਂ ਸੱਦਾਂ ਆ ਰਹੀਆਂ ਸਨ, ਜਿਨ੍ਹਾਂ ਨੂੰ ਸੁਣਦਿਆਂ ਧਰਮੀ ਦੇ ਮਨ ਦੀਆਂ ਤਰਬਾਂ ਜਾਗੀਆਂ, ਵੈਰਾਗ ਦੇ ਮਿਜ਼ਰਾਬ ਨਾਲ ਥਰ-ਥਰਾਉਣ ਪਿਛੋਂ ਮਨ ਜੋੜੂ ਮੀਡਾਂ ਨਿਕਲੀਆਂ। ਆਪੇ ਨੇ ਆਪੇ ਨੂੰ ਭਾਲਣ ਲਈ ਢੂੰਡ ਸ਼ੁਰੂ ਕੀਤੀ। ਕਾਇਆ ਨਗਰੀ 'ਚ ਮਨ ਦਾ ਜੋਗੀ ਸੁਰਤੀ ਦੀ ਕਿੰਗਰੀ ਵਜਾ ਕੇ, 'ਜੋਗੀਆ ਮਤਵਾਰੋ ਜੀਓ' ਵਾਲੀ ਅਵਸਥਾ ਦੇ ਰੰਗੀਨ ਨਜ਼ਾਰਿਆਂ ਦੇ ਸੁਹੱਪਣ ਵਿਚ ਮਗਨ ਸੀ ਤੇ ਕਿਸੇ ਦੇ ਅਨੂਪ ਰੂਪ ਨੂੰ ਛੋਹ ਕੇ ਉਸ ਵਿਚ ਲੀਨ ਹੋ ਜਾਣ ਦੇ ਵਲਵਲਿਆਂ ਵਿਚ ਅੱਗੇ ਹੀ ਅੱਗੇ ਚਲਿਆ ਜਾ ਰਿਹਾ ਸੀ। ਸੱਚ ਪੁਛੋ ਤਾਂ ਉਹ ਅਵਸਥਾ ਕੁਝ ਇਸ ਤਰ੍ਹਾਂ ਦੀ ਸੀ :

ਉਮਕਿਓ ਹੀਉ ਮਿਲਨ ਪ੍ਰਭ ਤਾਈ॥
ਖੋਜਤ ਚਰਿਓ ਦੇਖਉ ਪ੍ਰਿਅ ਜਾਈ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ॥
ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ॥੧॥
ਕਿਨ ਬਿਧਿ ਹੀਅਰੋ ਧੀਰੈ ਨਿਮਾਨੋ॥
ਮਿਲੁ ਸਾਜਨ ਹਉ ਤੁਝੁ ਕੁਰਬਾਨੋ॥੧॥ਰਹਾਉ॥
ਏਕਾ ਸੇਜ ਵਿਛੀ ਧਨ ਕੰਤਾ॥
ਧਨ ਸੂਤੀ ਪਿਰੁ ਸਦ ਜਾਗੰਤਾ॥
ਪੀਓ ਮਦਰੋ ਧਨ ਮਤਵੰਤਾ॥
ਧਨ ਜਾਗੈ ਜੇ ਪਿਰੁ ਬੋਲੰਤਾ॥੨॥.....
ਦੇਸ ਦਿਸੰਤਰ ਮੈ ਸਗਲੇ ਝਾਗੇ॥
ਖਿਨੁ ਰਹਨੁ ਨ ਪਾਵਉ ਬਿਨੁ ਪਗੁ ਪਾਗੇ॥ *(ਸੂਹੀ ਮ: ੫, ਪੰਨਾ ੭੩੭)*

ਇਸ ਮਗਨਤਾ ਵਿਚ ਸਵਾ ਪਹਿਰ ਦਿਨ ਚੜ੍ਹ ਗਿਆ, ਪਰ ਧਰਮੀ ਮਸਤ

ਸੀ। ਜਦ ਸੂਰਜ ਦੀਆਂ ਤਿੱਖੀਆਂ ਕਿਰਨਾਂ ਦੇ ਤੀਰਾਂ ਨੇ ਟੁੰਭਿਆ ਤੇ ਨੇਤਰ ਖੁਲ੍ਹੇ, ਖ਼ੁਸ਼ੀ ਖ਼ੁਸ਼ੀ ਉਠਿਆ ਤੇ ਹਰ ਇਕ ਪੰਖੇਰੂ ਨੂੰ ਉਸਦੇ ਮਨ-ਭਾਉਂਦੀ ਖ਼ੁਰਾਕ ਦਿੱਤੀ, ਟਹਿਲ ਕਰ ਕੇ ਫ਼ਰਜ਼ ਦੀ ਅਦਾਇਗੀ ਹੋਈ ਜਾਣ ਕੇ ਮਨ ਹੀ ਮਨ ਖ਼ੁਸ਼ ਹੋਇਆ।

ਏਸ ਲਗਨ ਵਿਚ ਮਗਨ ਹੋਇਆਂ ਅਜੇ ਕੁਝ ਦਿਨ ਹੀ ਬੀਤੇ ਸਨ ਕਿ ਧਰਮੀ ਦੇ ਦੋਸਤਾਂ ਨੂੰ ਪਤਾ ਲੱਗਾ ਕਿ ਸਾਡਾ ਮਿੱਤਰ ਬਟੇਰਬਾਜ਼ ਬਣ ਗਿਆ ਹੈ, ਚਲੋ ਚਲ ਕੇ ਸਮਝਾ ਬੁਝਾ ਕੇ ਰਾਹੇ ਪਾਈਏ।

ਮਿੱਤਰਾਂ ਨੇ ਸਮਝਾਇਆ ਕਿ ਐ ਪਿਆਰੇ, ਤੂੰ ਸਮਾਜ ਵਿਚ ਮੰਨਿਆ-ਪ੍ਰਮੰਨਿਆ ਸ਼ਰੀਫ਼ ਤੇ ਬੁਧੀਮਾਨ ਏਂ, ਸਾਰਾ ਬਾਹਰਾ ਤੈਨੂੰ ਪੁੱਛ ਕੇ ਤੁਰਦਾ ਏ, ਲੋਕ ਤੇਰੇ ਪੈਰਾਂ ਹੇਠ ਹੱਥ ਰਖਦੇ ਨੇ, ਤੇਰਾ ਬਿੱਲੀ ਕੰਨ ਤੱਤਾ ਹੋਵੇ ਤਾਂ ਲੋਕ ਤੇਰੇ ਤੋਂ ਜਾਨ ਵਾਰਦੇ ਨੇ। ਤੇਰੀਆਂ ਬੋਲਾਈਂ ਲੈਂਦੇ ਨਹੀਂ ਥਕਦੇ, ਤੇਰੇ ਮੁੜ੍ਹਕੇ ਦੇ ਥਾਂ ਲਹੂ ਡੋਲ੍ਹਣ ਨੂੰ ਤਿਆਰ ਰਹਿੰਦੇ ਨੇ। ਪਰ ਤੂੰ ਬਟੇਰਬਾਜ਼ ਕਿਉਂ ਬਣ ਬੈਠਾ ਏਂ ? ਪੰਛੀ ਫੜਨੇ ਪਿੰਜਰਿਆਂ ਵਿਚ ਪਾਉਣੇ, ਇਨ੍ਹਾਂ ਮਗਰ ਇਲਨੀ ਹੋਏ ਫਿਰਨਾ, ਇਹ ਨੀਵੇਂ ਦਰਜੇ ਦੇ ਹਲਕੇ ਲੋਕਾਂ ਦਾ ਕੰਮ ਹੈ। ਸੋ ਇਹਨਾਂ ਨੂੰ ਆਜ਼ਾਦ ਕਰ ਤੇ ਆਪਣੀ ਇੱਜ਼ਤ ਵੱਲ ਧਿਆਨ ਮਾਰ।

ਧਰਮੀ ਨੇ ਮਿੱਤਰਾਂ ਦੀਆਂ ਗੱਲਾਂ ਸੁਣੀਆਂ ਤੇ ਉਹਨਾਂ ਨੂੰ ਸੋਚਿਆ। ਮਨ ਨਾਲ ਫ਼ੈਸਲਾ ਕੀਤਾ ਭਈ ਹੈਨ ਤਾਂ ਮਿੱਤਰ, ਪਰ ਲਗਨੋਂ ਹੀਣ। ਡੂੰਘੀ ਸੋਚ-ਵਿਚਾਰ ਪਿਛੋਂ ਬੋਲਿਆ, ਐ ਪਿਆਰੇ ਮਿੱਤਰੋ ! ਤੁਸੀਂ ਮੇਰੇ ਪੁਰਾਣੇ ਮਿੱਤਰ ਹੋ ਤੇ ਤੁਹਾਡੇ ਦਿਲ ਵਿਚ ਮੇਰੇ ਲਈ ਥਾਂ ਵੀ ਉਚੇਰਾ ਹੈ। ਆਪਣੀ ਵਲੋਂ ਤੁਸੀਂ ਮੇਰੇ ਭਲੇ ਲਈ ਆਏ ਹੋ। ਪਰ ਕੀ ਦੱਸਾਂ, ਇਨ੍ਹਾਂ ਬਣਵਾਸੀਆਂ ਦੇ ਮਿੱਠੇ ਤੇ ਪਿਆਰ-ਗੁੱਧੇ ਹਰੀ ਕੀਰਤਨ ਨੇ ਮੇਰਾ ਮਨ ਮੋਹ ਲਿਆ ਏ, ਜਿਸ ਨੇ ਮੇਰੇ ਰੁੱਖੇ ਤੇ ਖ਼ੁਸ਼ਕ ਮਨ ਨੂੰ ਹਰਿਆ ਭਰਿਆ ਕੀਤਾ ਏ। ਪਿਆਰਿਓ :

> **ਲਾਗੀ ਹੋਇ ਸੁ ਜਾਨੈ ਪੀਰ॥**
> **ਰਾਮ ਭਗਤਿ ਅਨੀਆਲੇ ਤੀਰ॥੧॥ਰਹਾਉ॥** *(ਗਉੜੀ ਕਬੀਰ, ਪੰਨਾ ੩੨੭)*

> **ਹਰਿ ਪ੍ਰੇਮ ਬਾਣੀ ਮਨੁ ਮਾਰਿਆ, ਅਣਿਆਲੇ ਅਣੀਆ ਰਾਮ ਰਾਜੇ॥**
> *(ਆਸਾ ਮ: ੪, ਪੰਨਾ ੪੪੯)*

> **ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥**
> **ਹਮਰੀ ਬੇਦਨ ਹਰਿ ਪ੍ਰਭੁ ਜਾਨੈ, ਮੇਰੇ ਮਨ ਅੰਤਰ ਕੀ ਪੀਰ॥੧॥ਰਹਾਉ॥**
> *(ਗੋਂਡ ਮ: ੪, ਪੰਨਾ ੮੬੧)*

ਸਗੋਂ ਹੁਣ ਤਾਂ ਮੈਂ ਤੁਹਾਡੇ ਅਗੇ ਵੀ ਬੇਨਤੀ ਕਰਦਾ ਹਾਂ ਕਿ :

> **ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ, ਸੋ ਭਾਈ ਸੋ ਮੇਰਾ ਬੀਰ॥੨॥**
> **ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ, ਲੇ ਸਤਿਗੁਰ ਕੀ ਮਤਿ ਧੀਰ॥੩॥**
> **ਜਨ ਨਾਨਕ ਕੀ ਹਰਿ ਆਸ ਪੁਜਾਵਹੁ, ਹਰਿ ਦਰਸਨਿ ਸਾਂਤਿ ਸਰੀਰ॥੪॥**
> *(ਗੋਂਡ ਮ: ੪, ਪੰਨਾ ੮੬੨)*

ਐ ਮਿੱਤਰੋ ! ਤੁਹਾਡੀ ਦੋਸਤੀ ਤਾਂ ਭਾਵੇਂ ਟੁਟ ਜਾਏ, ਪਰ ਇਹਨਾਂ ਕੀਰਤਨੀਆਂ

ਦੀ ਦੋਸਤੀ ਤੋੜੀ ਨਹੀਂ ਜਾ ਸਕਦੀ। ਮੈਨੂੰ ਅਫ਼ਸੋਸ ਹੈ ਕਿ ਤੁਸੀਂ ਜੀਵਨ ਦੇ ਉੱਚੇ ਸੁਆਦਾਂ ਦੇ ਇੱਛੁਕ ਨਹੀਂ। ਜੇ ਤੁਸੀਂ ਜੀਵਨ ਦੀਆਂ ਗੁੱਝੀਆਂ ਰਮਜ਼ਾਂ ਦੇ ਜਾਣੂ ਹੁੰਦੇ ਤਾਂ ਕਦੇ ਵੀ ਇਹਨਾਂ ਪੰਛੀਆਂ ਦੀ ਰਿਹਾਈ ਵਾਸਤੇ ਨਾ ਆਖਦੇ। ਜੀਵਨ ਦੀਆਂ ਕੋਮਲ, ਨਰਮ ਅਤੇ ਮੁਲਾਇਮ ਕਰੂੰਬਲਾਂ ਨੂੰ, ਹਰਿਆਂ ਭਰਿਆਂ ਤੇ ਸਦੀਵ ਜਿਊਂਦਿਆਂ ਰੱਖਣ ਲਈ ਉਸ ਪਾਣੀ ਦੀ ਲੋੜ ਹੈ, ਜੋ ਇਹਨਾਂ ਦੀ ਪਿਆਰੀ ਆਵਾਜ਼ ਵਿਚ ਲੁਕਿਆ ਪਿਆ ਏ, ਇਹ ਜਦੋਂ ਆਪਣੀ ਮਸਤੀ ਵਿਚ ਮਸਤ ਹੋ ਕੇ, ਆਪਣੀਆਂ ਰਲੀਆਂ ਮਿਲੀਆਂ ਮਨ-ਮੋਹਣੀਆਂ ਆਵਾਜ਼ਾਂ ਨਾਲ, ਆਪਣਾ ਸੰਗੀਤ ਦਰਬਾਰ ਲਾਉਂਦੇ ਨੇ, ਸੰਨਾਟਾ ਛਾ ਜਾਂਦਾ ਏ। ਪਤਾ ਨਹੀਂ ਮਨ ਕਿਹੜਿਆਂ ਮੰਡਲਾਂ 'ਤੇ ਪੁੱਜ ਜਾਂਦਾ ਏ ਤੇ ਫੇਰ ਵਾਪਸ ਨਹੀਂ ਆਉਣਾ ਚਾਹੁੰਦਾ। ਉਹ ਦੁਨੀਆ ਅਕਲ ਵਾਲਿਆਂ ਦੀ ਨਹੀਂ, ਸਗੋਂ ਅਕਲ ਵਾਲੇ ਮਸਤਾਂ ਦੀ ਹੈ; ਉਹ ਦੁਨੀਆ ਦਿਖਾਵੇ ਦੇ ਤਿਆਗੀ ਤੇ ਝੂਠੇ ਬੈਰਾਗੀਆਂ ਦੀ ਨਹੀਂ, ਸਗੋਂ ਸੱਚੇ ਤਿਆਗੀ ਤੇ ਰਸਕ ਬੈਰਾਗੀਆਂ ਦੀ ਹੈ। ਤੁਹਾਡੇ ਵਿਚੋਂ ਜੇ ਇਕ ਵੀ ਸੱਜਣ ਉਸ ਰਸੀਲੀ ਦੁਨੀਆ ਦਾ ਰਸੀਆ ਹੁੰਦਾ ਤਾਂ ਕਦੇ ਵੀ ਮੈਨੂੰ ਨਾ ਪ੍ਰੇਰਦਾ। ਸੋ ਬੇਨਤੀ ਕਰਦਾ ਹਾਂ ਕਿ ਮੇਰਾ ਮਿੱਠਾ ਸਮਾਂ ਨਾ ਗੁਆਉ, ਤੇ ਲੱਗੀਆਂ ਨਾ ਤੋੜੋ।

ਆਏ ਹੋਏ ਮਿੱਤਰਾਂ ਨੇ ਬਥੇਰੇ ਯਤਨ ਕੀਤੇ, ਸਮਝਾਇਆ ਬੁਝਾਇਆ, ਕਈ ਉਕਤੀਆਂ ਜੁਗਤੀਆਂ ਵਰਤੀਆਂ ਤੇ ਸਿਰ ਦੀਆਂ ਠੀਕਰੀਆਂ ਭੰਨੀਆਂ, ਪਰ ਧਰਮੀ ਨੇ ਇਕ ਨਾ ਮੰਨੀ। ਜਿਸ ਲਈ ਆਏ ਹੋਏ ਸਮਝੱਕੜ, ਨਿਰਾਸੇ ਮੁੜ ਗਏ ਤੇ ਧਰਮੀ ਆਪਣੀ ਲਗਨ ਅਨੁਸਾਰ ਜੰਗਲੀ ਰਾਗੀਆਂ ਦੀ ਸੇਵਾ ਸੰਭਾਲ ਕਰਦਾ ਰਿਹਾ। ਸਮਾਂ ਆਪਣੀ ਚਾਲੇ ਚਲਦਾ ਗਿਆ ਤੇ ਹਫ਼ਤਿਆਂ ਦੇ ਮਹੀਨੇ, ਮਹੀਨਿਆਂ ਦੇ ਸਾਲ ਬਣਦਿਆਂ ਚਿਰ ਨਾ ਲੱਗਾ। ਟਹਿਲ ਸੇਵਾ ਦਾ ਨਤੀਜਾ ਇਹ ਹੋਇਆ ਕਿ ਪੰਛੀ ਖ਼ੂਬ ਮੋਟੇ ਤਾਜ਼ੇ ਹੋ ਗਏ। ਜਿਸਮਾਨੀ ਤਾਕਤ ਵਿਚ ਐਨ ਭਰਪੂਰ ਹੋ ਕੇ ਆਕੜਨ ਲਗ ਪਏ। ਜਿਸਮਾਨੀ ਤਾਕਤ ਪੂਰੀ ਡਿਗਰੀ 'ਤੇ ਪਹੁੰਚ ਜਾਣ ਕਰਕੇ ਹਵਾਵਾਂ ਹੀ ਹੋਰ ਦੀਆਂ ਹੋਰ ਹੋ ਗਈਆਂ। ਵਜੂਦੀ ਤਾਕਤ ਦੇ ਨਸ਼ੇ ਨੇ ਐਨਾ ਬੇ-ਹੋਸ਼ ਕਰ ਦਿੱਤਾ ਕਿ ਤੂੰ ਤੂੰ ਆਖਣਾ ਭੁੱਲ ਗਿਆ। 'ਤੂੰ' ਦੀ ਥਾਂ 'ਮੈਂ' ਦੇ ਡੇਰੇ ਲਗ ਗਏ। ਹੰਕਾਰ ਨੇ ਆਪਣਾ ਅੱਡਾ ਪੱਕਾ ਜਮਾ ਲਿਆ। ਜਿਥੇ ਹੰਕਾਰ ਆ ਜਾਏ; ਓਥੇ ਕਾਮ, ਕ੍ਰੋਧ, ਲੋਭ, ਮੋਹ ਬਦੋਬਦੀ ਹੀ ਆ ਜਾਂਦੇ ਨੇ ਕਿਉਂਕਿ ਇਹਨਾਂ ਸਾਰਿਆਂ ਵਿਚੋਂ ਹੰਕਾਰ ਵੱਡਾ ਹੈ, ਤੇ ਜਿਥੇ ਵੱਡਾ ਭਰਾ ਜਾ ਖਲੋਵੇ ਓਥੇ ਨਿੱਕਿਆਂ ਨੂੰ ਲਾਜ਼ਮੀ ਤੌਰ 'ਤੇ ਜਾਣਾ ਪੈਂਦਾ ਏ।

ਭਾਈ ਜੋਗਾ ਸਿੰਘ ਜੀ ਦੀ ਬਣੀ ਬਣਾਈ ਤੇ ਸਿਰੇ ਚੜ੍ਹ ਕੇ ਪੁੱਗੀ ਹੋਈ ਬਾਜ਼ੀ ਨੂੰ ਕਾਮ, ਕ੍ਰੋਧ, ਲੋਭ, ਮੋਹ ਨੇ ਤਾਂ ਨਹੀਂ ਸੀ ਵਿਗਾੜਿਆ ਸਗੋਂ ਵਿਗਾੜਨ ਵਾਲਾ ਸੀ ਹੰਕਾਰ। ਜਦ ਕਿ ਉਸ ਨੇ ਭਾਈ ਜੀ ਦੇ ਮਨ ਵਿਚ ਵੱਸ ਕੇ ਆਖਿਆ ਕਿ ਮੇਰੇ ਵਰਗਾ ਹੁਕਮ-ਮੰਨੂ ਸਿਖ, ਹੋਰ ਕੋਈ ਨਹੀਂ ਹੋ ਸਕਦਾ। ਇਕ ਮੈਂ ਹੀ ਹਾਂ ਜਿਸ ਨੇ ਸਤਿਗੁਰਾਂ ਦੇ ਹੁਕਮ ਮੰਨਣ ਖ਼ਾਤਰ ਚੌਥੀ ਲਾਂਵ ਹੀ ਨਹੀਂ ਲਈ। ਇਸ ਤੋਂ ਪਰੇ ਹੋਰ ਆਗਿਆ ਦਾ ਪਾਲਣ ਕੀ ਹੋ ਸਕਦਾ ਏ! ਬੱਸ ਹੰਕਾਰ ਦੇ ਆਉਣ ਦੀ ਢਿਲ ਸੀ ਕਿ ਕਾਮ ਹੁਣੀ ਆ ਟਪਕੇ, ਜਿਨ੍ਹਾਂ ਦਾ ਸਦਕਾ, ਪਤੀ-ਬ੍ਰਤਾ ਦੇਵੀ ਨੂੰ ਤਿਆਗ ਕੇ

ਆਉਣ ਵਾਲਾ, ਟਕੇ ਦੀ ਵੇਸਵਾ ਉਤੇ ਡੁਲ੍ਹ ਪਿਆ ਤੇ ਖ਼ਿਆਲ ਬਣਾ ਲਿਆ ਕਿ ਅੱਜ ਰਾਤ ਹੁਸ਼ਿਆਰਪੁਰ ਹੀ ਗੁਜ਼ਾਰੀ ਜਾਏ।

ਕਾਮ ਦੇ ਪਿਛੋਂ ਮੋਹ ਹੁਣੀਂ ਆ ਹਾਜ਼ਰ ਹੋਏ, ਜਿਸ ਦੀ ਪ੍ਰੇਰਨਾ ਦੇ ਕਾਰਨ ਤਿੰਨ ਵਾਰੀ ਵੇਸ਼ਵਾ ਦੇ ਦੁਆਰੇ ਗਿਆ ਤੇ ਚੌਕੀਦਾਰ ਨੂੰ ਦੇਖ ਕੇ ਮੁੜ ਆਉਂਦਾ ਰਿਹਾ, ਮਨ ਵਿਚ ਕ੍ਰੋਧ ਕਰ ਕੇ ਨੱਕ ਬੁਲ੍ਹ ਵੱਟਦਾ ਰਿਹਾ। ਤੇ ਲੋਭ ਹੁਣੀਂ ਮੁੜ ਮੁੜ ਓਥੇ ਹੀ ਭੁਆਟਣੀਆਂ ਦਿੰਦੇ ਰਹੇ। ਸੋ ਜਿਥੇ ਹੰਕਾਰ ਆ ਜਾਏ, ਓਥੇ ਬਾਕੀ ਦੇ ਚਾਰ ਚੋਰ ਬਦੋਬਦੀ ਆ ਹੀ ਜਾਂਦੇ ਹਨ।

ਜਦੋਂ ਪੰਛੀਆਂ ਨੇ ਮੈਂ-ਮੈਂ ਦਾ ਸੁੱਕਾ ਸੜਿਆ ਤੇ ਕੁਚੱਜਾ ਰੋਣਾ ਅਰੰਭ ਦਿੱਤਾ ਤਾਂ ਧਰਮੀ ਸੁਣਦਿਆਂ ਸਾਰ ਹੱਕਾ ਬੱਕਾ ਹੋ ਕੇ ਸੋਚੀਂ ਪੈ ਗਿਆ ਕਿ ਅੱਜ ਕੀ ਕਾਰਨ ਹੈ ਕਿ ਇਨ੍ਹਾਂ ਗਵਈਆਂ ਦੀ ਸੁਰ ਸਰਗਮ ਖ਼ੁਸ਼ਕ ਤੇ ਓਪਰੀ ਹੈ ? ਇਸ ਵਿਚ ਰਸ ਤੇ ਖਿੱਚ ਕਿਉਂ ਨਹੀਂ ? ਪੜਤਾਲ ਕਰਨ ਤੋਂ ਭਾਸਿਆ ਕਿ ਇਹ ਜਾਂਗਲੀ ਕੀਰਤਨੀਏਂ ਹੰਕਾਰ 'ਚ ਆ ਗਏ ਨੇ। ਮਾਲਕ ਦੇ ਹੁਕਮੋਂ ਬਾਗ਼ੀ ਹੋ ਬੈਠੇ ਨੇ, ਜਿਸ ਦੇ ਦਿੱਤੇ ਮੇਵੇ ਖਾਂਦੇ ਸਨ, ਉਸਨੂੰ ਭੁੱਲ ਕੇ ਆਪਣੇ ਆਪ ਦੇ ਹੰਕਾਰ 'ਚ ਫਸ ਗਏ ਨੇ। ਹੁਣ ਇਨ੍ਹਾਂ ਨਾਲ ਪਿਆਰ ਕਰਨਾ ਵਿਅਰਥ ਹੈ। ਆਪਣੇ ਕੀਮਤੀ ਸਮੇਂ ਨੂੰ ਭੰਗ ਦੇ ਭਾੜੇ ਗਵਾਉਣ ਵਾਲੀ ਗੱਲ ਹੈ। ਸੋ ਧਰਮੀ ਉਠਿਆ ਤੇ ਪਿੰਜਰਿਆਂ ਦੇ ਬੂਹੇ ਖੋਲ੍ਹ ਦਿੱਤੇ ਤੇ ਜਿਨ੍ਹਾਂ ਦੀ ਸੇਵਾ 'ਚ ਸੁਖ ਮੰਨਦਾ ਸੀ, ਉਹਨਾਂ ਨੂੰ ਖੁਲ੍ਹੀ ਜੂਹ ਵਿਚ ਛੱਡ ਦਿੱਤਾ। ਚੂੰਕਿ ਕਾਫ਼ੀ ਅਰਸਾ ਕੈਦ ਰਹਿਣ ਕਰਕੇ ਉਡਣ ਦੀ ਜਾਚ ਭੁੱਲ ਚੁੱਕੀ ਸੀ, ਜੰਗਲ ਦੇ ਵੱਡੇ ਵੱਡੇ ਸ਼ਿਕਾਰੀ ਪਰਿੰਦੇ ਲਗੜ-ਇੱਲਾਂ, ਸ਼ਿਕਰੇ ਬਾਜ਼ ਆਏ ਜਿਨ੍ਹਾਂ ਨੇ ਸਾਰੇ ਦੇ ਸਾਰੇ ਮਾਰ ਕੇ ਖਾ ਪੀ ਕੇ ਹੜੱਪ ਕਰ ਲਏ। ਹੁਕਮੋਂ ਬਾਗ਼ੀ ਹੋਣ ਵਾਲਿਆਂ ਦਾ ਨਾਂ ਨਿਸ਼ਾਨ ਮਿਟ ਗਿਆ, ਤੇ ਧਰਮੀ ਕਈ ਦਿਨ ਪਛਤਾਵੇ ਵਿਚ ਗ਼ਮਗੀਨ ਰਿਹਾ। ਆਖ਼ਰ ਦੋਸਤਾਂ ਨੂੰ ਪਤਾ ਲੱਗਾ ਕਿ ਸ਼ਾਹੂਕਾਰ ਨੇ ਸਾਰੇ ਪਰਿੰਦੇ ਮਰਵਾ ਦਿਤੇ ਹਨ, ਉਹ ਦੁਬਾਰਾ ਆਏ ਤੇ ਪੁਛਿਆ ਕਿ ਮਿੱਤਰਾ, ਅਸੀਂ ਲੱਖਾਂ ਤਰਲੇ ਲਏ, ਪਰ ਤੂੰ ਸਾਡੇ ਕਹਿਣੇ ਨਾ ਲਗੋਂ, ਪਰ ਹੁਣ ਆਪਣੇ ਆਪ ਸਾਰੇ ਪਰਿੰਦੇ ਮਰਵਾ ਦਿੱਤੇ, ਇਸ ਦਾ ਕਾਰਨ ਕੀ ਹੈ ? ਸਾਡੀ ਇਕ ਨਾ ਮੰਨੀ ਤੇ ਆਪਣੇ ਆਪ ਸਭ ਦੀ ਮੌਤ ਦਾ ਕਾਰਨ ਬਣਿਓਂ, ਕਿਉਂ ?

ਧਰਮੀ ਨੇ ਹੌਕਾ ਭਰ ਕੇ ਆਖਿਆ—ਪਿਆਰੇ ਮਿੱਤਰੋ ! ਉਨ੍ਹਾਂ ਦੀ ਮੌਤ ਦਾ ਕਾਰਨ ਮੈਂ ਨਹੀਂ, ਸਗੋਂ ਉਹ ਆਪ ਹਨ, ਕਿਉਂਕਿ ਉਨ੍ਹਾਂ ਪਿਆਰੇ ਮਾਲਕ ਦਾ ਹੁਕਮ ਮੰਨਣਾ ਛਡ ਦਿੱਤਾ ਸੀ। ਜਿੰਨਾ ਚਿਰ ਹੁਕਮ 'ਚ ਰਹੇ, ਪਿਆਰੇ ਦੇ ਗੀਤ ਗਾ ਕੇ ਰੰਗ ਮਾਣਦੇ ਰਹੇ, ਓਨਾ ਚਿਰ ਮੈਂ ਉਨ੍ਹਾਂ ਦਾ ਸੇਵਕ ਬਣਿਆ ਰਿਹਾ ਤੇ ਵੰਨ-ਸੁਵੰਨੇ ਕਈ ਕਿਸਮ ਦੇ ਮੇਵੇ ਖਵਾਲਦਾ ਰਿਹਾ। ਪਰ ਅਫ਼ਸੋਸ ਕਿ ਉਹ ਮੇਵੇ ਖਾ ਕੇ ਜਿਸਮਾਨੀ ਤੌਰ 'ਤੇ ਤਾਕਤਵਰ ਹੋ ਕੇ, ਤੂੰ ਤੂੰ ਦੀ ਥਾਵੇਂ ਮੈਂ-ਮੈਂ 'ਚ ਰੁੱਝ ਗਏ; ਜਿਸ ਕਰਕੇ ਮੈਨੂੰ ਉਨ੍ਹਾਂ ਦੀ ਆਵਾਜ਼ ਵਿਚੋਂ ਉਹ ਰਸ ਨਾ ਆਇਆ ਜੋ ਨਿਤ ਆਉਂਦਾ ਸੀ। ਮੈਂ ਉਨ੍ਹਾਂ ਦੇ ਪਿੰਜਰਿਆਂ ਦੇ ਬੂਹੇ ਖੋਲ੍ਹ ਦਿੱਤੇ, ਚੂੰਕਿ ਉਡਣਾ ਨਹੀਂ ਸੀ ਜਾਣਦੇ ਇਸ ਲਈ ਮਾਰੇ ਗਏ। ਇਸ ਲਈ ਉਹ ਆਪਣੀ ਮੌਤ ਦੇ ਜ਼ਿੰਮੇਵਾਰ ਆਪ ਹਨ। ਜੋ ਵੀ ਹੁਕਮੋਂ ਬਾਹਰ ਹੋਰ ਜਾਂਦਾ ਏ, ਉਹ ਦੁਖ ਜ਼ਰੂਰ ਪਾਉਂਦਾ ਏ, ਕਿਉਂਕਿ ਸੁਖ ਤਾਂ ਕਿਸੇ ਦੇ ਹੁਕਮ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਹੁਕਮ ਬਾਰੇ ਜੋ ਰੌਸ਼ਨੀ ਦਿੱਤੀ ਹੈ ਉਹ ਇਸ ਤਰ੍ਹਾਂ ਹੈ :

ਜੀਅੜਾ ਅਗਨਿ ਬਰਾਬਰਿ ਤਪੈ, ਭੀਤਰਿ ਵਗੈ ਕਾਤੀ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ, ਸੁਖੁ ਹੋਵੈ ਦਿਨੁ ਰਾਤੀ॥੬॥

(ਗਉੜੀ ਚੇਤੀ ਮ: ੧, ਪੰਨਾ ੧੫੬)

ਅਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣ ਕੈ, ਤਉ ਖਸਮੈ ਮਿਲਣਾ॥ *(ਸਲੋਕੁ ਮ: ੨, ਪੰਨਾ ੧੩੯)*

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ॥
ਤੈਸੀ ਬੁਧਿ ਕਰਹੁ ਪਰਗਾਸਾ, ਲਾਗੈ ਪ੍ਰਭ ਸੰਗਿ ਪ੍ਰੀਤਿ॥ਰਹਾਉ॥
ਦਾਸ ਤੁਮਾਰੇ ਕੀ ਪਾਵਉ ਧੂਰਾ, ਮਸਤਕਿ ਲੇ ਲੇ ਲਾਵਉ॥
ਮਹਾ ਪਤਿਤ ਤੇ ਹੋਤ ਪੁਨੀਤਾ, ਹਰਿ ਕੀਰਤਨ ਗੁਨ ਗਾਵਉ॥੧॥
ਆਗਿਆ ਤੁਮਰੀ ਮੀਠੀ ਲਾਗਉ, ਕੀਓ ਤੁਹਾਰੋ ਭਾਵਉ॥
ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ, ਆਨ ਨ ਕਤਹੂ ਧਾਵਉ॥੨॥

(ਟੋਡੀ ਮ: ੫, ਪੰਨਾ ੭੧੨)

ਮੀਠੀ ਆਗਿਆ ਪਿਰ ਕੀ ਲਾਗੀ॥
ਸਉਕਨਿ ਘਰ ਕੀ ਕੰਤਿ ਤਿਆਗੀ॥ *(ਆਸਾ ਮ: ੫, ਪੰਨਾ ੩੯੪)*

ਜਾਇ ਪੁਛਹੁ ਸੋਹਾਗਣੀ ਵਾਹੈ, ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ, ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ, ਤਉ ਚਰਣੀ ਚਿਤੁ ਲਾਈਐ॥...
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥੩॥
ਆਪੁ ਗਵਾਈਐ ਤਾ ਸਹੁ ਪਾਈਐ, ਅਉਰੁ ਕੈਸੀ ਚਤੁਰਾਈ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ, ਕਾਮਣਿ ਨਉਨਿਧਿ ਪਾਈ॥੪॥

(ਤਿਲੰਗ ਮ: , ਪੰਨਾ ੭੨੨)

ਹਰਿਜਨੁ ਉਤਮੁ ਭਗਤੁ ਸਦਾਵੈ, ਆਗਿਆ ਮਨਿ ਸੁਖੁ ਪਾਈ॥

(ਆਸਾ ਕਬੀਰ, ਪੰਨਾ ੪੮੦)

ਹੁਕਮ ਕੋਈ ਐਸੀ ਵਸਤੂ ਹੈ ਕਿ ਜਿਸ ਦੇ ਬਾਰੇ ਵਾਹਿਗੁਰੂ ਹੀ ਸਹੀ ਜਾਣਦਾ ਏ, ਭਈ ਇਹ ਕੀ ਹੈ ਤੇ ਜਾਂ ਸਤਿਗੁਰ ਜੀ ਜਾਣਦੇ ਹਨ ਕਿ ਹੁਕਮ ਕਿੱਡੀ ਕੁ ਉਤਮ ਵਸਤੂ ਹੈ। ਤਦੇ ਤਾਂ ਹੁਕਮ ਕਰਦੇ ਨੇ ਭਈ:

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ, ਹੁਕਮੇ ਹੀ ਸੁਖੁ ਪਾਏ॥
ਹੁਕਮੋ ਸੇਵੇ ਹੁਕਮੁ ਅਰਾਧੇ, ਹੁਕਮੇ ਸਮੈ ਸਮਾਏ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ, ਮਨ ਚਿੰਦਿਆ ਫਲੁ ਪਾਏ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ, ਸਤਿਗੁਰੁ ਸੇਵੈ ਲਿਵ ਲਾਏ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ, ਤਿਨਾ ਹੁਕਮੇ ਲਏ ਮਿਲਾਏ॥੧੯॥

(ਸਲੋਕ ਮਹਲਾ ੪, ਪੰਨਾ ੧੪੨੩)

ਮਨਮੁਖਿ ਹੁਕਮੁ ਨ ਬੁਝੇ ਬਪੁੜੀ, ਨਿਤ ਹਉਮੈ ਕਰਮ ਕਮਾਇ॥
ਵਰਤ ਨੇਮੁ ਸੁਚ ਸੰਜਮੁ ਪੂਜਾ, ਪਾਖੰਡਿ ਭਰਮੁ ਨ ਜਾਇ॥
ਅੰਤਰਹੁ ਕੁਸੁਧ ਮਾਇਆ ਮੋਹਿ ਬੇਧੇ, ਜਿਉ ਹਸਤੀ ਛਾਰੁ ਉਡਾਏ॥
ਜਿਨਿ ਉਪਾਏ ਤਿਸੈ ਨ ਚੇਤਹਿ, ਬਿਨੁ ਚੇਤੇ ਕਿਉ ਸੁਖੁ ਪਾਏ॥
ਨਾਨਕ ਪਰਪੰਚੁ ਕੀਆ ਧੁਰਿ ਕਰਤੈ, ਪੂਰਬਿ ਲਿਖਿਆ ਕਮਾਏ॥੧੯॥

(ਸਲੋਕ ਮਹਲਾ ੪, ਪੰਨਾ ੧੪੨੩)

ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ, ਜਿਤੁ ਵਸਿਆ ਮਨਿ ਆਇ॥
ਰਾਗੁ ਨਾਦੁ ਸਭੁ ਸਚੁ ਹੈ, ਕੀਮਤਿ ਕਹੀ ਨ ਜਾਇ॥
ਰਾਗੈ ਨਾਦੈ ਬਾਹਰਾ, ਇਨੀ ਹੁਕਮੁ ਨ ਬੂਝਿਆ ਜਾਇ॥
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ, ਸਤਿਗੁਰ ਤੇ ਸੋਝੀ ਪਾਇ॥
ਸਭ ਕਿਛੁ ਤਿਸ ਤੇ ਹੋਇਆ, ਜਿਉ ਤਿਸੈ ਦੀ ਰਜਾਇ॥੨੪॥

(ਸਲੋਕ ਮਹਲਾ ੪, ਪੰਨਾ ੧੪੨੩)

ਉਪਰੋਕਤ ਕਥਨ ਕੀਤੇ ਅੰਮ੍ਰਿਤ ਬਚਨਾਂ ਵਿਚ ਹੁਕਮ ਦੀ ਮਹੱਤਤਾ ਤੇ ਵਡਿਆਈ ਸਾਗਰ ਵਾਂਗ ਉਛਾਲੇ ਮਾਰਦੀ, ਪ੍ਰੇਮ ਲਹਿਰਾਂ ਵਿਚ ਲਪੇਟਦੀ ਪਈ ਏ। ਹੁਕਮ ਮੰਨਣ ਨਾਲ ਕਿਵੇਂ ਹੁਕਮੀ ਵਿਚ ਸਮਾਈਦਾ ਏ, ਇਹ ਚੰਗੀ ਤਰ੍ਹਾਂ ਨਿਸਚੇ ਕਰਾ ਦਿੱਤਾ ਏ। ਹੁਕਮ ਤੋਂ ਬਿਨਾ ਜਪੁ, ਤਪੁ, ਪੂਜਾ ਪਾਠ ਤੇ ਵਰਤ, ਨੇਮ ਨਿਰਮੂਲ ਦੱਸੇ ਹਨ। ਜੇ ਕੋਈ ਹੁਕਮ ਮੰਨ ਲਏ ਤਾਂ ਸਮਝੋ ਉਸ ਨੇ ਸਭ ਜਪੁ, ਤਪੁ, ਪੂਜਾ, ਪਾਠ, ਵਰਤ, ਨੇਮ ਪੂਰੇ ਕਰ ਲਏ ਹਨ। ਸਾਡਾ ਇਤਿਹਾਸ ਇਸ ਗੱਲ ਦਾ ਸਾਖੀ ਹੈ ਕਿ ਹੁਕਮ ਦੁਆਰਾ ਹੀ ਲਹਿਣੇ ਤੋਂ ਸ੍ਰੀ ਗੁਰੂ ਅੰਗਦ, ਤੇ ਅਮਰੂ ਤੋਂ ਸ੍ਰੀ ਗੁਰੂ ਅਮਰ ਦਾਸ ਅਤੇ ਜੇਠੇ ਤੋਂ ਸ੍ਰੀ ਗੁਰੂ ਰਾਮਦਾਸ ਜੀ ਬਣੇ ਹਨ। ਇਸ ਲਈ ਗੁਰਮਤਿ ਵਿਚ ਤਾਂ ਇਹ ਸਿਧਾਂਤ ਸੂਰਜ ਵਾਂਗ ਰੌਸ਼ਨ ਹੈ ਕਿ :

ਹੁਕਮਿ ਮੰਨਿਐ ਹੋਵੈ ਪਰਵਾਣੁ, ਤਾ ਖਸਮੈ ਕਾ ਮਹਲੁ ਪਾਇਸੀ॥

(ਆਸਾ ਦੀ ਵਾਰ, ਪੰਨਾ ੪੭੧)

ਸੋ ਹੁਕਮ ਮੰਨਣਾ ਹੀ ਸੁਖ ਦੀ ਪ੍ਰਾਪਤੀ ਦਾ ਸੋਮਾ ਹੈ।

ਐਸਾ ਹਰਿ ਨਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਐਸੀ ਬਾਣੀ ਹੈ ਜਿਸ ਵਿਚ ਆਦਿ ਤੋਂ ਅੰਤ ਤਕ ਇਕ ਨਾਮ ਦੀ ਚਰਚਾ ਹੈ; ਕਿਸੇ ਰਾਜੇ ਮਹਾਰਾਜੇ, ਕਿਸੇ ਚੱਕਰਵਰਤੀ ਬਾਦਸ਼ਾਹ ਤੇ ਜੰਗ ਲੜਨ ਵਾਲੇ ਲੜਾਕੇ ਦਾ ਜ਼ਿਕਰ ਨਹੀਂ। ਕਰਮਕਾਂਡੀ, ਨਿਉਲੀ ਕਰਮ ਕਰਨ ਵਾਲੇ, ਨੇਤੀ ਧੋਤੀ, ਜੋਗ ਸਾਧਨਾਂ ਕਰਨ ਵਾਲੇ ਜੋਗੀ, ਜਾਂ ਹੋਰ ਕਿਸੇ ਸੂਰਬੀਰ ਵਰਿਆਮ ਦਾ ਜ਼ਿਕਰ ਨਹੀਂ, ਸਗੋਂ ਇਕੋ ਨਾਮ ਦਾ ਜ਼ਿਕਰ ਹੈ। ਜੇ ਕਿਸੇ ਦਾ ਨਾਮ ਆਇਆ ਵੀ ਹੈ, (ਜੈਸਾ ਕਿ ਕਬੀਰ, ਜੈਦੇਵ, ਨਾਮਦੇਵ, ਤ੍ਰਿਲੋਚਨ ਆਦਿਕ) ਤਾਂ ਕੇਵਲ ਨਾਮ ਦੇ ਸਦਕੇ। ਕਿਉਂਕਿ ਉਨ੍ਹਾਂ ਨੇ ਸਾਰੇ ਜੀਵਨ ਵਿਚ ਨਾਮ ਅਭਿਆਸ ਹੀ ਕੀਤਾ ਹੈ, ਤੇ ਨਾਮ ਵਿਰੋਧੀਆਂ ਦੇ ਖ਼ਿਲਾਫ਼ ਕਲਮ ਦੁਆਰਾ ਕਾਫ਼ੀ ਕੁਝ ਲਿਖਿਆ ਹੈ ਅਤੇ ਪਾਖੰਡ ਦੇ ਤੇ ਪਾਖੰਡੀਆਂ ਦੇ ਪਾਜ ਖੋਲ੍ਹਣ ਲਗਿਆਂ ਬੇਖ਼ੌਫ਼ੀ ਕੋਲੋਂ ਕੰਮ ਲਿਆ ਹੈ। ਚੂੰਕਿ ਭਗਤਾਂ ਨੇ ਸਾਰੇ ਜੀਵਨ 'ਚ ਨਾਮ ਖੋਜਿਆ ਹੈ, ਇਸ ਕਰਕੇ ਉਨ੍ਹਾਂ ਦਾ ਨਾਮ ਤੇ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਹੈ। ਕਈ ਐਸੇ ਲੋਕ ਵੀ ਹਨ ਜਿਨ੍ਹਾਂ ਜੀਵਨ ਭਰ ਨਾਮ ਨਹੀਂ ਜਪਿਆ, ਸਗੋਂ ਜ਼ਿੰਦਗੀ ਭਰ ਨਾਮ ਦੀ ਵਿਰੋਧਤਾ ਕੀਤੀ ਹੈ, ਨਾਂ ਉਨ੍ਹਾਂ ਦਾ ਵੀ ਆਇਆ ਹੈ। ਜੈਸੇ ਹਰਨਾਖਸ਼, ਰਾਵਣ, ਦੁਰਯੋਧਨ ਤੇ ਗਨਕਾ ਆਦਿਕ। ਪਰ ਸੋਚਿਆਂ ਪਤਾ ਲਗੇਗਾ ਕਿ ਇਨ੍ਹਾਂ ਦੇ ਨਾਂ ਵਿਚੋਂ ਵੀ ਉਸ ਪਿਆਰੇ ਨਾਮ ਦੀ ਹੀ ਝਲਕ ਹੈ। ਪ੍ਰਹਿਲਾਦ ਨੇ ਜਪਿਆ ਹੈ ਤੇ ਭਾਵੇਂ ਹਰਨਾਖਸ਼ ਪਿਤਾ ਹੀ ਸੀ, ਨੇ ਨਹੀਂ ਜਪਿਆ; ਜਿਸ ਲਈ ਪੁੱਤ ਨੂੰ ਭਗਤ ਤੇ ਪਿਓ ਨੂੰ ਦੈਂਤ ਆਖਦੇ ਨੇ। ਇਸ ਤੋਂ ਦਸਿਆ ਇਹ ਗਿਆ ਹੈ ਕਿ ਐ ਲੋਕੋ, ਨਾਮ ਨਾ ਜਪਣ ਵਾਲੇ ਦੀ ਲੋਕ ਪਰਲੋਕ ਦੁਰਗਤੀ ਹੈ ਇਸ ਲਈ ਨਾਮ ਜਪ ਲਉ। ਸੋ ਜਿਸ ਨੇ ਨਹੀਂ ਜਪਿਆ ਉਸ ਦੇ ਨਾਂ ਦਾ ਜ਼ਿਕਰ ਵੀ ਨਾਮ ਹੀ ਦਰਸਾਉਂਦਾ ਏ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ਅੱਖਰ ਵਿਚ ਕੇਵਲ ਇਕ ਵਾਹਿਗੁਰੂ ਨਾਮ ਦਾ ਹੀ ਜ਼ਿਕਰ ਹੈ। ਏਸੇ ਲਈ ਸਾਹਿਬ ਫ਼ਰਮਾਂਦੇ ਨੇ ਭਈ :

ਜਿਨੀ ਐਸਾ ਹਰਿਨਾਮੁ ਨ ਚੇਤਿਓ, ਸੇ ਕਾਹੇ ਜਗਿ ਆਏ ਰਾਮ ਰਾਜੇ ॥

(ਆਸਾ ਮ: ੪, ਪੰਨਾ ੪੫੦)

ਜਿਨ੍ਹਾਂ ਮਨੁੱਖਾਂ ਨੇ ਮਨੁੱਖੀ ਜਨਮ ਪ੍ਰਾਪਤ ਕਰ ਕੇ ਵੀ ਇਹੋ ਜਿਹੇ ਹਰੀ ਪਰਮਾਤਮਾ ਦਾ ਨਾਮ ਨਹੀਂ ਸਿਮਰਿਆ ਉਹ ਜੱਗ ਵਿਚ ਕਿਉਂ ਆਏ? ਭਾਵ ਜਿਨ੍ਹਾਂ ਨੇ ਨਾਮ ਨਹੀਂ ਜਪਣਾ ਉਨ੍ਹਾਂ ਨੂੰ ਜੱਗ ਵਿਚ ਆਉਣਾ ਹੀ ਨਹੀਂ ਸੀ ਚਾਹੀਦਾ। ਇਕ ਜਗ੍ਹਾ ਸਤਿਗੁਰੂ ਜੀ ਨੇ ਇਉਂ ਭੀ ਫ਼ੁਰਮਾਇਆ ਹੈ ਕਿ :

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥
ਬਿਧਵਾ ਕਸ ਨ ਭਈ ਮਹਤਾਰੀ॥ *(ਗਉੜੀ ਕਬੀਰ, ਪੰਨਾ ੩੨੮)*

ਜਿਸ ਕੁਲ ਵਿਚ, ਜਿਸ ਖ਼ਾਨਦਾਨ, ਜਿਸ ਬੰਸ ਵਿਚ ਜੰਮ ਕੇ ਕਿਸੇ ਪੁੱਤ ਨੇ ਵਾਹਿਗੁਰੂ ਦੇ ਗਿਆਨ ਦੀ ਵਿਚਾਰ ਨਹੀਂ ਕੀਤੀ, ਭਾਵ ਵਾਹਿਗੁਰੂ ਦਾ ਗਿਆਨ ਨਹੀਂ ਵਿਚਾਰਿਆ, ਉਸਦੀ ਮਾਂ ਵਿਧਵਾ ਕਿਉਂ ਨਾ ਹੋ ਗਈ! ਭਾਵ ਉਸ ਪੁੱਤ ਦੇ ਜੰਮਣ ਤੋਂ ਪਹਿਲੇ ਉਸ ਦਾ ਪਿਓ ਮਰ ਕਿਉਂ ਨਾ ਗਿਆ! ਜੇ ਉਹ ਮਰ ਜਾਂਦਾ ਤਾਂ ਮਨਮੁਖ ਜਨਮ ਤਾਂ ਨਾ ਲੈਂਦਾ। ਅਗੇ ਚੱਲ ਕੇ ਸਤਿਗੁਰੂ ਜੀ ਨੇ ਇਉਂ ਭੀ ਫ਼ੁਰਮਾਇਆ ਕਿ :

ਜਿਹ ਨਰ ਰਾਮ ਭਗਤਿ ਨਹਿ ਸਾਧੀ॥
ਜਨਮਤ ਕਸ ਨ ਮੂਓ ਅਪਰਾਧੀ॥ *(ਗਉੜੀ ਕਬੀਰ, ਪੰਨਾ ੩੨੮)*

ਜਿਸ ਮਨੁੱਖ ਨੇ ਰਮੇ ਹੋਏ ਰਾਮ ਦੀ ਭਗਤੀ ਦੀ ਸਾਧਨਾ ਨਹੀਂ ਸਾਧੀ, ਉਹ ਅਪਰਾਧੀ ਜੰਮਦਾ ਹੀ ਮਰ ਕਿਉਂ ਨਾ ਗਿਆ! ਨਾਮ ਵਿਹੂਣੇ ਆਦਮੀ ਦੇ ਜੀਊਣ ਦੀ ਗੁਰੂ ਗ੍ਰੰਥ ਸਾਹਿਬ ਜੀ ਨੇ ਲੋੜ ਹੀ ਨਹੀਂ ਸਮਝੀ। ਤਦੇ ਤਾਂ ਆਖਿਆ ਏ ਭਈ :

ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥ *(ਗਉੜੀ ਮ: ੫, ਪੰਨਾ ੧੮੮)*

ਜਿਨ੍ਹਾਂ ਨੇ ਨਾਮ ਵਿਸਾਰ ਦਿੱਤਾ ਏ, ਉਹ ਮਰ ਕਿਉਂ ਨਾ ਗਏ! ਨਾਮ ਤੋਂ ਸਖਣੇ ਦਾ ਜੀਵਨ ਤਾਂ ਕਿਸੇ ਕੰਮ ਦਾ ਹੀ ਨਹੀਂ। ਜੇ ਕੋਈ ਜੀਵਨ ਕਿਸੇ ਦਾ ਕੰਮ ਆ ਸਕਦਾ ਹੈ ਤਾਂ ਓਹੋ ਹੀ ਆ ਸਕਦੈ, ਜਿਸ ਦੇ ਅੰਦਰ ਨਾਮ ਅਭਿਆਸ ਹੋਵੇ। ਅੱਗੇ ਜਾ ਕੇ ਸਾਹਿਬ ਇਸ ਤਰ੍ਹਾਂ ਵੀ ਆਖਦੇ ਨੇ ਕਿ :

ਖੇਹੂ ਖੇਹ ਰਲਾਈਐ, ਤਾ ਜੀਉ ਕੇਹਾ ਹੋਇ॥
ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ॥
ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ॥
(ਸਿਰੀਰਾਗ ਮ: ੧, ਪੰਨਾ ੧੭)

ਜਿਸ ਦਿਨ ਇਹ ਮਿੱਟੀ ਦੀ ਦੇਹੀ ਮਿੱਟੀ ਵਿਚ ਮਿਲਾ ਦਿੱਤੀ ਜਾਏਗੀ, ਉਸ ਦਿਨ ਜੀਅ ਦਾ ਕੀ ਹਾਲ ਹੋਵੇਗਾ! ਭਾਵ ਬੁਰਾ ਹਾਲ ਹੋਵੇਗਾ, ਸਾਰੀਆਂ ਚਤੁਰਾਈਆਂ ਸੜ ਜਾਣਗੀਆਂ, ਮਨੁੱਖ ਇਸ ਦੁਨੀਆ ਵਿਚੋਂ ਰੋਂਦਾ ਧੋਂਦਾ ਚਲਿਆ ਜਾਵੇਗਾ। ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਨੇ ਨਾਮ ਭੁਲਾ ਦਿੱਤਾ ਏ, ਉਨ੍ਹਾਂ ਦਾ ਦਰਬਾਰ 'ਚ ਗਿਆਂ ਪਤਾ ਨਹੀਂ ਕੀ ਹਾਲ ਹੋਵੇਗਾ! ਭਾਵ ਕਿ ਬੁਰਾ ਹਾਲ ਹੋਵੇਗਾ। ਨਾਮ ਤੋਂ ਸੱਖਣੇ ਨੂੰ :

ਧਰਤਿ ਅਸਮਾਨੁ ਨ ਝਲਈ॥...... *(ਗਉੜੀ ਮ: ੩, ਪੰਨਾ ੨੩੩)*

ਦੇ ਵਾਕ ਅਨੁਸਾਰ ਕਿਸੇ ਥਾਂ ਟਿਕਾਣਾ ਨਹੀਂ ਮਿਲੇਗਾ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੱਖਰ ਅੱਖਰ ਨਾਮ ਅਭਿਆਸ ਦੀ ਤਾਕੀਦ ਕਰਦਾ ਹੈ। ਕਰਦਾ ਭੀ ਇਹਨਾਂ ਅੱਖਰਾਂ ਨਾਲ ਹੈ ਕਿ :

ਜਿਨੀ ਐਸਾ ਹਰਿਨਾਮੁ ਨ ਚੇਤਿਓ, ਸੇ ਕਾਹੇ ਜਗਿ ਆਏ.....॥

(ਆਸਾ ਮ: ੪, ਪੰਨਾ ੪੫੦)

ਜਦੋਂ ਅਸੀਂ ਬਾਰ ਬਾਰ ਤੇ ਘੜੀ ਮੁੜੀ ਆਖੀ ਜਾਈਏ, ਭਈ 'ਐਸਾ ਹਰਿ ਨਾਮ', 'ਐਸਾ ਹਰਿ ਨਾਮ' ਤਾਂ ਆਪਣੇ ਆਪ ਸੁਆਲ ਪੈਦਾ ਹੁੰਦਾ ਏ ਕਿ ਕੈਸਾ ਹਰਿ ਨਾਮ। ਸੋ ਇਸ ਸਵਾਲ ਦਾ ਉੱਤਰ ਹਜ਼ੂਰ ਨੇ ਇਉਂ ਦਿੱਤਾ ਹੈ ਕਿ:

ਗੋਬਿੰਦ ਗੋਬਿੰਦ ਗੋਬਿੰਦ ਸੰਗਿ, ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ, ਹੋਇਓ ਲਾਖੀਣਾ॥੧॥ਰਹਾਉ॥
ਬੁਨਨਾ ਤਨਨਾ ਤਿਆਗਿ ਕੈ, ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ॥੧॥
ਰਵਿਦਾਸੁ ਢੁਵੰਤਾ ਢੋਰ ਨੀਤਿ, ਤਿਨਿ੍ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ, ਹਰਿ ਦਰਸਨੁ ਪਾਇਆ॥੨॥
ਸੈਨੁ ਨਾਈ ਬੁਤਕਾਰੀਆ, ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ, ਭਗਤਾ ਮਹਿ ਗਨਿਆ॥੩॥
ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡਭਾਗਾ॥੪॥ (ਆਸਾ ਮ: ੫, ਪੰਨਾ ੪੮੭)

ਨਾਮਦੇਵ ਜੀ ਦਾ ਮਨ ਗੋਬਿੰਦ ਦੇ ਨਾਮ ਨਾਲ ਲੀਨ ਹੋ ਗਿਆ, ਐਸਾ ਲੀਨ ਕਿ ਮੇਰ ਤੇਰ ਦਾ ਭੇਦ ਭਰਮ ਮਿਟ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਇਕ ਕੌਡੀ ਦੇ ਮੁੱਲ ਦਾ ਛੀਂਬਾ ਲੱਖਾਂ ਦਾ ਬਣ ਗਿਆ। ਸੋ ਜਿਹੜਾ ਨਾਮ ਕੌਡੀ ਮੁੱਲ ਦੇ ਛੀਂਬੇ ਨੂੰ ਲੱਖਾਂ ਦਾ ਬਣਾ ਦਏ:

ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ.....॥

ਤਣਨਾ ਬੁਣਨਾ ਤਿਆਗ ਕੇ, ਨੜੇ ਵਟਣੇ ਛੱਡ ਕੇ, ਕਬੀਰ ਜੀ ਨੇ ਹਰੀ ਚਰਨਾਂ ਨਾਲ ਪ੍ਰੀਤ ਗੀਤ ਪੱਕੀ ਕਰ ਲਈ, ਭਾਵੇਂ ਉਹ ਨੀਵੀਂ ਜਾਤ ਦਾ ਜੁਲਾਹਾ ਸੀ ਪਰ ਉਹ ਗੁਣਾਂ ਦਾ ਖ਼ਜ਼ਾਨਾ ਬਣ ਗਿਆ। ਸਿਆਣੇ ਪੰਡਤ ਤੇ ਮਾਇਆਧਾਰੀ ਉਸਨੂੰ ਮੱਥੇ ਟੇਕਣ ਲਗ ਪਏ। ਅੱਜ ਤਕ ਉਸ ਦੇ ਨਾਂ 'ਤੇ ਕਬੀਰ ਪੰਥੀ ਸੰਪ੍ਰਦਾ ਚਲੀ ਆ ਰਹੀ ਹੈ। ਸੋ ਜਿਹੜਾ ਨਾਮ ਕਬੀਰ ਵਰਗੇ ਨੀਵੀਂ ਕੁਲ ਦੇ ਬੰਦਿਆਂ ਨੂੰ ਗੁਣੀ ਗਹੀਰ ਬਣਾ ਦਏ:

ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ.....॥

ਰਵਿਦਾਸ ਚਮਾਰ, ਜਿਸ ਦਾ ਕੰਮ ਮੋਏ ਪਸ਼ੂ ਢੋਣਾ ਤੇ ਉਹਨਾਂ ਦਾ ਚੰਮ ਲਾਹੁਣਾ ਸੀ, ਕਿਉਂਕਿ ਰਵਿਦਾਸ ਜੀ ਨੇ ਆਪ ਇਸ ਗੱਲ ਨੂੰ ਮੰਨਿਆ ਹੈ ਕਿ ਮੈਂ ਜਾਤ ਦਾ ਚਮਾਰ ਹਾਂ। ਆਪ ਨੇ ਸਾਫ਼ ਦੱਸਿਆ ਹੈ ਕਿ:

ਨਾਗਰ ਜਨਾਂ ਮੇਰੀ ਜਾਤਿ, ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥ (ਮਲਾਰ ਰਵਿਦਾਸ, ਪੰਨਾ ੧੨੯੩)

ਐ ਪਵਿੱਤਰ ਆਦਮੀਓਂ! ਮੇਰੀ ਜਾਤ ਤਾਂ ਚਮਾਰ ਹੈ, ਪਰ ਮੇਰੇ ਹਿਰਦੇ ਵਿਚ ਰਾਮ ਹੈ ਤੇ ਗੋਬਿੰਦ ਜੀ ਦੇ ਪਵਿੱਤਰ ਗੁਣ ਗਾਉਂਦਾ ਹਾਂ, ਜਿਸ ਦੇ ਕਾਰਨ ਮੈਂ ਉੱਚਾ ਤੇ ਪਵਿੱਤਰ ਹੋ ਗਿਆ ਹਾਂ। ਇਕ ਜਗ੍ਹਾ ਇਉਂ ਵੀ ਕਥਨ ਕੀਤਾ ਹੈ:

ਕਹੇ ਰਵਿਦਾਸ ਖਲਾਸ ਚਮਾਰਾ॥
ਜੋ ਹਮਸਹਰੀ ਸੁ ਮੀਤੁ ਹਮਾਰਾ॥ *(ਗਉੜੀ ਰਵਿਦਾਸ, ਪੰਨਾ ੩੪੫)*

ਰਵਿਦਾਸ ਜੀ ਆਖਦੇ ਨੇ ਭਈ ਮੈਂ ਤਾਂ ਖ਼ਾਲਸ ਚਮਾਰ ਹਾਂ, ਇਸ ਵਿਚ ਰਤਾ ਜਿੰਨਾ ਵੀ ਭੇਦ ਨਹੀਂ। ਪਰ ਮੇਰਾ ਮਿੱਤਰ ਉਹ ਹੈ ਜਿਹੜਾ ਮੇਰੇ ਸ਼ਹਿਰ ਦਾ ਵਾਸੀ ਹੋਵੇ। ਇਹਨਾਂ ਅੱਖਰਾਂ ਤੋਂ ਸਾਫ਼ ਸਿੱਧ ਹੈ ਕਿ ਰਵਿਦਾਸ ਜੀ ਨੇ ਆਪਣੀ ਬ੍ਰਹਮ ਗਿਆਨ ਦੀ ਦੁਨੀਆ ਕੋਈ ਵੱਖਰੀ ਵਸਾਈ ਹੋਈ ਸੀ।

ਜਿਹੜਾ ਨਾਮ ਰਵਿਦਾਸ ਵਰਗਿਆਂ ਨੀਚ ਜਾਤੀ ਦੇ ਚਮਾਰਾਂ ਨੂੰ ਪੂਜਣ ਯੋਗ ਬਣਾ ਦਏ:

ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ.....॥

ਸੈਨ ਨਾਈ ਦੇ ਬਾਰੇ ਜ਼ਿਕਰ ਹੈ ਕਿ ਉਹ ਲੋਕਾਂ ਦੇ ਸੁਨੇਹੇ-ਪਤੇ ਲੈ ਕੇ ਜਾਂਦਾ ਸੀ, ਜਿਸ ਨੂੰ ਬੁੱਤੀ ਆਖਦੇ ਨੇ। ਸੋ ਲੋਕਾਂ ਦੀ ਬੁੱਤੀ-ਨੱਤੀ ਕਰਨ ਵਾਲਾ ਸੈਨ ਨਾਈ ਜੋ ਕਿ ਘਰ ਘਰ ਵਿਚ ਮਸ਼ਹੂਰ ਸੀ ਕਿ ਇਹ ਬੁੱਤੀਆਂ ਕਰਨ ਵਾਲਾ ਬੁਤੇਰਾ ਹੈ, ਪਰ ਜਦੋਂ ਉਸਦੇ ਹਿਰਦੇ ਵਿਚ ਹਰੀ ਪਰਮਾਤਮਾ ਦਾ ਨਿਵਾਸ ਹੋ ਗਿਆ ਤਾਂ ਉਸਦੀ ਗਿਣਤੀ ਭਗਤਾਂ 'ਚ ਹੋ ਗਈ ਤੇ ਰਾਜੇ ਨੇ ਵੀ ਆਦਰ ਸਤਿਕਾਰ ਕੀਤਾ। ਸੋ ਜਿਹੜਾ ਨਾਮ ਸੈਨ ਵਰਗੇ ਬੁਤੇਰਿਆਂ ਨੂੰ ਵੀ ਭਗਤਾਂ ਵਿਚ ਲਿਆ ਖੜਾ ਕਰੇ:

ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ....॥

ਉਤੇ ਕਥਨ ਕੀਤੇ ਜੁਲਾਹਿਆਂ, ਚਮਾਰਾਂ ਤੇ ਨਾਈਆਂ ਵੱਲ ਵੇਖ ਕੇ ਧੰਨੇ ਜੱਟ ਨੂੰ ਵੀ ਰੀਸ ਆ ਗਈ, ਜਿਸ ਦਾ ਸਦਕਾ ਗੁਸਾਈਂ ਪਰਤੱਖ ਹੋ ਕੇ ਧੰਨੇ ਭਗਤ ਨੂੰ ਮਿਲੇ, ਜਿਸ 'ਤੇ ਧੰਨਾ ਵਡਭਾਗਾ ਹੋ ਗਿਆ। ਸੋ ਜਿਹੜਾ ਨਾਮ ਧੰਨੇ ਵਰਗੇ ਸਿਧੇ ਸਾਧਿਆਂ ਨੂੰ ਵਡਭਾਗਾ ਬਣਾ ਦਏ:

ਜਿਨੀ ਐਸਾ ਹਰਿਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ......॥

ਨਾਮ ਕੈਸਾ ਹੈ? ਇਸ ਦਾ ਪਤਾ ਹੇਠ-ਲਿਖੀ ਵਾਰਤਾ ਤੋਂ ਸੁਖੈਨ ਹੀ ਲਗ ਜਾਏਗਾ:

ਰੂਮ ਦੇਸ਼ ਦੇ ਰਹਿਣ ਵਾਲੇ ਇਕ ਮੌਲਾਨਾ ਰੂਮ ਜੀ ਹੋਏ ਹਨ। ਉਹ ਫ਼ਾਰਸੀ ਜ਼ਬਾਨ ਦੇ ਚੰਗੇ ਤਕੜੇ ਪੰਡਿਤ ਸਨ। ਉਨ੍ਹਾਂ ਨੇ ਇਕ ਕਿਤਾਬ ਲਿਖੀ ਏ, ਉਸਦਾ ਨਾਂ ਹੈ—*ਮਸਨਵੀ ਮੌਲਾਨਾਇ ਰੂਮ*। ਉਸ ਵਿਚ ਆਪ ਲਿਖਦੇ ਹਨ ਕਿ ਬਾਦਸ਼ਾਹ ਸਲਾਮਤ ਨੂੰ ਇਹ ਵਹਿਮ ਹੋ ਗਿਆ ਕਿ ਮੈਂ ਰੱਬ ਹਾਂ। ਸਵੇਰੇ ਦਰਬਾਰ ਵਿਚ ਆਉਂਦਿਆਂ ਸਾਰ ਐਲਾਨ ਕੀਤਾ ਕਿ ਐ ਦਰਬਾਰੀ ਲੋਕੋ! ਅੱਜ ਤੋਂ ਮੈਨੂੰ ਇਨਸਾਨ ਨਾ ਸਮਝਣਾ ਕਿਉਂਕਿ ਮੈਂ ਹੁਣ ਇਨਸਾਨ ਨਹੀਂ ਰਿਹਾ। ਜਿਹੜਾ ਮੈਨੂੰ ਇਨਸਾਨ ਸਮਝੇਗਾ ਉਸਨੂੰ ਜੀਉਂਦੇ ਜੀਅ ਅੱਗ ਵਿਚ ਪਾ ਕੇ ਸਾੜ ਦਿੱਤਾ ਜਾਏਗਾ। ਇਸ ਹੁਕਮ ਦੇ ਸੁਣਦਿਆਂ ਸਾਰ ਸਾਰੇ ਦਰਬਾਰ ਵਿਚ ਸੰਨਾਟਾ ਛਾ ਗਿਆ। ਮੁਨਸ਼ੀ, ਮੁਸੱਦੀ ਅਹਿਲਕਾਰ ਤੇ

ਉਮਰਾ, ਅਮੀਰ ਤੇ ਵਜ਼ੀਰ, ਕਾਜ਼ੀ ਤੇ ਮੌਲਾਨੇ ਆਪਣੀ ਆਪਣੀ ਥਾਵੇਂ ਕੰਬੀ ਜਾ ਰਹੇ ਸਨ ਕਿ ਬਾਦਸ਼ਾਹ ਦੂਜੀ ਵੇਰ ਬੋਲ ਉਠਿਆ, ਜੋ ਮੇਰੇ ਹੁਕਮ ਦੇ ਸਾਹਮਣੇ ਸਿਰ ਨਾ ਝੁਕਾਵੇਗਾ, ਜੋ ਮੇਰੇ ਹੁਕਮ ਦੀ ਰੰਚਕ ਉਲੰਘਣਾ ਕਰੇਗਾ, ਜੋ ਮੇਰੇ ਹੁਕਮ ਨੂੰ ਸੋਲ੍ਹਾਂ ਆਨੇ ਕਰਕੇ ਨਾ ਮੰਨੇਗਾ; ਉਹ ਜੀਊਂਦੀ ਜਾਨੇ ਅੱਗ ਵਿਚ ਪਾ ਕੇ ਸਾੜ ਦਿੱਤਾ ਜਾਇਗਾ ਤੇ ਹੁਕਮ ਇਹ ਹੈ ਕਿ 'ਮੈਂ ਇਨਸਾਨ ਨਹੀਂ'।

ਇਕ ਦਰਬਾਰੀ ਨੇ ਡਰਦੇ ਡਰਦੇ ਸਹਿਮੀ ਹੋਈ ਅਵਾਜ਼ ਵਿਚ ਪੁੱਛਿਆ ਕਿ ਜਹਾਂ ਪਨਾਹ, ਅਗਰ ਆਪ ਇਨਸਾਨ ਨਹੀਂ ਹੋ ਤਾਂ ਫਿਰ ਆਪ ਨੂੰ ਕੀ ਸਮਝਿਆ ਜਾਏ ? ਅਸੀਂ ਆਪ ਦੇ ਗ਼ੁਲਾਮ ਹਾਂ, ਸੋ ਘੱਟੋ ਘੱਟ ਸਾਨੂੰ ਪਤਾ ਲਗਣਾ ਚਾਹੀਦਾ ਏ ਕਿ ਆਪ ਨੂੰ ਕਿਸ ਨਾਮ ਨਾਲ ਬੁਲਾਇਆ ਜਾਏ।

ਦਰਬਾਰੀ ਦੀ ਗੱਲ ਸੁਣਦੇ ਸਾਰ ਬਾਦਸ਼ਾਹ ਬੜੇ ਰੋਹਬ ਦਾਬ ਨਾਲ ਬੋਲਿਆ ਕਿ ਮੇਰਾ ਨਾਂ ਹੈ 'ਰੱਬ', ਅੱਜ ਰਾਤ ਸੁੱਤਿਆਂ ਮੇਰੇ 'ਤੇ ਵਹੀ ਨਾਜ਼ਲ ਹੋਇਆ ਜਿਸ ਨੇ ਮੇਰੇ ਕੰਨਾਂ ਵਿਚ ਗ਼ੈਬੀ ਆਵਾਜ਼ ਦੀ ਰਾਹੀਂ ਸੁਣਾਇਆ ਹੈ ਕਿ ਤੂੰ ਰੱਬ ਹੈਂ। ਸੋ ਅੱਜ ਤੋਂ ਸਾਰੇ ਦਰਬਾਰੀ, ਮੁਨਸ਼ੀ, ਮੁਸੱਦੀ, ਅਮੀਰ, ਵਜ਼ੀਰ, ਅਹਿਲਕਾਰ, ਉਮਰਾ ਤੇ ਕਾਜ਼ੀ, ਮੁਫ਼ਤੀ ਤੇ ਮੌਲਾਨਾ ਵਗ਼ੈਰਾ ਮੈਨੂੰ ਖ਼ੁਦਾ ਜਾਣ ਕੇ ਪੂਜਿਆ ਕਰਨ, ਨਹੀਂ ਤਾਂ ਖ਼ੁਦਾਈ ਹੁਕਮ ਨਾਲ ਆਤਿਸ਼ ਦੀ ਭੇਟ ਕਰ ਦਿਤੇ ਜਾਉਗੇ। ਮੌਲਾਨਾ ਰੂਮ ਜੀ ਨੇ ਲਿਖਿਆ ਹੈ ਕਿ ਕੁਝ ਕੁ ਦਰਬਾਰੀ ਸਹਿਮ ਗਏ, ਕੁਝ ਕੁ ਦੂਰ ਦੀ ਸੋਚਣ ਵਾਲੇ ਸੋਚਾਂ 'ਚ ਪੈ ਗਏ। ਗ਼ੈਰਤਮੰਦ ਲੋਕ ਤਲਵਾਰਾਂ ਦੇ ਕਬਜ਼ਿਆਂ 'ਤੇ ਹੱਥ ਲੈ ਗਏ। ਪਰ ਖ਼ੁਦਗ਼ਰਜ਼ ਲੋਕ ਜਿਨ੍ਹਾਂ ਦਾ ਧਰਮ ਰੋਟੀ ਹੈ ਉਹ ਬੋਲ ਉਠੇ—ਐ ਮਾਲਕ ! ਚਿਰਾਂ ਦੀ ਆਸਾ ਅੱਜ ਪੂਰੀ ਹੋਈ। ਅਸੀਂ ਤਾਂ ਕਦੇ ਦੇ ਮਨਾਂ 'ਚ ਫ਼ੈਸਲਾ ਕਰੀ ਬੈਠੇ ਸਾਂ ਕਿ ਆਪ ਨੂੰ ਰੱਬ ਜਾਣ ਕੇ ਪੂਜੀਏ, ਪਰ ਆਪ ਤੋਂ ਡਰਦੇ ਚੁੱਪ ਵਟ ਕੇ ਬੈਠੇ ਰਹੇ। ਐ ਖ਼ੁਦਾ ! ਤੁਹਾਡੇ ਖ਼ੁਦਾ ਹੋਣ ਦਾ ਸਭ ਤੋਂ ਵੱਡਾ ਸਬੂਤ ਤਾਂ ਏਹੋ ਹੀ ਕਾਫ਼ੀ ਹੈ ਕਿ ਤੁਸਾਂ ਸਾਡੇ ਦਿਲ ਦੀ ਬੁੱਝ ਲਈ। ਅਸੀਂ ਦਿਲੋ ਜਾਨ ਨਾਲ ਤੁਹਾਡੀ ਇਬਾਦਤ ਕਰਾਂਗੇ, ਕਿਉਂਕਿ ਤੁਸੀਂ ਸਾਡੇ ਖ਼ੁਦਾ ਹੋ। ਇੰਨੀ ਗੱਲ ਨਾਲ ਖ਼ੁਦਗ਼ਰਜ਼ ਬੇ-ਫ਼ਿਕਰ ਹੋ ਗਏ ਕਿ ਸਾਡੀ ਰੋਟੀ ਨੂੰ ਹੁਣ ਕੋਈ ਖ਼ਤਰਾ ਨਹੀਂ ! ਖ਼ੁਦਗ਼ਰਜ਼ ਦਾ ਧਰਮ ਹੈ ਰੋਟੀ, ਜੋ ਕਿ ਬੜੀ ਕਮਜ਼ੋਰੀ ਤੇ ਬੁਜ਼ਦਿਲੀ ਦੀ ਨਿਸ਼ਾਨੀ ਹੈ। ਰੋਟੀ ਨੂੰ ਧਰਮ ਸਮਝਣ ਵਾਲਾ ਅਸੂਲਪ੍ਰਸਤ ਨਹੀਂ ਰਹਿ ਸਕਦਾ। ਉਸ ਨੂੰ ਤਾਂ ਜਿਹੜਾ ਰੋਟੀ ਦਏ, ਉਹ ਆਪਣੀ ਵਡਿਆਈ ਕਰਵਾ ਲਏ। ਰੋਟੀ ਨੂੰ ਧਰਮ ਨਹੀਂ ਬਣਾਉਣਾ ਚਾਹੀਦਾ, ਸਗੋਂ ਰੋਟੀ ਧਰਮ ਨਾਲ ਕਮਾਉਣੀ ਚਾਹੀਦੀ ਏ। ਬੀਰਬਲ ਦੇ ਬਤਾਊਂ ਦੀ ਸਿਫ਼ਤ ਕਰਨ ਵਾਂਗ, ਰੋਟੀ ਦੇਣ ਵਾਲੇ ਦੇ ਹੱਥਾਂ ਦੀ ਕਠ-ਪੁਤਲੀ ਨਹੀਂ ਬਣਨਾ ਚਾਹੀਦਾ।

ਖ਼ੁਸ਼ਾਮਦੀ, ਖ਼ੁਸ਼ਾਮਦ ਕਰਦੇ ਹੋਏ ਏਥੋਂ ਤਕ ਅਗੇ ਨਿਕਲ ਗਏ, ਕਿ ਐ ਸਾਡੇ ਖ਼ੁਦਾ ! ਤੂੰ ਤਾਂ ਕੁਰਾਨ ਵਿਚ ਬਿਆਨ ਕੀਤੇ, ਖ਼ੁਦਾ ਨਾਲੋਂ ਕਈ ਗੁਣਾ ਚੰਗਾ ਏਂ। ਪਹਿਲੀ ਗੱਲ ਤਾਂ ਇਹ ਕਿ ਕੁਰਾਨ ਵਾਲਾ ਖ਼ੁਦਾ ਦਰਸ਼ਨ ਹੀ ਨਹੀਂ ਦਿੰਦਾ, ਪਰ ਤੂੰ ਤਾਂ ਸਾਹਮਣੇ ਹਾਜ਼ਰ ਨਾਜ਼ਰ ਨਜ਼ਰ ਆ ਰਿਹਾ ਏਂ। ਦੂਜੀ ਗੱਲ ਕਿ ਕੁਰਾਨ 'ਚ ਬਿਆਨ ਕੀਤਾ ਹੋਇਆ ਖ਼ੁਦਾ ਕਿਸੇ ਨਾਲ ਬੋਲਦਾ ਨਹੀਂ, ਪਰ ਤੂੰ ਤਾਂ ਸਾਰਾ ਸਾਰਾ ਦਿਨ ਸਾਡੇ ਨਾਲ ਗੁਫਤਗੂ ਕਰਦਾ ਏਂ। ਤੀਜੀ ਗੱਲ ਕਿ ਕੁਰਾਨ ਵਿਚ ਦੱਸੇ ਗਏ ਖ਼ੁਦਾ ਦਾ

ਨਾ ਕਦੇ ਕਿਸੇ ਤਖ਼ਤ ਡਿਠਾ ਤੇ ਨਾ ਕਦੇ ਕਿਸੇ ਨੇ ਦਰਬਾਰ ਲੱਗਾ ਹੋਇਆ ਦੇਖਿਆ, ਪਰ ਆਪ ਦਾ ਜੜਾਊ ਤਖ਼ਤ ਤੇ ਸਜੀਲਾ ਦਰਬਾਰ ਤੇ ਦਰਬਾਰ ਵਿਚ ਪੇਸ਼ ਹੋਏ ਹੋਏ ਗੁਨਾਹਗਾਰ ਅਤੇ ਸਜ਼ਾ ਜਜ਼ਾ ਦਾ ਸਿਲਸਿਲਾ ਅਸੀਂ ਰੋਜ਼ ਦੇਖਦੇ ਹਾਂ। ਸੋ ਯਕੀਨ ਨਾਲ ਤੇ ਅੰਦਰਲੇ ਯਕੀਨ ਨਾਲ, ਅਰਜ਼ ਕਰਦੇ ਹਾਂ ਕਿ ਤੁਸੀਂ ਖ਼ੁਦਾ ਹੋ ਤੇ ਸੱਚ-ਮੁੱਚ ਖ਼ੁਦਾ ਹੋ।

ਖ਼ੁਦਗਰਜ਼ਾਂ ਦੇ ਕਹਿਣ 'ਤੇ ਆਪਣੇ ਆਪ ਨੂੰ ਸੱਚ-ਮੁੱਚ ਖ਼ੁਦਾ ਮੰਨ ਕੇ, ਤੇ ਖ਼ੁਦਗਰਜ਼ਾਂ ਦੇ ਦਸਤਖ਼ਤ ਕਰਵਾ ਕੇ ਇਕ ਲੰਬਾ ਚੌੜਾ ਇਸ਼ਤਿਹਾਰ ਛਪਵਾ ਕੇ, ਆਪਣੀ ਪਰਜਾ ਵਿਚ ਵੰਡ ਦਿੱਤਾ ਕਿ ਐ ਲੋਕੋ! ਮੈਂ ਖ਼ੁਦਾ ਹਾਂ; ਅਮੀਰਾਂ, ਵਜ਼ੀਰਾਂ ਤੇ ਮੌਲਾਨਾ ਲੋਕਾਂ ਨੇ ਮੈਨੂੰ ਖ਼ੁਦਾ ਮੰਨ ਲਿਆ ਹੈ। ਇਸ ਲਈ ਅੱਜ ਤੋਂ ਜੋ ਵੀ ਮੇਰੇ ਦਰਬਾਰ ਆਵੇ, ਮੈਨੂੰ ਖ਼ੁਦਾ ਜਾਣ ਕੇ ਸਿਜਦਾ ਕਰੇ। ਜੋ ਐਸਾ ਨਾ ਕਰੇਗਾ, ਉਹ ਜੀਉਂਦਾ ਅੱਗ ਵਿਚ ਪਾ ਕੇ ਸਾੜ ਦਿੱਤਾ ਜਾਏਗਾ, ਕਿਉਂਕਿ ਮੈਂ ਕੁਰਾਨ ਵਿਚ ਲਿਖ ਚੁੱਕਾਂ ਹਾਂ ਕਿ :

ਫਾਇੰਨ ਲੰਮ ਤੱਫਅਲੂ: ਵਲੰਨ ਤਫਅੱਲੂ।
ਫੱਤਾ ਕੁਨਾਂ ਰੱਰਲਾਤੀ; ਵਕੂਦੋ ਹਨਾਂਸੂ ਵਲ।
ਹਿਜਾਰਾਤੋ: ਓ ਇੱਦਤ ਲਿੱਲ ਕਾਫਿ ਰੀਨ।

ਐ ਬੰਦੇ! ਖ਼ੁਦਾ ਦੇ ਹੁਕਮ ਨੂੰ ਮੰਨ; ਦੁਬਾਰਾ ਤਾਕੀਦ ਹੈ ਕਿ ਹੁਕਮ ਨੂੰ ਮੰਨ; ਜੇ ਹੁਕਮ ਨਾ ਮੰਨੇਗਾ ਤਾਂ ਯਾਦ ਰਖ, ਤੇਰੇ ਲਈ ਉਹ ਅੱਗ ਤਿਆਰ ਹੈ ਜੋ ਪਹਾੜਾਂ ਤੇ ਪਰਬਤਾਂ ਨੂੰ ਸਾੜ ਕੇ ਸੁਆਹ ਕਰ ਦੇਂਦੀ ਏ।

ਗ਼ਰੀਬ ਪਰਜਾ ਹੈਰਾਨ ਸੀ ਕਿ ਕੀ ਕੀਤਾ ਜਾਏ? ਜੇ ਸ਼ਾਹੀ ਹੁਕਮ ਦੀ ਨਾ-ਫ਼ੁਰਮਾਨੀ ਕੀਤੀ ਜਾਏ ਤਾਂ ਜਾਨ ਖ਼ਤਰੇ 'ਚ ਹੈ। ਜੇ ਸ਼ਾਹੀ ਫ਼ੁਰਮਾਨ ਨੂੰ ਮੰਨ ਲਿਆ ਜਾਏ ਤਾਂ ਬੇਈਮਾਨ ਤੇ ਬੇ-ਗ਼ੈਰਤ ਬਣਨਾ ਪੈਂਦਾ ਏ। ਆਖ਼ਰ ਲੰਮੀ ਸੋਚ-ਵਿਚਾਰ ਬਾਅਦ ਗ਼ਰੀਬ ਪਰਜਾ ਇਸ ਨਤੀਜੇ 'ਤੇ ਪੁੱਜੀ ਕਿ ਚੂੰਕਿ ਕਾਜ਼ੀਆਂ, ਮੁਫ਼ਤੀਆਂ, ਅਮੀਰਾਂ ਤੇ ਵਜ਼ੀਰਾਂ ਨੇ ਸ਼ਾਹੀ ਫ਼ੁਰਮਾਨ ਮੰਨ ਕੇ ਦਸਤਖ਼ਤ ਕਰ ਦਿੱਤੇ ਹਨ। ਇਸ ਲਈ ਆਪਣੀ ਜਾਨ ਨੂੰ ਜੋਖੋਂ 'ਚ ਨਾ ਪਾਇਆ ਜਾਏ ਤੇ ਕਰਤੇ ਦੇ ਰੰਗਾਂ ਦਾ ਇੰਤਜ਼ਾਰ ਕੀਤਾ ਜਾਏ। ਇਸ ਤਰ੍ਹਾਂ ਬਾਦਸ਼ਾਹ ਰੱਬ ਬਣ ਕੇ ਬੈਠ ਗਿਆ ਤੇ ਪੂਜਾ ਸ਼ੁਰੂ ਹੋ ਗਈ। ਮੌਲਾਨਾ ਰੂਮ ਜੀ ਲਿਖਦੇ ਨੇ ਕਿ ਕਾਫ਼ੀ ਚਿਰ ਪੂਜਾ ਹੁੰਦੀ ਰਹੀ ਤੇ ਲੋਕ ਏਸ ਝੂਠੇ ਰੱਬ ਨੂੰ ਸਿਜਦੇ ਕਰਦੇ ਰਹੇ ਪਰ ਇਕ ਦਿਨ ਖ਼ੁਦਾ ਨੇ ਆਪਣੀ ਖ਼ੁਦਾਈ ਜ਼ਾਹਰ ਕਰਨੀ ਚਾਹੀ। ਜਿਸ ਦਾ ਜ਼ਰੀਆ ਇਹ ਬਣਾਇਆ ਗਿਆ ਕਿ ਇਕ ੨੦-੨੫ ਵਰ੍ਹੇ ਦੀ ਲੜਕੀ, ਜਿਸ ਦੇ ਕੁੱਛੜ ਢਾਈ ਕੁ ਬਰਸ ਦਾ ਲੜਕਾ ਸੀ। ਉਹ ਬਾਦਸ਼ਾਹ (ਜੋ ਕਿ ਰੱਬ ਬਣਿਆ ਬੈਠਾ ਸੀ) ਦੇ ਦਰਬਾਰ ਵਿਚ ਆਈ। ਬੱਚੇ ਨਾਲ ਪਿਆਰ ਕਰਦੀ, ਮਿੱਠੀਆਂ ਮਿੱਠੀਆਂ ਲੋਰੀਆਂ ਦਿੰਦੀ ਤੇ ਬੱਚੇ ਨਾਲ ਲਾਡ-ਪਿਆਰ ਤੇ ਮਲ੍ਹਾਰਾਂ 'ਚ ਮਸਤ ਦਰਬਾਰ ਵਿਚ ਬੈਠੀ ਨਹੀਂ, ਸਗੋਂ ਖਲੋ ਗਈ। ਬਾਦਸ਼ਾਹ ਦਾ ਕੋਈ ਆਦਰ-ਸਤਿਕਾਰ ਨਾ ਕੀਤਾ ਤੇ ਨਾ ਹੀ ਲੋਕਾਂ ਵਾਂਗ ਗੋਡੇ ਟੇਕ ਕੇ ਸਿਜਦਾ ਕੀਤਾ। ਇਸ ਹਰਕਤ ਨੂੰ ਬਾਦਸ਼ਾਹ ਨੇ ਆਪਣਾ ਨਿਰਾਦਰ ਸਮਝਿਆ ਤੇ ਲੋਹੇ-ਲਾਖਾ ਹੋ ਗਿਆ। ਅੱਗ ਦਾ ਭਾਂਬੜ ਬਣ ਕੇ ਸੜਿਆ ਬਲਿਆ ਬੋਲਿਆ ਕਿ ਐ ਲੜਕੀ!

ਕੀ ਤੂੰ ਮੇਰਾ ਐਲਾਨ ਨਹੀਂ ਸੁਣਿਆ ? ਕੀ ਤੂੰ ਕੰਨਾਂ ਤੋਂ ਬੋਲ਼ੀ ਤੇ ਅੱਖਾਂ ਤੋਂ ਅੰਨ੍ਹੀ ਤਾਂ ਨਹੀਂ ? ਬੋਲ ! ਜਲਦੀ ਬੋਲ !! ਤੇਰਾ ਕੀ ਜਵਾਬ ਹੈ ?

ਲੜਕੀ ਮੁਸਕਰਾਈ ਤੇ ਠਰ੍ਹੰਮੇ ਨਾਲ ਬੋਲੀ, "ਬਾਦਸ਼ਾਹ, ਤੇਰਾ ਐਲਾਨ ਅੱਖਾਂ ਨਾਲ ਡਿੱਠਾ ਤੇ ਜ਼ੁਬਾਨ ਨਾਲ ਪੜ੍ਹਿਆ ਹੈ।"

"ਹੈਂ ! ਅੱਖਾਂ ਨਾਲ ਡਿੱਠਾ ਤੇ ਜ਼ੁਬਾਨ ਨਾਲ ਪੜ੍ਹਿਆ ਈ। ਜੇ ਠੀਕ ਹੈ ਤਾਂ ਫੇਰ ਉਸ 'ਤੇ ਅਮਲ ਕਿਉਂ ਨਹੀਂ ਕੀਤਾ ?" ਬਾਦਸ਼ਾਹ ਦਾ ਦੂਜਾ ਸਵਾਲ ਸੀ।

"ਅਮਲ ਇਸ ਲਈ ਨਹੀਂ ਕੀਤਾ ਕਿ ਮੈਂ ਤੈਨੂੰ ਖ਼ੁਦਾ ਨਹੀਂ ਮੰਨਦੀ, ਮੇਰਾ ਖ਼ੁਦਾ ਗ਼ੈਰਫ਼ਾਨੀ ਤੇ ਸਦਾ ਕਾਇਮ ਹੈ।" ਲੜਕੀ ਦਾ ਜਵਾਬ ਸੀ। "ਮੇਰੇ ਫ਼ੁਰਮਾਨ ਦੀ ਨਾ-ਫ਼ੁਰਮਾਨੀ ਕਰਨੀ ਮੌਤ ਨੂੰ ਸੱਦਾ ਦੇਣਾ ਹੈ।" ਬਾਦਸ਼ਾਹ ਨੇ ਗੁੱਸੇ ਨਾਲ ਆਖਿਆ। "ਬਾਦਸ਼ਾਹ ਸਲਾਮਤ ! ਗੁੱਸੇ 'ਚ ਨਾ ਆਓ ਤੇ ਆਪਣੀ ਖ਼ੁਦਾਈ ਨੂੰ ਰੌਸ਼ਨ ਕਰੋ। ਦੇਖੋ, ਮੇਰੇ ਖ਼ੁਦਾ ਨੇ ਪਾਣੀ ਉਤੇ ਧਰਤੀ ਟਿਕਾ ਰਖੀ ਏ, ਪਾਣੀ ਉਸ ਨੂੰ ਗ਼ਰਕ ਨਹੀਂ ਕਰ ਸਕਦਾ। ਧਰਤੀ 'ਤੇ ਅਸਮਾਨ ਦੀ ਛਤਰੀ ਤਾਣ ਕੇ, ਉਸ ਵਿਚ ਚੰਦ, ਸੂਰਜ ਤੇ ਤਾਰਿਆਂ ਦੀ ਜੜਤ ਜੜ ਦਿੱਤੀ ਏ, ਜੋ ਅਤਿ ਮਨਮੋਹਣੀ ਹੈ। ਹਵਾ, ਪਾਣੀ, ਅੱਗ, ਨਦੀ ਤੇ ਨਾਲੇ ਸੈ ਪ੍ਰਕਾਰ ਦੀ ਰਚਨਾ ਰਚੀ ਏ; ਜੇ ਤੂੰ ਖ਼ੁਦਾ ਹੈਂ ਤਾਂ ਨਿੱਕੀ ਜਿਹੀ ਧਰਤੀ, ਛੋਟਾ ਜਿਹਾ ਅਸਮਾਨ ਤੇ ਨਿੱਕੇ ਨਿੱਕੇ ਚੰਦ, ਤਾਰੇ ਬਣਾ ਕੇ ਵਿਖਾ ਤਾਕਿ, ਮੇਰਾ ਯਕੀਨ ਪੱਕਾ ਹੋ ਜਾਏ ਕਿ ਤੂੰ ਸੱਚੀ-ਮੁੱਚੀ ਖ਼ੁਦਾ ਹੈਂ।"

ਚਾਹੀਦਾ ਤਾਂ ਇਹ ਸੀ ਕਿ ਲੜਕੀ ਦੀ ਨੇਕ ਤੇ ਸਿਆਣੀ ਗੁਫਤਗੂ ਤੋਂ ਫ਼ਾਇਦਾ ਉਠਾਇਆ ਜਾਂਦਾ, ਪਰ ਆਪਣੀ ਮਾਨ-ਵਡਿਆਈ ਤੇ ਰੋਹਬ ਦਾਬ ਵਿਚ ਫ਼ਰਕ ਆਇਆ ਜਾਣ ਕੇ ਬਾਦਸ਼ਾਹ ਜ਼ੁਲਮ ਦੀ ਤਸਵੀਰ ਬਣ ਗਿਆ। ਕ੍ਰੋਧ ਨਾਲ ਚਿਹਰਾ ਲਾਲੋ ਲਾਲ ਹੋ ਗਿਆ। ਬੁੱਲ੍ਹ ਫੁੱਕਣ ਲਗ ਪਿਆ, ਛਾਤੀ ਧੜਕਣ ਲਗ ਪਈ, ਗੁੱਸੇ ਨਾਲ ਸਾਰਾ ਸਰੀਰ ਕੰਬਣ ਲਗ ਪਿਆ, ਤੇ ਤਖ਼ਤ ਤੋਂ ਉੱਠ ਕੇ ਅਹਿਲਕਾਰਾਂ ਤੇ ਦਰਬਾਰੀਆਂ ਵੱਲ ਮੁਖ਼ਾਤਬ ਹੋ ਕੇ ਹੁਕਮ ਦਿੱਤਾ ਕਿ ਲੜਕੀ ਨੂੰ ਪਕੜ ਲਿਆ ਜਾਏ ਤੇ ਖੁਲ੍ਹੇ ਮੈਦਾਨ ਵਿਚ ਸੁੱਕੀਆਂ ਲੱਕੜਾਂ ਸੈਂਕੜੇ ਮਣਾਂ ਦੀ ਤਦਾਦ ਵਿਚ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਅੱਗ ਲਾ ਦਿੱਤੀ ਜਾਏ। ਸ਼ਾਹੀ ਫ਼ੁਰਮਾਨ ਹੋਣ ਕਰਕੇ ਤੁਰੰਤ ਅਮਲ ਕੀਤਾ ਗਿਆ। ਪਲੋ ਪਲੀ 'ਚ ਅੱਗ ਦੀਆਂ ਲਾਟਾਂ ਅਸਮਾਨ ਨਾਲ ਟਕਰਾਉਣ ਲਗ ਪਈਆਂ। ਲੋਕ ਤਮਾਸ਼ਾਈ ਬਣ ਕੇ 'ਕਠੇ ਹੋ ਗਏ ਤੇ ਕਈ ਕਈ ਕਦਮਾਂ ਤਕ ਅੱਗ ਦਾ ਸੇਕ ਜਾਣ ਲਗ ਪਿਆ। ਦਰਦੀਲੇ ਦਿਲਾਂ ਨੂੰ ਕਸਕਾਂ ਪੈ ਰਹੀਆਂ ਸਨ ਕਿ ਪਤਾ ਨਹੀਂ ਕੀ ਹੋ ਜਾਏ ? ਓਧਰ ਅੱਗ ਦੇ ਕੋਲਿਆਂ 'ਚੋਂ ਚੰਗਿਆੜੇ ਨਿਕਲਦੇ ਪਏ ਸਨ, ਦੂਰ ਦੂਰ ਤਕ ਸੇਕ ਨੇ ਸਾਹ ਸੁਕਾ ਦਿੱਤੇ ਸਨ। ਦਰਦੇ ਦਿਲ ਦੇ ਮਾਲਕ ਕਲੇਜੇ ਘੁੱਟੀ ਖਲੋਤੇ ਸਨ। ਤਦੇ ਖ਼ਬਰ ਕਿ ਬਾਦਸ਼ਾਹ ਨੇ ਦੂਜਾ ਹੁਕਮ ਦਿਤਾ ਕਿ ਐ ਜੱਲਾਦੋ ! ਇਸ ਲੜਕੀ ਦਾ ਢਾਈ ਬਰਸ ਦਾ ਦੁੱਧ ਪੀਂਦਾ ਬੱਚਾ ਖੋਹ ਲਓ ਤੇ ਬਲਦੇ ਹੋਏ ਅੱਗ ਦੇ ਦਰਿਆ ਵਿਚ ਸੁੱਟ ਕੇ, ਸਾੜ ਕੇ ਸੁਆਹ ਕਰ ਕੇ ਅਸਮਾਨ ਵਿਚ ਉਡਾ ਦਿਉ ਤਾਕਿ ਇਸ ਨੂੰ ਹੁਕਮ ਅਦੂਲੀ ਦਾ ਮਜ਼ਾ ਮਿਲ ਜਾਏ।

ਹੁਕਮ ਦੀ ਢਿੱਲ ਸੀ ਕਿ ਜੱਲਾਦਾਂ ਨੇ ਬੱਚਾ ਸੱਧਰਾਂ ਭਰੀ ਮਾਂ ਕੋਲੋਂ ਖੋਹ ਲਿਆ।

ਵਿਚਾਰੀ ਬੇਵੱਸ ਮਾਂ ਹੱਕੀ ਬੱਕੀ ਤੇ ਡੌਰ ਭੌਰੀ ਜਿਹੀ ਹੋ ਕੇ ਦੇਖਦੀ ਹੀ ਦੇਖਦੀ ਰਹਿ ਗਈ। ਹੱਥਾਂ ਦੇ ਤੋਤੇ ਉੱਡ ਗਏ। ਸਵਾਇ ਮਾਲਕ ਦੇ ਕੋਈ ਆਸ ਨਹੀਂ ਦਿੱਸਦੀ। ਮਾਂ ਅਜੇ ਦੇਖਦੀ ਹੀ ਸੀ ਕਿ ਜਲਾਦ ਬੱਚੇ ਨੂੰ ਲੈ ਕੇ ਅੱਗ ਦੇ ਨੇੜੇ ਪਹੁੰਚ ਗਏ। ਤੇ ਮਾਂ ਦੇ ਦੇਖਦੇ ਦੇਖਦੇ, ਪੁਤਰਾ ਪੁਤਰਾ ਆਖ ਕੇ ਪੁਕਾਰਦੇ ਪੁਕਾਰਦੇ, ਹਾਇ-ਬੱਚਾ ਹਾਇ-ਬੱਚਾ ਕੂਕਦੇ ਕੂਕਦੇ ਜੱਲਾਦਾਂ ਨੇ ਫੁੱਲ ਵਰਗਾ ਨਾਜ਼ੁਕ ਬੱਚਾ ਅੱਗ ਵਿਚ ਸੁਟ ਦਿੱਤਾ। ਮਾਂ ਦੀਆਂ ਅੱਖਾਂ ਇਹ ਭਿਆਨਕ ਘਟਨਾ ਦੇਖ ਨਾ ਸਕੀਆਂ। ਵਿਚਾਰੀ ਕਾਲਜਾ ਘੁਟ ਕੇ ਬਹਿ ਗਈ ਤੇ ਗਸ਼ ਖਾ ਕੇ ਧਰਤੀ 'ਤੇ ਲੁੜਛੁੜੀਆਂ ਲੈਣ ਲੱਗੀ। ਆਂਦਰਾਂ ਕਲਪੀਆਂ ਤੇ ਦਿਲ ਟੁਕੜੇ ਟੁਕੜੇ ਹੋ ਗਿਆ। ਤਮਾਸ਼ਾ ਵੇਖਣ ਵਾਲਿਆਂ ਵਿਚੋਂ ਵੀ ਦਰਦੀਆਂ ਨੇ ਹਾ ਦਾ ਨਾਹਰਾ ਮਾਰਿਆ। ਚਾਰ-ਚੁਫੇਰੇ ਸੰਨਾਟਾ ਸੀ, ਚੁਪ ਵਰਤੀ ਹੋਈ ਸੀ। ਹਰ ਇਕ ਦੇ ਦਿਲ 'ਤੇ ਸਹਿਮ ਛਾਇਆ ਹੋਇਆ ਸੀ ਪਰ ਵਿਚਾਰੀ ਮਾਂ ਤਾਂ ਲਹੂ ਦੇ ਅੱਥਰੂ ਰੋ ਰਹੀ ਸੀ, ਕਿਉਂਕਿ ਪੁੱਤਰਾਂ ਦੇ ਸੱਲ ਬੁਰੇ ਹੁੰਦੇ ਨੇ। ਇਹ ਅੱਥਰਾਂ ਨੂੰ ਅੰਨ੍ਹਿਆਂ ਕਰ ਦੇਂਦੇ ਨੇ ਤੇ ਇਬਰਾਹੀਮ ਦੀਆਂ ਅੱਖਾਂ 'ਤੇ ਪੱਟੀਆਂ ਬੰਨ੍ਹਵਾ ਦੇਂਦੇ ਨੇ।

ਪੁੱਤਰ ਵਿਛੋੜਾ ਕਿੰਨਾ ਦੁਖਦਾਈ ਹੈ, ਇਹ ਕੁਸ਼ੱਲਿਆ ਕੋਲੋਂ ਪੁੱਛੋ। ਸਵੇਰੇ ਹੀ ਰਾਮ ਜੀ ਨੇ ਆ ਬੇਨਤੀ ਕੀਤੀ ਕਿ ਮਾਂ, ਮੈਂ ਚਲਿਆ ਹਾਂ ਤੇ ਛੇਤੀ ਚਲਿਆਂ ਹਾਂ, ਕਿਉਂਕਿ ਪਿਤਾ ਜੀ ਦੀ ਆਗਿਆ ਹੈ। ਸੁਣਦਿਆਂ ਹੀ ਮਾਂ ਤ੍ਰੱਬਕੀ ਤੇ ਠਰ੍ਹੰਮੇ ਨਾਲ ਪੁੱਛਿਆ ਕਿ ਪੁੱਤ! ਕਿਥੇ ਚਲਿਆ ਏਂ ? ਅਜੇ ਸੁਖ ਨਾਲ ਕਲ੍ਹ ਆਇਐਂ, ਤੇ ਅੱਜ ਚਲਿਐਂ, ਗੱਲ ਕੀ ਏ ? ਮੈਨੂੰ ਦੱਸ ਤਾਂ ਸਹੀ ਬੱਚਾ! ਅਜੇ ਮਾਂ ਪੁੱਤ ਨੇ ਰੱਜ ਗੱਲਾਂ ਨਾ ਕੀਤੀਆਂ; ਕਿਤੇ ਬੈਠ ਕੇ ਦੁੱਖ ਸੁਖ ਨਾ ਫੋਲਿਆ। ਜੰਗਲਾਂ ਵਿਚ ਰਿਸ਼ੀ ਦੇ ਆਸ਼ਰਮ 'ਤੇ ਵੀ ਕੁਝ ਕੌਤਕ ਹੋਏ, ਨਾ ਤੂੰ ਦੱਸਿਆ ਤੇ ਨਾ ਮੈਂ ਪੁੱਛਿਆ। ਐਵੇਂ ਕੰਨਾਂ ਨਾਲ ਸੋਆਂ ਸੁਣੀਆਂ ਨੇ ਕਿ ਜਦੋਂ ਰਿਸ਼ੀ ਜੀ ਤੈਨੂੰ ਮੰਗ ਕੇ ਲੈ ਗਏ, ਤੂੰ ਰਾਹ ਵਿਚ ਜਾਂਦਿਆਂ ਜਾਂਦਿਆਂ ਤਾਰਕਾ ਨੂੰ ਮਾਰਿਆ। ਰਿਸ਼ੀ ਆਸ਼ਰਮ ਵਿੱਚ ਵਿਦਿਆ ਪੜ੍ਹਦਿਆਂ ਤੇ ਸ਼ਸਤਰ ਵਿਦਿਆ ਸਿਖਦਿਆਂ ਕਈ ਕੌਤਕ ਕੀਤੇ। ਸੁਣਿਆ ਹੈ ਕਿ ਸੀਤਾ ਨੂੰ ਵਰਨ ਵੇਲੇ ਧਨੁਸ਼ ਦਾ ਚਿਲਾ ਚੜ੍ਹਾਉਣ ਲਗਿਆਂ ਅਲੌਕਿਕ ਲੀਲ੍ਹਾ ਵਰਤੀ। ਜੈਸਾ ਕਿ :

ਗਾੜੀ ਕਸੀਸ ਲਗੀ ਕਰਕੀ, ਕਰਸੀ ਛਟਕੀ ਕਮਠੀ ਕਰਕੀ।
ਅਰਿਕੀ ਛਤੀਆ ਧਰਕੀ ਫ਼ਰਕੀ, ਛੁਟੀ ਜੋਗ ਜੁਟੀ ਅਖੀਆਂ ਹਰਿਕੀ।
ਪਲਕੀ ਖਰਕੀ ਹਰਿਕੀਨਿਧ ਛੀਰ, ਧਰਾ ਧਰਕੀ ਅਹਿ ਉਪਰ ਕੀ।
ਭਈ ਚਾਂਧ ਧੁਨੀ ਸੁ ਮਹਾਂ ਡਰਕੀ, ਭਰਕੀ ਭਟ ਭੀਰ ਸੁਯੰਬਰ ਕੀ।
... ...
ਤੋਰ ਕੁਵੰਡ ਕੀਓ ਬਿਬ ਖੰਡ, ਮਹਾਂ ਬਰ ਬੰਡ ਭੁਜਾ ਬਲਤੇ।
ਡਰ ਪਯੋ ਬ੍ਰਹਮੰਡ ਚਕਯੋ ਨਵ ਖੰਡ, ਅਖੰਡਲ ਮੰਡਲ ਭੂ ਤਲ ਤੇ।
ਰਘੁਬੀਰ ਘੁਮੰਡ ਕੀਓ ਨਿਰਪ ਖੰਡ, ਚਲਿਓ ਤਜ ਜੀਓ ਮਛੁਰੀ ਜਲਤੇ।
ਪਛੁਤਾਤ ਖਿਸਾਤ ਚਲੇਈ ਪੈ ਜਾਤ, ਭਜੇ ਗਜਿ ਜਿਓਂ ਬਿਚੁਲੇ ਦਲ ਤੇ।

ਏਹੋ ਜਿਹੇ ਅਲੌਕਿਕ ਕੌਤਕ ਕਰ ਕੇ, ਸੀਤਾ ਵਰਗੀ ਸਤੀ ਵਿਆਹ ਕੇ ਕੱਲ੍ਹ

ਹੀ ਆਇਐਂ ਤੇ ਅੱਜ ਚਲਿਐਂ, ਮੇਰੀ ਸਮਝ ਵਿਚ ਨਹੀਂ ਆਈ ਕਿ ਕੀ ਗੱਲ ਹੈ। ਸੁੱਖਾਂ-ਲੱਧੀ ਨੂੰਹ ਰਾਣੀ ਨਾਲ ਤਾਂ ਅਜੇ ਮੈਂ ਜ਼ੁਬਾਨ ਵੀ ਸਾਂਝੀ ਨਹੀਂ ਕੀਤੀ, ਪਰ ਤੂੰ ਆਖਦਾ ਏਂ ਕਿ ਮੈਂ ਚਲਿਆਂ। ਪੁੱਤਰਾ! ਤੇਰਾ 'ਚਲਿਆਂ' ਸ਼ਬਦ ਮੇਰੇ ਕੰਨਾਂ ਨੂੰ ਸੁਖੋਂਦਾ ਨਹੀਂ। ਜ਼ਰਾ ਮੈਨੂੰ ਸਮਝਾ ਤਾਂ ਸਹੀ ਭਈ ਗੱਲ ਕੀ ਏ। ਘੱਟੋ ਘੱਟ ਮੈਨੂੰ ਵੀ ਤਾਂ ਪਤਾ ਲਗ ਜਾਏ ਕਿ ਤੂੰ ਕਿਥੇ ਚਲਿਆਂ ਤੇ ਕਿਉਂ ਚਲਿਆਂ, ਮੇਰੀਆਂ ਆਂਦਰਾਂ ਦੀ ਕਲਪਨਾ ਵੀ ਤਾਂ ਮੁਕ ਜਾਏ ਨਾ! ਮੈਂ ਸਦਕੇ, ਮੈਂ ਵਾਰੀ, ਪੁੱਤ ਬੈਠ ਜਾ, ਪਾਣੀ ਪੀ ਤੇ ਸਾਰੀ ਗੱਲ ਖੋਲ੍ਹ ਕੇ ਦੱਸ। ਕੁਸ਼ੱਲਿਆ ਇਉਂ ਬੋਲੀ :

ਪੂਤ ਰਹੋ ਬਲ ਜਾਉਂ ਪੀਉ ਜਲ, ਬਾਤ ਸਭੇ ਸਮਝਾਇ ਕਹੋ।
ਮਾਤ ਬੁਲਾਇਕੇ ਰਾਜਕੋ ਮੋਹਿ, ਕਹਿਓ ਬਹੁਰੋ ਬਨਬਾਸ ਗਹੋ।
ਧਰ ਸੀਸ ਲਈਸੋ ਕਰੋਂ ਅਬ ਹੀ, ਤੁਮ ਦੇਹੁ ਬਿਦਾ ਨ ਬਿਲੰਬ ਚਹੁੰ।
ਮੋਰੇ ਅਛਤ ਚੰਦਨ ਭਾਲ ਲਗਾਏ ਕੇ, ਦੇਹੁ ਅਸੀਸ ਖਵਾਇ ਦਹੁੰ।

ਮਾਤਾ ਜੀ ਮੈਨੂੰ ਸੱਦਿਆ ਤਾਂ ਸੀ ਰਾਜ ਤਿਲਕ ਦੇਣ ਲਈ, ਪਰ ਜਾਂਦਿਆਂ ਨੂੰ ਹੁਕਮ ਦਿੱਤਾ ਹੈ—ਚੌਦਾਂ ਬਰਸ ਬਨਬਾਸ। ਸੋ ਮੈਂ ਪਿਤਾ ਦੀ ਆਗਿਆ ਸਿਰ ਮੱਥੇ 'ਤੇ ਮੰਨ ਲਈ ਹੈ, ਤੇ ਉਸ ਦੀ ਪਾਲਣਾ ਕਰਨ ਵਿਚ ਰੰਚਕ ਮਾਤਰ ਵੀ ਦੇਰੀ ਨਹੀਂ ਕਰਨੀ ਚਾਹੁੰਦਾ। ਮੇਰੇ ਮੱਥੇ 'ਤੇ ਚੰਦਨ ਦਾ ਟਿੱਕਾ ਲਾ ਕੇ ਥੋੜ੍ਹਾ ਜਿਹਾ ਦਹੀਂ ਖਵਾਲ ਕੇ ਅਤੇ ਅਸੀਸ ਦੇ ਕੇ ਵਿਦਾ ਕਰ ਦਿਉ, ਮੈਂ ਛੇਤੀ ਜਾਣਾ ਹੈ, ਕਿਤੇ ਪਿਤਾ ਦੀ ਆਗਿਆ ਦਾ ਉਲੰਘਣ ਕਰਨ ਦੇ ਪਾਪ ਦਾ ਭਾਗੀ ਨਾ ਬਣਨਾ ਪੈ ਜਾਏ।

ਮਾਤਾ ਨੇ ਭਾਵੇਂ ਬਥੇਰਾ ਸਮਝਾਇਆ ਪਰ ਰਾਮ ਨਾ ਰੁਕਿਆ। ਪਿਤਾ ਦੀ ਆਗਿਆ ਪਾਲਣ ਦੀ ਸੱਚੀ ਤੇ ਅਮਲੀ ਸਿਖਿਆ ਦੇਣ ਲਈ ਜੰਗਲੀਂ ਚਲੇ ਗਿਆ ਤੇ ਚੌਦਾਂ ਵਰ੍ਹੇ ਨਹੀਂ ਆਇਆ। ਪੁੱਤਰ ਨੂੰ ਜੰਗਲੀਂ ਜਾਂਦਾ ਦੇਖਣ ਲਈ ਦਸ਼ਰਥ ਅਟਾਰੀ 'ਤੇ ਚੜ੍ਹਿਆ ਤੇ ਦੇਖਦੇ ਦੇਖਦੇ ਜਦ ਪੁੱਤਰ ਅੱਖਾਂ ਤੋਂ ਉਹਲੇ ਹੋਇਆ ਤਾਂ ਅਟਾਰੀਓਂ ਡਿੱਗ ਕੇ ਪ੍ਰਾਣ ਤਿਆਗ ਦਿਤੇ ਪਰ ਪੁੱਤਰ-ਵਿਛੋੜਾ ਨਾ ਜਰਿਆ ਗਿਆ।

ਕੁਸ਼ੱਲਿਆ ਚੂੰਕਿ ਮਾਂ ਸੀ, ਇਸ ਲਈ ਇਸ ਦੀ ਹਾਲਤ ਵਧੇਰੇ ਤਰਸਯੋਗ ਹੈ। ਵਿਚਾਰੀ ਅੱਥਰੂ ਕੇਰ ਕੇਰ ਕੇ ਅੱਖਾਂ ਦਾ ਨੀਰ ਤੇ ਨੂਰ ਗਵਾ ਬੈਠੀ ਏ। ਜਦੋਂ ਦੇ ਰਾਮ ਜੀ ਗਏ ਨੇ, ਉਸੇ ਪਾਸੇ ਦੇਖੀ ਜਾਂਦੀ ਏ। ਹਾਲੋਂ ਬੇਹਾਲ ਹੋਈ ਹੋਈ ਨੂੰ ਖਾਣਾ ਪੀਣਾ ਭੁੱਲਾ ਹੋਇਆ ਹੈ। ਹੌਕੇ ਤੇ ਹਾਵਿਆਂ ਨਾਲ ਵਾਸਤਾ ਹੈ। ਦਿਨ ਮੁਕ ਗਿਆ, ਸੂਰਜ ਸਫ਼ਰ ਮੁਕਾ ਕੇ ਰਾਤ ਦੀ ਕਾਲੀ ਚਾਦਰ ਓਡ ਕੇ ਅਰਾਮ ਕਰਨ ਲਈ ਪੱਛੋਂ ਨੂੰ ਦੌੜਿਆ ਜਾ ਰਿਹਾ ਹੈ, ਜਿਸ ਨੂੰ ਦੇਖ ਕੇ ਕੁਸ਼ੱਲਿਆ ਦੇ ਮੂੰਹੋਂ ਬਦੋਬਦੀ ਨਿਕਲ ਗਿਆ :

ਭੌਰ ਹੂੰ ਕੇ ਭੂਖੇ ਹ੍ਵੈ ਹੈ, ਪਿਆਸ ਮੁਖ ਸੂਖੇ ਹ੍ਵੈ ਹੈ
ਚਲਤ ਪਗ ਦੂਖੇ ਹ੍ਵੈ ਹੈ, ਤੁਰਤ ਮਗੁ ਰਾਤਕੇ।
ਸੂਰਕੀ ਕਿਰਨ ਲਾਗੇ ਲਾਲ ਕੁਮਾਲਾਨੋ ਹ੍ਵੈ ਹੈ,
ਕੰਟਾਂ ਲਪਟਾਨੇ ਝੱਗਾ ਫਾਟੇ ਹ੍ਵੈ ਹੈਂ ਗਾਤਕੇ।
ਆਲੀ ਅਬ ਭਈ ਸਾਂਝ ਹ੍ਵੈ ਹੈਂ ਕਾਹੂੰ ਬਨ ਮਾਂਝ,

ਹਉ ਹੂੰ ਕਿਉ ਨਾ ਭਈ ਬਾਂਝ ਹੋਏ ਕਿਉਂ ਨਾ ਫਾਟੇ ਤਾਤਕੇ।
ਤਿਆਗ ਕੇ ਘਰੋਨਾਂ ਕਾਹੂੰ ਰੂਖਨ ਕੀ ਛਾਇਆ ਤਰੇ,
ਸੋਇ ਹੋਇ ਹੈਂ ਛੋਨਾਂ ਪੈ ਬਿਛੋਨਾਂ ਕਰ ਪਾਤਕੇ।

ਮੇਰੇ ਪੁੱਤਰ ਸਵੇਰ ਦੇ ਹੀ ਭੁਖੇ ਹੋਣਗੇ, ਤੇਹ ਨਾਲ ਉਨ੍ਹਾਂ ਦੇ ਮੂੰਹ ਸੁਕ ਗਏ ਹੋਣਗੇ, ਅਤੇ ਤੁਰਦਿਆਂ ਦੇ ਪੈਰ ਵੀ ਦੁਖਣ ਲਗ ਪਏ ਹੋਣਗੇ ਤੇ ਅਜੇ ਉਨ੍ਹਾਂ ਸਾਰੀ ਰਾਤ ਤੁਰਨਾ ਹੈ। ਸੂਰਜ ਦੀਆਂ ਤਿੱਖੀਆਂ ਕਿਰਨਾਂ ਨਾਲ ਪੁੱਤਾਂ ਦੇ ਚੰਨ ਮੁਖ ਕਮਲਾ ਗਏ ਹੋਣਗੇ ਤੇ ਝਾੜੀਆਂ ਦੇ ਕੰਡਿਆਂ ਨਾਲ ਅੜ ਅੜ ਕੇ ਪੁੱਤਾਂ ਦੇ ਗਲ ਦੇ ਕੁੜਤੇ ਵੀ ਪਾਟ ਗਏ ਹੋਣਗੇ। ਹੇ ਸਖੀਓ! ਹੁਣ ਤਾਂ ਤਰਕਾਲਾਂ ਪੈ ਗਈਆਂ ਨੇ, ਕਾਲੀ ਬੋਲੀ ਰਾਤ ਮੂੰਹ ਆ ਗਈ ਏ ਪਰ ਮੇਰੇ ਪੁੱਤ ਕਿਤੇ ਜੰਗਲਾਂ 'ਚ ਭਟਕਦੇ ਹੋਣਗੇ। ਮੈਂ ਤਾਂ ਆਖਨੀ ਆਂ, ਰੱਬਾ! ਮੈਂ ਅਉਂਤਰੀ ਹੀ ਰਹਿੰਦੀ ਤਾਂ ਚੰਗੀ ਸਾਂ। ਪਰ ਜੇ ਮੈਂ ਪੁੱਤਰ ਨੂੰ ਜਨਮ ਦੇ ਹੀ ਬੈਠੀ ਸਾਂ, ਤਾਂ ਬਨਵਾਸ ਦੇਣ ਲੱਗਿਆਂ ਪਿਓ ਦਾ ਹਿਰਦਾ ਕਿਉਂ ਨਾ ਪਾਟ ਗਿਆ। ਦੇਖੋ ਲੋਕੋ, ਰਤਨਾਂ ਜੜਿਆ ਘਰ ਛੱਡ ਕੇ ਕਿਤੇ ਰੁੱਖਾਂ ਦੇ ਪੱਤਿਆਂ ਦਾ ਵਿਛਾਉਣਾ ਵਿਛਾ ਕੇ ਮੇਰੇ ਪੁੱਤ ਸੁੱਤੇ ਹੋਣਗੇ। ਪੁੱਤਰ ਵਿਛੋੜੇ 'ਚ ਇਹ ਸੀ ਕੁਸ਼ੱਲਿਆ ਦੀ ਹਾਲਤ, ਹਾਲਾਂਕਿ ਪੁੱਤ ਨੇ ਚੌਦਾਂ ਵਰ੍ਹਿਆਂ ਬਾਅਦ ਆ ਜਾਣਾ ਸੀ ਤੇ ਸਾਰਿਆਂ ਨੂੰ ਪੂਰਾ ਪੂਰਾ ਯਕੀਨ ਸੀ ਕਿ ਆ ਜਾਣਾ ਹੈ, ਪਰ ਕੁਸ਼ੱਲਿਆ ਵਿਛੋੜਾ ਨਾ ਜਰ ਸਕੀ ਕਿਉਂਕਿ ਮਾਂ ਸੀ।

ਜੇਕਰ ਚੌਦਾਂ ਵਰ੍ਹਿਆਂ ਦਾ ਪੁੱਤਰ-ਵਿਛੋੜਾ ਦਸ਼ਰਥ ਤੇ ਕੁਸ਼ੱਲਿਆ ਨਹੀਂ ਜਰ ਸਕੇ ਤਾਂ ਉਹ ਮਾਂ ਕਿਵੇਂ ਜਰ ਸਕੇ, ਜਿਸ ਦਾ ਪੁੱਤ ਉਹਦੇ ਦੇਖਦਿਆਂ ਦੇਖਦਿਆਂ ਅੱਗ 'ਚ ਪਾ ਕੇ ਸਾੜ ਕੇ ਸਵਾਹ ਕਰ ਦਿੱਤਾ ਗਿਆ ਹੋਵੇ। ਉਹ ਵਿਚਾਰੀ ਬੇਸੁਧ ਧਰਤੀ 'ਤੇ ਪਈ ਏ। ਜੇ ਕਦੇ ਬੇਹੋਸ਼ੀ ਵਿਚ ਜ਼ੁਬਾਨ ਖੁਲ੍ਹਦੀ ਹੈ ਤਾਂ 'ਹਾਇ ਪੁੱਤਾ, ਹਾਇ ਪੁੱਤਾ' ਕਹਿ ਕੇ ਬੰਦ ਹੋ ਜਾਂਦੀ ਏ। ਉਸਦਾ 'ਹਾਇ ਪੁੱਤਾ' ਆਖ ਕੇ ਚੀਕ ਮਾਰਨਾ ਰੁੱਖਾਂ ਨੂੰ ਰੁਆ ਦਿੰਦਾ ਸੀ, ਪੱਥਰ ਦਿਲਾਂ ਨੂੰ ਮੋਮ ਕਰ ਦਿੰਦਾ ਸੀ। ਪਰ ਇਕੋ ਬਾਦਸ਼ਾਹ ਸੀ, ਜਿਸ ਦਾ ਬੇਰਹਿਮ ਦਿਲ ਨਾ ਪਸੀਜਿਆ। ਪਰ ਪੁੱਤਾਂ ਵਾਲੇ ਅੱਥਰੂ ਕੇਰ ਰਹੇ ਸਨ, ਕਿਉਂਕਿ ਪੁੱਤਰ ਵਿਛੋੜਾ ਹੈ ਹੀ ਨਾਕਾਬਲੇ ਬਰਦਾਸ਼ਤ। ਦੇਖੋ, ਸਿਕੰਦਰ ਬੜਾ ਹਿੰਮਤੀ ਬਾਦਸ਼ਾਹ ਮੰਨਿਆ ਗਿਆ ਹੈ। ਇਸ ਨੇ ਥੋੜ੍ਹੀ ਜਿਹੀ ਉਮਰ ਵਿਚ ਹੀ ਕਈ ਮੁਲਕਾਂ ਨੂੰ ਫ਼ਤਹਿ ਕਰ ਲਿਆ ਸੀ ਤੇ ਹਿੰਦੁਸਤਾਨ ਵਿਚ ਵੀ ਆਪਣਾ ਸਿੱਕਾ ਬਿਠਾਇਆ ਸੀ। ਪਰ ਜਦੋਂ ਖੋਪਰੀ ਵਿਚ ਫ਼ਤੂਰ ਪਿਆ ਤੇ ਅਕਲ ਰਸਤਿਓਂ ਭੁੱਲ ਗਈ ਤਾਂ ਇਸਨੇ ਖ਼ੁਦਾਈ ਦਾਅਵਾ ਕਰ ਦਿੱਤਾ। ਲੋਕਾਂ 'ਚ ਮਸ਼ਹੂਰ ਕਰ ਦਿੱਤਾ ਕਿ ਮੈਂ ਖ਼ੁਦਾ ਹਾਂ। ਜਿਸ ਦਿਨ ਸੱਚੇ ਖ਼ੁਦਾ ਨੇ ਇਸ ਵੱਲ ਮੌਤ ਭੇਜੀ ਤਾਂ ਇਹ ਅਜਬ ਹੈਰਾਨ ਸੀ ਕਿ ਖ਼ੁਦਾ ਨੂੰ ਭੀ ਮੌਤ! ਪਰ ਛੇਤੀ ਹੀ ਸੱਚਾਈ ਦਾ ਪਤਾ ਲਗ ਜਾਣ ਕਰਕੇ ਸਿਕੰਦਰ ਨੂੰ ਨਿਸਚਾ ਹੋ ਗਿਆ ਕਿ ਮਰ ਜਾਣਾ ਹੈ, ਪਰ ਚਾਹਿਆ ਕਿ ਕੋਈ ਤਜਰਬਾ ਕਰ ਚਲੀਏ। ਇਕ ਤਾਂ ਆਪਣੀ ਤਸੱਲੀ ਹੋ ਜਾਏਗੀ, ਦੂਜੇ ਦੁਨੀਆ ਵੀ ਸਬਕ ਸਿਖ ਕੇ ਰਸਤਾ ਸੁਆਰ ਲਏਗੀ, ਸੁ ਬੋਲਿਆ:

ਜ਼ਰ ਸਿਕੰਦਰ ਨੇ ਜ਼ਮਾ ਕਰੁ, ਕੈਹ ਦੀਆ ਹੂੰ ਮੈਂ ਖ਼ੁਦਾ।
ਵਕਤ ਪੜਨੇ ਪਰ ਖ਼ੁਦਾ ਸੇ, ਸਭ ਲਗੈ ਹੋਨੇ ਜੁਦਾ।

ਸਭ ਮੁਲਕੇ ਯੂਨਾਨ ਕੇ ਹਿਕਮਤ-ਗਰੋਂ ਸੇ ਯੂੰ ਕਹਾਂ।
ਐ ਤਬੀਬੋ ਹੈ ਕੋਈ ? ਮੌਤ ਕੀ ਇਸ ਵਕਤ ਦਵਾ।
ਸਭ ਅਮੀਰੋਂ ਔਰ ਵਜ਼ੀਰੋਂ. ਬੇਗਮੋਂ ਸੇ ਯੂੰ ਕਹਾ,
ਹੈ ਕੋਈ ਮੁਝਕੋ ਬਚਾਨੇ ਕੇ ਲੀਏ ਅਹਿਲੇ ਵਫ਼ਾ।
ਫੇਰ ਦੌਲਤ ਕੇ ਲਗਾ ਕਰ, ਹਾਥ ਮੇਂ ਲੇ ਯੂੰ ਕਹਾ,
ਤੂ ਭੀ ਮੁਝ ਕੋ ਛੋੜਤੀ ਹੈ, ਅਬ ਤੋ ਮੈਂ ਤਨਹਾ ਚਲਾ।
ਔਰ ਤਬੀਬੋਂ ਕੇ ਜਨਾਜ਼ਾ ਯਿਹ ਮੇਰਾ ਕਾਂਧੇ ਪੇ ਹੋ,
ਗੰਜ ਭੀ ਹੋਂ, ਬੇਗਮੇਂ ਭੀ, ਸਾਥ ਹੋ ਸਾਰੀ ਸਿਪਾਹ।
ਦਰ ਸਿਕੰਦਰ ਕਾ ਜਨਾਜ਼ਾ, ਕੂਚਾ ਕੂਚਾ ਮੇਂ ਫਿਰੇ।
ਤਾ ਕਿ ਹੋ ਮਾਲੂਮ ਸਭ ਕੋ, ਆਖ੍ਰਿਤ ਕਾ ਯਿਹ ਮਜ਼ਾ।
ਜਿਸਕਾ ਲਖਤੇ ਜਿਗਰ ਥਾ, ਉਸਕਾ ਜਿਗਰ ਫਟਨੇ ਲਗਾ।
ਪੂਛਤੀ ਹੈ ਹਰ ਬਸ਼ਰ ਕੋ, ਹੈ ਸਿਕੰਦਰ ਕੌਨ ਸਾ।
ਕਬਰ ਪਰ ਅਪਨੇ ਪਿਸਰ ਕੀ, ਯਿਹ ਸੁਖਨ ਕਹਨੇ ਲਗੀ,
ਐ ਸਿਕੰਦਰ ਐ ਸਿਕੰਦਰ, ਵੋਹ ਮੁਹੱਬਤ ਮਤ ਭੁਲਾ।
ਆਖ਼ਿਰ ਤੁ ਅਰਸ਼ ਸੇ, ਆਵਾਜ਼ ਯਿਹ ਆਨੇ ਲਗੀ,
ਆ ਚੁਕੇ ਐਸੇ ਸਿਕੰਦਰ, ਇਸ ਜਗੇ ਲਾਖੋਂ ਦਫ਼ਾ।

ਸਿਕੰਦਰ ਨੇ ਯੂਨਾਨੀ ਹਕੀਮਾਂ ਨੂੰ ਪੁੱਛਿਆ ਕਿ ਤੁਸੀਂ ਬੜੇ ਮਸ਼ਹੂਰ ਤੇ ਮੰਨੇ-ਪ੍ਰਮੰਨੇ ਹਕੀਮ ਹੋ, ਕੋਈ ਮੌਤ ਦਾ ਇਲਾਜ ਵੀ ਕਢਿਆ ਜੇ ਕਿ ਨਹੀਂ। ਮੈਨੂੰ ਕੋਈ ਐਸੀ ਗੋਲੀ ਦਿਉ, ਜਿਸਦੇ ਖਾਧਿਆਂ ਮੌਤ ਨਾ ਮਾਰ ਸਕੇ। ਮੈਂ ਸਦਾ ਵਾਸਤੇ ਕਾਇਮ ਰਹਿ ਸਕਾਂ। ਕੋਈ ਐਸੀ ਜ਼ੂਦ ਅਸਰ ਤੇ ਮੁਜੱਰਬ ਦੁਆ ਦਿਉ, ਜਿਸ ਦੇ ਸਾਹਮਣੇ ਮੌਤ ਦੀ ਪੇਸ਼ ਨਾ ਜਾ ਸਕੇ।

ਸਿਕੰਦਰ ਦੀ ਗੱਲ ਸੁਣ ਕੇ ਹਕੀਮ ਹੱਸੇ ਤੇ ਸਿਕੰਦਰ ਦੀ ਨਾਦਾਨੀ 'ਤੇ ਅਫ਼ਸੋਸ ਕਰ ਕੇ ਬੋਲੇ ਕਿ ਐ ਬਾਦਸ਼ਾਹ :

ਕਾਲ ਮਹਾਂ ਬਲੀ, ਹਲ ਚਲੀ ਮੇਲੇ ਗਲੀ ਗਲੀ,
ਹਾਰੇ ਮਹਾਂ ਬਲੀ, ਦਾਲ ਕਾਹੂੰ ਕੀ ਨਾ ਗਲੀ ਹੈ।

ਕਾਲ ਭਗਵਾਨ ਬੜਾ ਬਲਵਾਨ ਹੈ, ਇਸ ਨੇ ਘਰ ਘਰ ਤੇ ਗਲੀ ਗਲੀ 'ਚ ਹਲਚਲ ਮਚਾ ਰੱਖੀ ਏ, ਬੜੇ ਬੜੇ ਸੂਰਮੇ ਇਸ ਦੇ ਸਾਮ੍ਹਣੇ ਆਏ ਤੇ ਮੂੰਹ ਦੀ ਖਾ ਕੇ ਚਲੇ ਗਏ। ਇਸਦੇ ਸਾਮ੍ਹਣੇ ਅੱਜ ਤਕ ਕਿਸੇ ਦੀ ਦਾਲ ਨਹੀਂ ਗਲੀ, ਤੂੰ ਕਿਸ ਦਾ ਪਾਣੀਹਾਰ ਏਂ ! ਪਾਠਕ ਜੀ, ਸਚਮੁੱਚ ਦੇਖਿਆ ਜਾਏ ਤਾਂ ਕਾਲ ਅਗੇ ਰਾਵਣ ਵਰਗੀਆਂ, ਮਹਾਂ ਹਠੀ ਤੇ ਮਸ਼ਹੂਰ ਹਸਤੀਆਂ ਨਾ ਟਿਕ ਸਕੀਆਂ। ਜਿਸ ਰਾਵਣ ਦੇ ਬਾਰੇ ਇਤਿਹਾਸ ਦੇ ਪੰਨਿਆਂ 'ਤੇ ਉਸਦੀ ਬਹਾਦਰੀ ਤੇ ਜਵਾਂ-ਮਰਦੀ ਦਾ ਜ਼ਿਕਰ ਹੈ।

ਦੇਖ ਕੇ ਪ੍ਰਤਾਪ, ਤਾਪ ਤਪਨ, ਕੋ ਮੰਦ ਹੋਤ,
ਤਰਨ ਹਰਨ ਤੇਜ, ਕਾਲ ਕੀਨ ਛੀਨ ਛੀਨ।

ਸਸਿ ਮੁਖੀ ਪਿਕ ਬੈਨੀ, ਸੁੰਦਰੀ ਕੁਰੰਗ ਨੈਨੀ,
ਸੁਰੀ ਨਰੀ ਕਿੰਨਰੀ ਪ੍ਰਬੀਨ, ਲੀਨ ਬੀਨ ਬੀਨ।
ਜੀਵਨ ਮ੍ਰਿਗਿੰਦਰ ਜਾਕੇ, ਕੰਚਨ ਰਚਤ ਗੜ,
ਜੁਵਾ ਜੋਰ ਰਾਮ ਬੈਰ, ਰਾਵਨ ਸੇ ਪੀਨ ਪੀਨ।
ਸ਼ਿਵ ਸੇ ਸਹਾਈ ਭਾਈ, ਜਾਕੇ ਕੁੰਭ ਕਾਨ ਹੂੰਸੇ,
ਮੇਘਨਾਦ ਸੇ ਸਪੂਤ ਬਿਕੇ ਕੌੜੀ ਤੀਨ ਤੀਨ।

ਜਿਸ ਰਾਜੇ ਰਾਵਣ ਦੇ ਪ੍ਰਤਾਪ ਨੂੰ ਦੇਖ ਕੇ, ਅੱਗ ਦਾ ਤੇਜ ਠੰਡਾ ਪੈ ਜਾਂਦਾ ਸੀ, ਤੇ ਸੂਰਜ ਦਾ ਪ੍ਰਕਾਸ਼ ਭੀ ਮੱਧਮ ਹੋ ਜਾਂਦਾ ਸੀ। ਜਿਸ ਰਾਜੇ ਰਾਵਣ ਨੇ ਚੰਦ ਵਰਗੀਆਂ ਸੁੰਦਰ ਤੇ ਕੋਇਲ ਵਰਗੇ ਮਿੱਠੇ ਬੋਲ ਬੋਲਣ ਵਾਲੀਆਂ ਤੇ ਹਰਨਾਂ ਵਰਗੀਆਂ ਅੱਖਾਂ ਵਾਲੀਆਂ, ਦੇਵਤਿਆਂ ਤੋਂ ਕਿੰਨਰਾਂ ਦੀਆਂ ਇਸਤਰੀਆਂ ਖੋਹ ਕੇ ਲੰਕਾ ਵਿਚ ਲਿਆ ਵਸਾਈਆਂ, ਪਰ ਕੋਈ ਚੂੰ ਨਾ ਕਰ ਸਕਿਆ। ਜਿਸ ਰਾਜੇ ਰਾਵਣ ਦਾ ਜੀਵਨ ਸ਼ੇਰ ਵਰਗਾ ਸੀ, ਤੇ ਜਿਸਨੇ ਜਵਾਨੀ ਦੇ ਜ਼ੋਰ ਵਿਚ ਰਾਮ ਨਾਲ ਵੈਰ ਸਹੇੜ ਲਿਆ। ਐਸੇ ਰਾਵਣ ਵਰਗੇ ਕਰੜੇ ਕਰੜੇ ਰਾਜੇ ਹੋਏ, ਜਿਸਦੀ ਸਹਾਇਤਾ ਕਰਨ ਵਾਲਾ ਸੀ ਸ਼ਿਵ, ਤੇ ਜਿਸਦਾ ਭਰਾ ਸੀ ਕੁੰਭ ਕਰਣ, ਜਿਸਦਾ ਪੁੱਤ ਸੀ ਮੇਘਨਾਦ, ਪਰ ਮੌਤ ਦੇ ਸਾਹਮਣੇ ਤਿੰਨ ਕੌਡੀਆਂ ਮੁੱਲ ਨਾ ਪਿਆ। ਹਾਲਾਂਕਿ ਰਾਵਣ ਬੜਾ ਹਠੀ, ਤੇ ਆਨ-ਅਣਖ ਦਾ ਵੀ ਪੂਰਾ ਸੀ। ਉਸ ਦੇ ਹਠ ਤੇ ਨਿਜੀ ਸਤਿਕਾਰ ਦਾ ਅੰਦਾਜ਼ਾ ਇਨ੍ਹਾਂ ਅੱਖਰਾਂ ਤੋਂ ਸੁਖੈਨ ਹੀ ਲਗ ਸਕਦਾ ਏ, ਜੋ ਕਿ ਰਾਮ ਨਾਲ ਲੜਨ ਵਾਲੇ ਦਿਨ ਉਸਨੇ ਆਖੇ :

ਏਤੇ ਤੋ ਕਹੇ ਬਿਚਾਰ, ਆਇ ਕਪ ਬੇਸ਼ੁਮਾਰ,
ਪਉਰਖ ਅਪਾਰ, ਕਹਾਂ ਲਓ ਗਿਨਾਊ ਔਰ ਕੇ।
ਦੂਨੋ ਕਿਓ ਨਾ ਆਵੇਂ, ਸੋਰ ਸੌਗੁਨੋਂ ਮਚਾਵੇਂ,
ਤਾਂਪੇ ਸ਼ਿਵ ਕੀ ਦੁਹਾਈ, ਯਿਹਤੋ ਮੇਰੀ ਏਕ ਦੌਂਕੇ।
ਭੀਰ ਕੇ ਪਰੇ ਤੇ ਕੁੰਭ, ਕਾਨਹਿ ਜਗੈਹੁ ਜਾਇ,
ਜਾਕੇ ਭੱਸ਼ ਬਾਨਰ, ਪਿਟੌਰਾ ਕੌਰ ਕੌਰ ਕੇ,
ਤਾਹੂ ਪਰ ਮੇਰੀ ਭੁਜਦੰਡ ਕੀ, ਪ੍ਰਚੰਡ ਚੋਟ ਲਾਗੇ,
ਫੂਟ ਜੈਹੇ ਐਸੇ, ਜੈਸੇ ਬਾਸਨ ਬਿਲੌਰ ਕੇ।

ਐ ਮੰਦੋਦਰੀ! ਇਹ ਤਾਂ ਤੂੰ ਠੀਕ ਆਖਿਆ ਕਿ ਬਾਂਦਰ ਬੇਸ਼ੁਮਾਰ ਆ ਗਏ ਨੇ, ਤੇ ਉਹਨਾਂ ਵਿਚ ਬਲ ਭੀ ਬਹੁਤ ਹੈ। ਪਰ ਮੈਂ ਆਖਦਾ ਹਾਂ ਕਿ ਇਸ ਤੋਂ ਦੂਣੇ ਵੀ ਕਿਉਂ ਨਾ ਆ ਜਾਣ ਤੇ ਸੌ ਗੁਣਾ ਸ਼ੋਰ ਮਚਾਉਂਦੇ ਫਿਰਨ, ਮੈਂ ਸ਼ਿਵ ਦੀ ਦੁਹਾਈ ਦੇ ਕੇ ਆਖਦਾ ਹਾਂ ਕਿ ਇਹ ਤਾਂ ਮੇਰੀ ਇਕ ਦੌੜ ਦੀ ਮਾਰ ਵੀ ਨਹੀਂ? ਜੇ ਵਧੇਰੇ ਹੀ ਭੀੜ ਆ ਬਣੀ ਤਾਂ ਕੁੰਭਕਰਨ ਨੂੰ ਜਗਾ ਲਵਾਂਗਾ, ਜੋ ਬਾਂਦਰਾਂ ਨੂੰ ਪੇਟ ਵਿਚ ਇਉਂ ਪਾ ਲਏਗਾ, ਜਿਉਂ ਪਟਾਰੀ ਵਿਚ ਗਹਿਣੇ ਸਾਂਭ ਲਈਦੇ ਹਨ। ਜਦੋਂ ਮੇਰੀਆਂ ਡੰਡੇ ਵਰਗੀਆਂ ਬਾਹਵਾਂ ਦੀ ਕਰੜੀ ਚੋਟ ਪਈ ਤਾਂ ਰਹਿੰਦੇ ਖੂੰਹਦੇ ਕੱਚ ਦੇ ਬਰਤਨਾਂ ਵਾਂਗ ਟੁਟ ਜਾਣਗੇ।

ਪ੍ਰਤੀਤ ਹੁੰਦਾ ਏ ਕਿ ਰਾਵਣ ਨੂੰ ਆਪਣੇ ਭੁਜਾ ਬਲ 'ਤੇ ਬੜਾ ਗੌਰਵ ਤੇ ਮਾਣ ਸੀ। ਜਿਸ ਵੇਲੇ ਸ਼ਸਤਰਾਂ ਨਾਲ ਸਜ ਧਜ ਕੇ ਮੈਦਾਨ ਵਿਚ ਆਇਆ ਤਾਂ ਚਾਰ-ਚੁਫੇਰੇ ਗਿੱਦੜ, ਗਿਰਝਾਂ, ਇੱਲਾਂ ਤੇ ਜੋਗਨੀਆਂ ਦਾ ਝੁਰਮਟ ਦੇਖ ਕੇ ਬੋਲਿਆ :

ਜੰਬੁਕ, ਗਿਰਝਨ ਸੋਂ ਕਹੇ ਰਾਵਨ, ਮੋ ਬਿਨਤੀ ਸੁਣ ਲੇਹੁ ਰਹੈ ਭਈਓ।
ਇਤ ਤੇ ਉਤ ਦੌਰ ਫਿਰੋ ਭਲ ਹੀ, ਅਰ ਭੂਮੀ ਅਕਾਸ਼ ਭਲੇ ਮੰਡ ਰਹੀਓ।
ਚੌਂਪ ਸੋ ਜਾਇ ਲਰੋਂ ਸੀਅ ਕੇ ਹਿਤ, ਚੀਤ ਹੋਇ ਮੇਰੋ ਮਾਸ ਅਘੀਈਓ।
ਘਸੀਟਿਤ ਰਾਮ ਕੀ ਓਰ ਉਡੋ ਪੈ, ਘਸੀਟਤ ਲੰਕ ਕੀ ਓਰ ਨਾ ਜਈਓ।

ਰਾਵਣ ਨੇ ਗਿੱਦੜਾਂ ਤੇ ਗਿਰਝਾਂ ਨੂੰ ਆਖਿਆ ਕਿ ਐ ਭਰਾਓ, ਮੇਰੀ ਬੇਨਤੀ ਸੁਣ ਲਓ। ਤੁਸੀਂ ਏਧਰ ਓਧਰ ਬੇਸ਼ੱਕ ਦੌੜਦੇ ਫਿਰੋ, ਧਰਤੀ ਤੇ ਅਸਮਾਨ 'ਤੇ ਵੀ ਭਾਵੇਂ ਛਾ ਲਓ। ਮੇਰੇ ਮਨ ਵਿਚ ਅੱਜ ਖ਼ੁਸ਼ੀ ਹੈ, ਕਿਉਂਕਿ ਮੈਂ ਸੀਤਾ ਲਈ ਲੜਨ ਚਲਿਆ ਹਾਂ, ਸੋ ਜੇ ਮੈਂ ਲੜਦਾ ਲੜਦਾ ਮਰ ਜਾਵਾਂ, ਤਾਂ ਰੱਜ ਰੱਜ ਕੇ ਮੇਰਾ ਮਾਸ ਖਾਇਓ, ਮੈਨੂੰ ਕੋਈ ਉਜਰ ਨਹੀਂ। ਪਰ ਇਕ ਗੱਲ ਯਾਦ ਰਖਿਓ, ਮੇਰੇ ਬਦਨ 'ਚ ਦੰਦ ਖੋਭ ਕੇ ਬੋਟੀ ਤੋੜਨ ਲਗਿਆਂ, ਮੈਨੂੰ ਰਾਮ ਚੰਦ ਵਲ ਘਸੀਟਿਓ, ਕਿਤੇ ਭੁੱਲ ਕੇ ਲੰਕਾ ਵੱਲ ਨਾ ਘਸੀਟਿਓ। ਕਿਤੇ ਲੋਕ ਇਹ ਨਾ ਕਹਿਣ ਕਿ ਰਾਵਣ ਬੁਜ਼ਦਿਲ ਤੇ ਕਾਇਰ ਸੀ, ਸਗੋਂ ਇਸਦੇ ਉਲਟ ਇਹ ਕਹਿਣ ਕਿ ਬੱਲੇ ਓਏ ਬਹਾਦਰਾ ਮਰਨ ਪਿਛੋਂ ਵੀ ਤੇਰੀਆਂ ਬੋਟੀਆਂ ਆਪਣੇ ਦੁਸ਼ਮਨ ਵੱਲ ਹੀ ਜਾਂਦੀਆਂ ਰਹੀਆਂ! ਏਡਾ ਵੱਡਾ ਬਲੀ ਰਾਵਣ ਅੱਜ ਇਤਿਹਾਸ ਦੇ ਪੰਨਿਆਂ 'ਤੇ ਯਾਦ ਦੇ ਸਿਵਾ ਹੋਰ ਕੁਛ ਵੀ ਨਹੀਂ ਸਗੋਂ ਯਾਦ ਵੀ ਦਿਨੋ ਦਿਨ ਧੁੰਦਲੀ ਤੇ ਫਿੱਕੀ ਹੁੰਦੀ ਜਾ ਰਹੀ ਏ। ਯੂਨਾਨੀ ਹਕੀਮਾਂ ਨੇ ਇਕ ਜ਼ੁਬਾਨ ਹੋ ਕੇ ਜਵਾਬ ਦਿੱਤਾ ਕਿ ਐ ਸਿਕੰਦਰ, ਇਸ ਦੁਨੀਆ ਦੇ ਮੁਸਾਫ਼ਰਖ਼ਾਨੇ 'ਚ ਸਭ ਚਾਰ ਦਿਨ ਦੇ ਮਹਿਮਾਨ ਹਨ, ਕਦੇ ਕੋਈ ਪੱਕੇ ਕਿਲ੍ਹੇ ਬਣਾ ਕੇ ਨਹੀਂ ਬੈਠਾ, ਇਹ ਜੱਗ ਮੁਸਾਫ਼ਰਾਂ ਦੀ ਸਰਾਂ ਹੈ।

ਹਕੀਮਾਂ ਦੇ ਤੇ ਹਕੀਮਾਂ ਦੀਆਂ ਦੁਆਈਆਂ ਦੇ ਹੁੰਦੇ ਸੁੰਦਿਆਂ ਸਿਕੰਦਰ ਮਰ ਗਿਆ। ਬੜੇ ਸ਼ਾਹੀ ਠਾਠ ਨਾਲ ਉਸਦਾ ਜਨਾਜ਼ਾ ਨਿਕਲਿਆ, ਤੇ ਕਬਰ ਦੇ ਹਵਾਲੇ ਹੋ ਗਿਆ ਅਤੇ ਨਵੀਂ ਮਿੱਟੀ ਥੱਲੇ ਦੇ ਕੇ ਲੋਕ ਘਰੋ ਘਰੀ ਚਲੇ ਗਏ, ਪਰ ਜਿਸ ਦੇ ਦਿਲ ਦਾ ਟੁਕੜਾ ਸੀ ਉਹ ਮਾਂ ਰੋਈ, ਕੁਰਲਾਈ ਤੇ ਹਾਲੋਂ ਬੇਹਾਲ ਹੋ ਗਈ। ਪੁੱਤ ਦਾ ਵਿਛੋੜਾ ਜਰਿਆ ਨਾ ਗਿਆ, ਜਿਸ ਕਰਕੇ ਕਬਰਾਂ 'ਚ ਗਈ ਤੇ ਆਪਣੇ ਪੁੱਤ ਦੀ ਕਬਰ 'ਤੇ ਰੋ ਰੋ ਕੇ 'ਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਵਾਹੋ ਦਾਹੀ ਪਿਟਦੀ ਨੇ ਵਾਵੇਲਾ ਪੁਕਾਰਿਆ, ਤੇ ਕਬਰ ਦੀ ਮਿੱਟੀ ਨੂੰ ਮੁਖ਼ਾਤਬ ਕਰ ਕੇ ਆਖਿਆ, "ਵੇ ਸਿਕੰਦਰਾ, ਮੈਂ ਮਰਨ ਵਾਲੀ ਰਹਿ ਗਈ ਤੇ ਤੂੰ ਰਹਿਣ ਵਾਲਾ ਮਰ ਗਿਓਂ। ਇਹ ਕੀ ਕੀਤਾ ਈ ਵੇ ਬੱਚਾ! ਤੱਤੀ ਮਾਂ ਦੀ ਇਕ ਗੱਲ ਤਾਂ ਸੁਣ ਜਾਂਦੋਂ। ਵੇ ਤੂੰ ਕਿਥੇ ਚਲੇ ਗਿਓਂ, ਜਾਂਦੀ ਵਾਰੀ ਕੁਝ ਦੱਸ ਕੇ ਜਾਂਦੋਂ ?" ਇਉਂ ਰੋਂਦੀ ਕੁਰਲਾਂਦੀ ਮਾਂ ਦੇ ਕੰਨਾਂ 'ਚ ਇਕ ਗ਼ੈਬੀ ਆਵਾਜ਼ ਪਈ। ਜਿਸਨੇ ਆਖਿਆ, "ਭੋਲੀਏ, ਏਥੇ ਕਈ ਸਿਕੰਦਰ ਹੋ ਗੁਜ਼ਰੇ ਹਨ, ਤੂੰ ਕਿਸ ਨੂੰ ਰੋਨੀ ਏਂ ?" ਪਰ ਅਸੀਂ ਹੁਣ ਏਹ ਸੋਚਣਾ ਹੈ ਕਿ ਸਿਕੰਦਰ ਰੱਬ ਬਣ ਕੇ ਮਰਿਆ ਅਤੇ ਅਨਿਆਈ ਨਾਲ ਨਹੀਂ, ਸਗੋਂ ਆਈ ਨਾਲ ਮਰਿਆ।

ਦੁਨੀਆ ਦੇ ਸਾਰੇ ਰੰਗ-ਤਮਾਸ਼ੇ ਦੇਖ ਕੇ ਤੇ ਖਾ ਹੰਢਾ ਕੇ ਮਰਿਆ, ਪਰ ਮਾਂ ਕੋਲੋਂ ਫੇਰ ਵੀ, ਪੁੱਤ ਵਿਛੋੜਾ ਨਹੀਂ ਜਰਿਆ ਗਿਆ, ਤਦੇ ਤਾਂ ਹਾਲੋਂ ਬੇਹਾਲ ਏ।

ਜੇ ਸਿਕੰਦਰ ਦੀ ਮਾਂ ਕੋਲੋਂ ਪੁੱਤ ਵਿਛੋੜਾ ਨਹੀਂ ਜਰਿਆ ਗਿਆ, ਹਾਲਾਂਕਿ ਪੁੱਤ ਸਭ ਰੰਗ ਮਾਣ ਕੇ ਮਰਿਆ ਸੀ, ਤਾਂ ਜਿਸ ਮਾਂ ਦਾ ਫੁਲ ਵਰਗਾ ਕੋਮਲ ਤੇ ਨਾਜ਼ੁਕ ਪੁੱਤ ਉਸਦੀਆਂ ਅੱਖਾਂ ਸਾਹਮਣੇ ਅੱਗ ਵਿਚ ਸੁਟ ਦਿੱਤਾ ਗਿਆ ਹੋਵੇ, ਉਹ ਕਿਸ ਤਰ੍ਹਾਂ ਸਬਰ ਕਰੇ, ਉਸ ਵਿਚਾਰੀ ਨੂੰ ਕਿਸ ਤਰ੍ਹਾਂ ਧੀਰਜ ਆਏ। ਉਹ ਹਾਲੋਂ ਬੇਹਾਲ ਤੇ ਬੇਸੁਧ ਪਈ ਸੀ। ਤਦੇ ਖ਼ਬਰ ਕਿ ਅੱਗ 'ਚੋਂ ਆਵਾਜ਼ ਨਿਕਲੀ "ਮਾਂ!" ਇਹ ਪਿਆਰਾ ਤੇ ਅਤਿ ਪਿਆਰਾ ਸ਼ਬਦ ਮਾਂ ਦੇ ਕੰਨਾਂ ਤਕ ਪੁੱਜਾ। ਮਾਂ ਨੇ ਸਮਝਿਆ ਕਿ ਮਮਤਾ ਦੀ ਮਾਰੀ ਹਾਂ, ਇਸ ਲਈ ਕੰਨ ਵਜਦੇ ਨੇ। ਪਰ ਦੂਜੀ ਵਾਰੀ ਇਹ ਸ਼ਬਦ ਹੋਰ ਵੀ ਪਿਆਰ ਭਰੀ ਲਹਿਰ 'ਚ ਬੋਲਿਆ ਤੇ ਬੇਹੋਸ਼ ਮਾਂ ਦੇ ਕੰਨਾਂ ਨੇ ਟਿਕਾ ਵਿਚ ਸੁਣਿਆਂ ਕਿ ਅੱਗ 'ਚੋਂ ਪਿਆਰ ਭਿੰਨੀ ਗੂੰਜ ਆ ਰਹੀ ਸੀ, "ਮਾਂ! ਮਾਂ!! ਮਾਂ!!!" ਇਹ ਗੂੰਜ ਸੁਣਦੇ ਹੀ ਮਾਂ ਦੇ ਮੂੰਹੋਂ ਅਚਨਚੇਤ ਨਿਕਲ ਗਿਆ, "ਵੇ ਬੇਟਾ, ਹਾਂ!"

'ਹਾਂ', ਦਾ ਉੱਤਰ ਸੁਣ ਕੇ ਦੁਬਾਰਾ ਆਵਾਜ਼ ਆਈ, "ਮਾ, ਰੋ ਨਾ, ਮੈਂ ਮਰਿਆ ਨਹੀਂ, ਸਗੋਂ ਜੀਊਂਦਾ ਹਾਂ। ਇਹ ਅੱਗ ਮੈਨੂੰ ਤੱਤੀ ਲਗਣ ਦੀ ਥਾਂ, ਸਗੋਂ ਠੰਢੀ ਲਗਦੀ ਏ ਤੇ ਮੈਂ ਬੜੇ ਸੁਖ ਵਿਚ ਬੈਠਾ ਹਾਂ।" ਇਹ ਅਚੰਭੇ ਜਿਹੀ ਗੱਲ ਸੁਣ ਕੇ ਤਮਾਸ਼ਾ ਦੇਖਣ ਵਾਲੇ ਲੋਕ ਹੈਰਾਨ ਜਿਹੇ ਹੋ ਕੇ ਅੱਗ ਵੱਲ ਦੇਖਣ ਲਗ ਪਏ। ਬਾਦਸ਼ਾਹ ਭੀ ਹੈਰਾਨ ਸੀ; ਭਈ ਇਹ ਕੀ ਅਨ-ਹੋਣੀ ਹੋਣ ਲੱਗੀ ਏ ਕਿ ਅੱਗ ਵਿਚ ਸੁਟਿਆ ਬੱਚਾ ਅਜੇ ਤਕ ਜੀਊਂਦਾ ਹੈ! ਓਧਰ ਪਿਆਰ ਭਰੀ ਮਾਂ ਉੱਠ ਕੇ ਬੈਠੀ ਤੇ ਮਾਲਕ ਦੇ ਸ਼ੁਕਰਾਨੇ ਵਿਚ ਮਸਤ ਹੋ ਗਈ। ਦਿਲ ਹੀ ਦਿਲ ਆਪਣੇ ਕਰਤਾ ਪੁਰਖ ਦਾ ਲੱਖ ਲੱਖ ਧੰਨਵਾਦ ਕੀਤਾ। ਸਹਿਜੇ ਸਹਿਜੇ ਅੱਗ ਠੰਢੀ ਹੋ ਗਈ। ਬਾਦਸ਼ਾਹ ਦੇ ਹੁਕਮ ਨਾਲ ਸੁਆਹ ਦੇ ਢੇਰ ਨੂੰ ਫੋਲਣਾ ਸ਼ੁਰੂ ਕੀਤਾ ਗਿਆ। ਜਦ ਫੋਲਣ ਵਾਲੇ ਐਨ ਉਸ ਜਗ੍ਹਾ ਪਹੁੰਚੇ ਜਿਥੇ ਕਿ ਬੱਚਾ ਸੁਟਿਆ ਗਿਆ ਸੀ ਤਾਂ ਕੀ ਦੇਖਦੇ ਨੇ ਕਿ ਬੱਚਾ ਜਿਉਂ ਦਾ ਤਿਉਂ ਤੇ ਨੌ-ਬਰ-ਨੌ ਸੱਜੇ ਹੱਥ ਦਾ ਅੰਗੂਠਾ ਚੁੰਘਦਾ ਲੇਟਿਆ ਪਿਆ ਹੈ। ਦੇਖਦੇ ਹੀ ਮਾਂ ਨੱਸੀ ਨੱਸੀ ਗਈ ਤੇ ਬੱਚੇ ਨੂੰ ਗਲ ਨਾਲ ਲਾ ਲਿਆ। ਕਲਪਦੀਆਂ ਆਂਦਰਾਂ ਨੂੰ ਠਾਰਿਆ ਤੇ ਤੜਫਦੇ ਦਿਲ ਨੂੰ ਧੀਰਜ ਦਿੱਤੀ। ਆਪਣੇ ਸੁਖਾਂ ਲੱਧੇ ਨਾਲ ਰੱਜ ਰੱਜ ਕੇ ਪਿਆਰ ਕੀਤਾ ਤੇ ਦਿਲ ਦੀਆਂ ਲੁਕਵੀਆਂ ਸੱਧਰਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ।

ਓਧਰ ਬਾਦਸ਼ਾਹ ਦਿਲ ਹੀ ਦਿਲ ਕਰਿਝ ਰਿਹਾ ਸੀ ਤੇ ਕਈ ਪ੍ਰਕਾਰ ਦੇ ਵਿਚਾਰਾਂ 'ਚ ਡੁਬਦਾ ਜਾਂਦਾ ਸੀ। ਗ਼ੁੱਸੇ ਨਾਲ ਲਾਲੋ ਲਾਲ ਤੇ ਲੋਹਾ ਲਾਖਾ ਹੋ ਗਿਆ ਸੀ। ਆਖ਼ਰ ਕ੍ਰੋਧ ਵਿਚ ਬੋਲਿਆ ਕਿ ਐ ਅਗਨੀ, ਅੱਜ ਤੋਂ ਤੂੰ ਕਾਫ਼ਰ ਹੈਂ। ਨਿਰੀ ਕਾਫ਼ਰ ਹੀ ਨਹੀਂ ਸਗੋਂ ਮਹਾਂ ਕਾਫ਼ਰ। ਤਾਂ ਕਿਸੇ ਗ਼ੈਬੀ ਸ਼ਕਤੀ ਨੇ ਪੁਛਿਆ, "ਕਾਫ਼ਰ, ਕਿਉਂ?"

"ਜੋ ਆਪਣੇ ਫ਼ਰਜ਼ ਦੀ ਪੂਰੀ ਅਦਾਇਗੀ ਨਹੀਂ ਕਰਦਾ, ਸਗੋਂ ਉਸ ਤੋਂ ਕੁਤਾਹੀ ਕਰਦਾ ਹੈ ਉਹ ਕਾਫ਼ਰ ਹੈ", ਬਾਦਸ਼ਾਹ ਦਾ ਉੱਤਰ ਸੀ।

"ਅੱਗ ਨੇ ਕੀ ਕੁਤਾਹੀ ਕੀਤੀ ਏ?" ਗ਼ੈਬੀ ਸ਼ਕਤੀ ਦਾ ਸਵਾਲ ਸੀ।

"ਸੁੱਕਾ ਹੋਵੇ, ਭਾਵੇਂ ਗਿੱਲਾ; ਉਚ ਹੋਵੇ, ਭਾਵੇਂ ਨੀਚ; ਬੱਚਾ ਹੋਵੇ, ਭਾਵੇਂ ਬਿਰਧ; ਹਿੰਦੂ ਹੋਵੇ ਭਾਵੇਂ ਮੁਸਲਮਾਨ, ਅੱਗ ਦਾ ਫ਼ਰਜ਼ ਹੈ ਸਾੜ ਦੇਣਾ ਤੇ ਸੁਆਹ ਕਰਕੇ ਕਿਣਕੇ ਹਵਾ ਵਿਚ ਉਡਾ ਦੇਣੇ, ਪਰ ਚੂੰਕਿ ਅੱਗ ਨੇ ਇਸ ਬੱਚੇ ਨੂੰ ਨਾ ਸਾੜ ਕੇ ਆਪਣੇ ਫ਼ਰਜ਼ੋਂ ਕੁਤਾਹੀ ਤੇ ਧਰਮੋਂ ਗ਼ਫ਼ਲਤ ਕੀਤੀ ਏ, ਇਸ ਲਈ ਕਾਫ਼ਰ ਹੈ।" ਬਾਦਸ਼ਾਹ ਦਾ ਉੱਤਰ ਸੀ।

ਗ਼ੈਬੀ ਸ਼ਕਤੀ ਨੇ ਆਖਿਆ ਕਿ ਐ ਭੁੱਲੜ ਬੰਦੇ! ਤੂੰ ਭਰਮ ਹਨੇਰੇ 'ਚ ਟੱਕਰਾਂ ਮਾਰ ਰਿਹਾ ਏਂ। ਤੈਨੂੰ ਨਹੀਂ ਪਤਾ ਕਿ ਅੱਗ ਦੀ ਹਾਲਤ ਉਸ ਕੁੱਤੇ ਵਰਗੀ ਹੈ, ਜੋ ਮਾਲਕ ਦੇ ਹੁਕਮ ਵਿਚ ਚਲਦਾ ਹੋਵੇ ਤੇ ਮਾਲਕ ਦੀ ਗ਼ੈਰ-ਹਾਜ਼ਰੀ ਵਿਚ ਉਸ ਦੇ ਘਰ ਦੀ ਚੌਖਟ 'ਤੇ ਬੂਥੀ ਰਖ ਕੇ ਬੈਠਾ ਰਹੇ। ਜੇ ਉਸ ਦੇ ਮਾਲਕ ਦਾ ਦੋਸਤ ਆਵੇ ਤਾਂ ਉਹ ਕੁੱਤਾ ਪੂਛਲ ਹਿਲਾਉਂਦਾ ਹੈ ਤੇ ਜ਼ਬਾਨ ਕਢਦਾ ਅਤੇ ਮਾਲਕ ਦੇ ਦੋਸਤ ਦੇ ਪੈਰਾਂ 'ਤੇ ਲੇਟ ਲੇਟ ਕੇ ਪ੍ਰਾਹੁਣਚਾਰੀ ਦਾ ਸਾਰਾ ਕੰਮ ਕਰਦਾ ਏ। ਆਪਣੇ ਮਾਲਕ ਦੀ ਥਾਵੇਂ ਘਰ ਆਏ ਦੋਸਤ ਦੀ ਆਓ ਭਗਤ ਕਰਦਾ ਏ। ਕੇਵਲ ਇਸ ਲਈ ਕਿ ਇਹ ਮੇਰੇ ਮਾਲਕ ਦਾ ਦੋਸਤ ਹੈ। ਪਰ ਜੇ ਕਦੇ ਮਾਲਕ ਦੀ ਗ਼ੈਰ-ਹਾਜ਼ਰੀ 'ਚ ਮਾਲਕ ਦਾ ਦੁਸ਼ਮਣ ਘਰ ਆ ਜਾਏ, ਤਾਂ ਉਹੋ ਕੁੱਤਾ ਸ਼ੇਰ ਦਾ ਰੂਪ ਧਾਰ ਕੇ ਡਟ ਜਾਂਦਾ ਏ ਤੇ ਆਪਣੇ ਮਾਲਕ ਦੇ ਦੁਸ਼ਮਣ ਸਾਹਮਣੇ ਭੌਂਕਦਾ ਏ, ਕਚੀਚੀਆਂ ਵਟ ਕੇ ਉਸ ਵੱਲ ਟੁਟ ਟੁਟ ਕੇ ਲਪਟਦਾ ਏ। ਕਦੇ ਭੁੱਲ ਕੇ ਵੀ ਉਸ ਨੂੰ ਆਪਣੇ ਮਾਲਕ ਦੇ ਘਰ 'ਚ ਨਹੀਂ ਵੜਨ ਦਿੰਦਾ, ਸਗੋਂ ਜਾਨ ਦੀ ਬਾਜ਼ੀ ਲਾ ਕੇ ਬੈਠ ਜਾਂਦਾ ਏ।

ਏਸੇ ਤਰ੍ਹਾਂ ਅੱਗ ਵੀ ਆਪਣੇ ਮਾਲਕ ਦੇ ਦਰ 'ਤੇ ਪਹਿਰੇਦਾਰ ਹੈ। ਜੇ ਇਸ ਦੇ ਮਾਲਕ ਦਾ ਦੋਸਤ ਇਸ ਕੋਲ ਆਵੇ ਤਾਂ ਉਸ ਦਾ ਸਤਿਕਾਰ ਕਰਦੀ ਏ। ਉਸ ਨੂੰ 'ਜੀ ਆਇਆਂ' ਆਖਦੀ ਏ, ਤੇ ਭੁਲ ਕੇ ਵੀ ਉਸ ਦਾ ਰੋਮ ਤਕ ਨਹੀਂ ਸਾੜਦੀ, ਸਗੋਂ ਸਦਕੇ ਤੇ ਘੋਲੀ ਜਾਂਦੀ ਏ। ਜਿਸ ਤਰ੍ਹਾਂ ਕਿ ਪ੍ਰਹਿਲਾਦ ਨੂੰ ਤੱਤੀ ਵਾਅ ਨਹੀਂ ਲੱਗਣ ਦਿੱਤੀ, ਭੱਠੀ ਵਿਚ ਪਏ ਬਿੱਲੀ ਦੇ ਬੱਚਿਆਂ ਦਾ ਰੋਮ ਤਕ ਨਹੀਂ ਸਾੜਿਆ, ਪਤੀ-ਬ੍ਰਤਾ ਧਰਮ ਦੀ ਪ੍ਰੀਖਿਆ ਵੇਲੇ ਸਤੀਆਂ ਅੱਗ 'ਚ ਪਾਈਆਂ ਪਰ ਉਨ੍ਹਾਂ ਦਾ ਰੰਚਕ ਫ਼ਨਾਹ ਨਾ ਹੋਣ ਦਿੱਤਾ, ਕਿਉਂਕਿ ਇਹ ਸਭ ਅੱਗ ਦੇ ਮਾਲਕ ਦੇ ਦੋਸਤ ਸਨ।

ਪਰ ਜਦੋਂ ਕਦੇ ਮਾਲਕ ਦੇ ਦੁਸ਼ਮਣ ਅੱਗ ਹਵਾਲੇ ਕੀਤੇ ਗਏ ਨੇ, ਉਨ੍ਹਾਂ ਨੂੰ ਸਾੜ ਕੇ ਸੁਆਹ ਕਰ ਕੇ ਖੁਰਾ ਖੋਜ ਤੱਕ ਮਿਟਾ ਦਿੱਤਾ ਗਿਆ ਏ। ਹੋਲਕਾਂ ਨੇ ਭਾਵੇਂ ਵਰ ਪ੍ਰਾਪਤ ਕੀਤਾ ਹੋਇਆ ਸੀ ਕਿ ਮੈਂ ਅੱਗ ਵਿਚ ਨਾ ਸੜਾਂ ਪਰ ਚੂੰਕਿ ਪ੍ਰਹਿਲਾਦ ਦੇ ਖ਼ਿਲਾਫ਼ ਹਰਨਾਖ਼ਸ਼ ਦੀ ਮਦਦ ਕੀਤੀ ਸੀ, ਇਸ ਲਈ ਸੜ ਕੇ, ਰਾਖ਼ ਬਣ ਕੇ ਪਤਾ ਨਹੀਂ ਕਿਸ ਦੇਸ਼ ਨੂੰ ਉੱਡ ਗਈ? ਪਰ ਰੱਬ ਦੇ ਪਿਆਰ ਵਾਲਿਆਂ ਨੂੰ ਅੱਗ ਨੇ ਕਦੇ ਨਹੀਂ ਸਾੜਿਆ, ਚੂੰਕਿ ਇਸ ਬੱਚੇ ਦੀ ਮਾਂ ਕਰਤਾ ਪੁਰਖ ਦੇ ਪਿਆਰ ਵਿਚ ਰੰਗੀ ਹੋਈ ਏ, ਇਸ ਲਈ ਅੱਗ ਨੇ ਇਸ ਬੱਚੇ ਨੂੰ ਨਹੀਂ ਸਾੜਿਆ। ਤੂੰ ਆ ਕੇ ਦੇਖ ਲੈ, ਜੇ ਤੇਰਾ ਨਾਮ ਨਾ ਮਿਟਾ ਦਿਤਾ ਤਾਂ ਆਖੀਂ। ਗ਼ੈਬੀ ਸ਼ਕਤੀ ਦੀ ਆਵਾਜ਼ ਸੁਣਦਿਆਂ ਹੀ ਬਾਦਸ਼ਾਹ ਕੰਬਿਆ ਤੇ ਆਪਣੀ ਕੀਤੀ ਕਰਤੂਤ 'ਤੇ ਪਸ਼ੇਮਾਨ ਹੋ ਕੇ ਅਫ਼ਸੋਸ ਨਾਲ ਸਿਰ ਹਿਲਾ ਕੇ ਧੌਣ ਨੀਵੀਂ ਪਾ ਲਈ ਤੇ ਰੱਬ ਦੀ ਹਸਤੀ ਦਾ ਕਾਇਲ ਹੋ ਗਿਆ। ਏਸੇ ਕਰਕੇ ਤਾਂ ਸਤਿਗੁਰ ਸੱਚੇ ਪਾਤਿਸ਼ਾਹ ਨੇ ਫ਼ੁਰਮਾਇਆ ਹੈ ਕਿ:

ਜਿਨੀ ਐਸਾ ਹਰਿਨਾਮੁ ਨ ਚੇਤਿਓ, ਸੇ ਕਾਹੇ ਜਗਿ ਆਏ ਰਾਮ ਰਾਜੇ॥

(ਆਸਾ ਮ: ੪, ਪੰਨਾ ੪੫੦)

ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਨਾਮ ਦੇ ਬਾਰੇ ਅਮੋਲਕ ਬਾਣੀ ਰਾਹੀਂ ਬੇਅੰਤ ਚਾਨਣਾ ਦਿੱਤਾ ਹੈ, ਜੋ ਇਸ ਪ੍ਰਕਾਰ ਹੈ:

ਅਸੁਮੇਧ ਜਗਨੇ॥
ਤੁਲਾ ਪੁਰਖ ਦਾਨੇ॥
ਪ੍ਰਾਗ ਇਸਨਾਨੇ॥੧॥
ਤਉ ਨ ਪੁਜਹਿ, ਹਰਿ ਕੀਰਤਿ ਨਾਮਾ॥
ਅਪੁਨੇ ਰਾਮਹਿ ਭਜੁ, ਰੇ ਮਨ ਆਲਸੀਆ॥੧॥ਰਹਾਉ॥
ਗਇਆ ਪਿੰਡੁ ਭਰਤਾ॥
ਬਨਾਰਸਿ ਅਸਿ ਬਸਤਾ॥
ਮੁਖਿ ਬੇਦ ਚਤੁਰ ਪੜਤਾ॥੨॥
ਸਗਲ ਧਰਮ ਅਛਿਤਾ॥
ਗੁਰ ਗਿਆਨ ਇੰਦ੍ਰੀ ਦ੍ਰਿੜਤਾ॥
ਖਟੁ ਕਰਮ ਸਹਿਤ ਰਹਤਾ॥੩॥
ਸਿਵਾ ਸਕਤਿ ਸੰਬਾਦੰ॥
ਮਨ ਛੋਡਿ ਛੋਡਿ ਸਗਲ ਭੇਦੰ॥
ਸਿਮਰਿ ਸਿਮਰਿ ਗੋਬਿੰਦੰ॥
ਭਜੁ ਨਾਮਾ ਤਰਸਿ ਭਵ ਸਿੰਧੰ॥੪॥ (ਗੋਂਡ ਨਾਮਦੇਉ, ਪੰਨਾ ੮੭੩)

ਹਰਿ ਹਰਿ ਕਰਤ ਮਿਟੇ ਸਭਿ ਭਰਮਾ॥
ਹਰਿ ਕੋ ਨਾਮੁ ਲੈ ਊਤਮ ਧਰਮਾ॥
ਹਰਿ ਹਰਿ ਕਰਤ ਜਾਤਿ ਕੁਲ ਹਰੀ॥
ਸੋ ਹਰਿ ਅੰਧੁਲੇ ਕੀ ਲਾਕਰੀ॥੧॥
ਹਰਏ ਨਮਸਤੇ ਹਰਏ ਨਮਹ॥
ਹਰਿ ਹਰਿ ਕਰਤ ਨਹੀ ਦੁਖੁ ਜਮਹ॥੧॥ਰਹਾਉ॥
ਹਰਿ ਹਰਨਾਖਸ ਹਰੇ ਪਰਾਨ॥
ਅਜੈਮਲ ਕੀਓ ਬੈਕੁੰਠਹਿ ਥਾਨ॥
ਸੂਆ ਪੜਾਵਤ ਗਨਿਕਾ ਤਰੀ॥
ਸੋ ਹਰਿ ਨੈਨਹੁ ਕੀ ਪੂਤਰੀ॥੨॥
ਹਰਿ ਹਰਿ ਕਰਤ ਪੂਤਨਾ ਤਰੀ॥
ਬਾਲ ਘਾਤਨੀ ਕਪਟਹਿ ਭਰੀ॥
ਸਿਮਰਨ ਦ੍ਰੋਪਦ ਸੁਤ ਉਧਰੀ॥
ਗਊਤਮ ਸਤੀ ਸਿਲਾ ਨਿਸਤਰੀ॥੩॥
ਕੇਸੀ ਕੰਸ ਮਥਨੁ ਜਿਨਿ ਕੀਆ॥
ਜੀਅ ਦਾਨੁ ਕਾਲੀ ਕਉ ਦੀਆ॥

ਪ੍ਰਣਵੈ ਨਾਮਾ ਐਸੋ ਹਰੀ॥
ਜਾਸੁ ਜਪਤ ਭੈ ਅਪਦਾ ਟਰੀ॥੪॥ *(ਗੋਂਡ ਨਾਮਦੇਉ, ਪੰਨਾ ੮੭੪)*

ਅਗਨਿ ਨ ਦਹੈ ਪਵਨੁ ਨਹੀ ਮਗਨੈ, ਤਸਕਰੁ ਨੇਰਿ ਨ ਆਵੈ॥
ਰਾਮਨਾਮ ਧਨੁ ਕਰਿ ਸੰਚਉਨੀ, ਸੋ ਧਨੁ ਕਤ ਹੀ ਨ ਜਾਵੈ॥੧॥
ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ, ਇਹੈ ਸਾਰ ਧਨੁ ਕਹੀਐ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ, ਸੋ ਸੁਖੁ ਰਾਜਿ ਨ ਲਹੀਐ॥੧॥ਰਹਾਉ॥
ਇਸੁ ਧਨ ਕਾਰਣਿ ਸਿਵ ਸਨਕਾਦਿਕ, ਖੋਜਤ ਭਏ ਉਦਾਸੀ॥
ਮਨਿ ਮੁਕੰਦੁ ਜਿਹਬਾ ਨਾਰਾਇਨੁ, ਪਰੈ ਨ ਜਮ ਕੀ ਫਾਸੀ॥੨॥
ਨਿਜ ਧਨੁ ਗਿਆਨੁ ਭਗਤਿ ਗੁਰ ਦੀਨੀ, ਤਾਸੁ ਸੁਮਤਿ ਮਨੁ ਲਾਗਾ॥
ਜਲਤ ਅੰਭ ਥੰਭਿ ਮਨੁ ਧਾਵਤ, ਭਰਮ ਬੰਧਨ ਭਉ ਭਾਗਾ॥੩॥
ਕਹੈ ਕਬੀਰੁ ਮਦਨ ਕੇ ਮਾਤੇ, ਹਿਰਦੈ ਦੇਖੁ ਬੀਚਾਰੀ॥
ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ, ਹਮ ਘਰਿ ਏਕੁ ਮੁਰਾਰੀ॥੪॥
(ਗਉੜੀ ਕਬੀਰ, ਪੰਨਾ ੩੩੬)

ਜਾਪ ਤਾਪ ਗਿਆਨ ਸਭਿ ਧਿਆਨ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥
ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥੧॥੩॥
(ਗਉੜੀ ਸੁਖਮਨੀ ਮ: ੫, ਪੰਨਾ ੨੬੫)

ਐਸੋ ਸਹਾਈ ਹਰਿ ਕੋ ਨਾਮ॥
ਸਾਧ ਸੰਗਤਿ ਭਜੁ ਪੂਰਨ ਕਾਮ॥੧॥ਰਹਾਉ॥
ਬੂਡਤ ਕਉ ਜੈਸੇ ਬੇੜੀ ਮਿਲਤ॥
ਬੂਝਤ ਦੀਪਕ ਮਿਲਤ ਤਿਲਤ॥
ਜਲਤ ਅਗਨੀ ਮਿਲਤ ਨੀਰ॥
ਜੈਸੇ ਬਾਰਿਕ ਮੁਖਹਿ ਖੀਰ॥੧॥
ਜੈਸੇ ਰਣ ਮਹਿ ਸਖਾ ਭ੍ਰਾਤ॥
ਜੈਸੇ ਭੂਖੇ ਭੋਜਨ ਮਾਤ॥
ਜੈਸੇ ਕਿਰਖਹਿ ਬਰਸ ਮੇਘ॥
ਜੈਸੇ ਪਾਲਨ ਸਰਨਿ ਸੇਂਘ॥੨॥

ਗਰੁੜ ਮੁਖਿ ਨਹੀ ਸਰਪ ਤ੍ਰਾਸ॥
ਸੂਆ ਪਿੰਜਰਿ ਨਹੀ ਖਾਇ ਬਿਲਾਸੁ॥
ਜੈਸੋ ਆਂਡੋ ਹਿਰਦੇ ਮਾਹਿ॥
ਜੈਸੋ ਦਾਨੋ ਚਕੀ ਦਰਾਹਿ॥੩॥
ਬਹੁਤੁ ਓਪਮਾ ਥੋਰ ਕਹੀ॥
ਹਰਿ ਅਗਮ ਅਗਮ ਅਗਾਧਿ ਤੁਹੀ॥
ਊਚ ਮੂਚੌ ਬਹੁ ਅਪਾਰ॥
ਸਿਮਰਤ ਨਾਨਕ ਤਰੇ ਸਾਰ॥੪॥ *(ਮਾਲੀ ਗਉੜਾ ਮ: ੫, ਪੰਨਾ ੯੮੬)*

ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥੧॥ਰਹਾਉ॥
ਨਾਮ ਬਿਨਾ ਜੋ ਪਹਿਰੈ ਖਾਇ॥
ਜਿਉ ਕੂਕਰੁ ਜੂਠਨ ਮਹਿ ਪਾਇ॥੧॥
ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥੨॥
ਨਾਮੁ ਬਿਸਾਰਿ ਕਰੇ ਰਸ ਭੋਗ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ॥੩॥
ਨਾਮੁ ਤਿਆਗਿ ਕਰੇ ਅਨ ਕਾਜ॥
ਬਿਨਸਿ ਜਾਇ ਝੂਠੇ ਸਭਿ ਪਾਜ॥੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥
ਕੋਟਿ ਕਰਮ ਕਰਤੋ ਨਰਕਿ ਜਾਵੈ॥੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥
ਚੋਰ ਕੀ ਨਿਆਈ ਜਮਪੁਰਿ ਬਾਧਾ॥੬॥
ਲਾਖ ਅਡੰਬਰ ਬਹੁਤੁ ਬਿਸਥਾਰਾ॥
ਨਾਮ ਬਿਨਾ ਝੂਠੇ ਪਾਸਾਰਾ॥੭॥
ਹਰਿ ਕਾ ਨਾਮੁ ਸੋਈ ਜਨੁ ਲੇਇ॥
ਕਰਿ ਕਿਰਪਾ ਨਾਨਕ ਜਿਸੁ ਦੇਇ॥੮॥ *(ਗਉੜੀ ਮ: ੫, ਪੰਨਾ ੨੪੦)*

ਹਰਿ ਹਰਿ ਨਾਮੁ ਜਪੰਤਿਆ, ਕਛੁ ਨ ਕਹੈ ਜਮਕਾਲੁ॥
ਨਾਨਕ ਮਨੁ ਤਨੁ ਸੁਖੀ ਹੋਇ, ਅੰਤੇ ਮਿਲੈ ਗੋਪਾਲੁ॥੧॥

(ਆਸਾ ਮ: ੫, ਪੰਨਾ ੪੫੭)

ਜਿਨਾ ਸਾਸਿ ਗਿਰਾਸਿ ਨ ਵਿਸਰੈ, ਹਰਿਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ॥

(ਗਉੜੀ ਕੀ ਵਾਰ ਮ: ੫, ਪੰਨਾ ੩੧੯)

ਸਿੱਖੀ

ਸਿਖ ਸ਼ਬਦ ਆਪਣੇ ਅੰਦਰ ਇਕ ਖ਼ਾਸ ਮਹਾਨਤਾ ਰਖਦਾ ਹੈ। ਵੈਸੇ ਭੀ ਬੜਾ ਪਿਆਰਾ ਸ਼ਬਦ ਹੈ। ਮਹਾਨਤਾ ਤਾਂ ਇਹ ਹੈ ਕਿ ਜਨਮ ਤੋਂ ਲੈ ਕੇ, ਮਰਨ ਤਕ ਸਿਖੀ ਜਾਓ, ਭਾਵੇਂ ਕਿੰਨਾ ਕੁਝ ਸਿਖ ਲਓ, ਪਰ ਫੇਰ ਵੀ ਅਜੇ ਸਿਖਣਾ ਬਾਕੀ ਰਹਿ ਜਾਂਦਾ ਹੈ। ਖ਼ਾਸ ਕਰਕੇ ਜੋ ਗੁਰੂ ਦੀ ਸਿੱਖੀ ਹੈ, ਇਹ ਤਾਂ ਸਿਖਣੀ ਬਹੁਤ ਹੀ ਕਠਿਨ ਤੇ ਮੁਸ਼ਕਲ ਹੈ। ਇਹਨੂੰ ਸਿਖਦਾ ਸਿਖਦਾ ਸਿਖ ਤੋਂ ਭਾਵੇਂ ਗੁਰੂ ਬਣ ਜਾਏ; ਪਰ ਸਿੱਖੀ, ਸਿਖਣੀ ਅਜੇ ਵੀ ਬਾਕੀ ਰਹਿ ਜਾਂਦੀ ਏ। ਭਾਈ ਲਹਿਣਾ ਜੀ ਸਿੱਖੀ ਨੂੰ ਸਿਖਦੇ ਸਿਖਦੇ ਗੁਰੂ ਬਣ ਗਏ, ਪਰ ਸਿੱਖੀ ਦੀ ਸਿਕ ਫੇਰ ਵੀ ਜਿਉਂ ਦੀ ਤਿਉਂ ਬਣੀ ਹੀ ਰਹੀ। ਭਾਈ ਅਮਰੂ ਜੀ, ਸਿੱਖੀ ਦੀ ਘਾਲਣਾ ਘਾਲਦੇ ਘਾਲਦੇ ਸ੍ਰੀ ਗੁਰੂ ਅਮਰਦਾਸ ਜੀ ਤਾਂ ਜ਼ਰੂਰ ਬਣ ਗਏ, ਪਰ ਸਿੱਖੀ ਉਨ੍ਹਾਂ ਨੂੰ ਅਜੇ ਵੀ ਕਿਤੇ ਅਗੇਰੇ ਹੀ ਦਿਸੀ। ਸਿੱਖੀ ਦੀ ਕਾਰ ਕਰਦੇ ਹੋਏ ਭਾਈ ਜੇਠਾ ਜੀ, ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਤਾਂ ਭਾਵੇਂ ਬਣ ਗਏ, ਪਰ ਸਿੱਖੀ ਉਨ੍ਹਾਂ ਨੂੰ ਹੋਰ ਵੀ ਕਿਤੇ ਉਚੇਰੀ ਭਾਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸਿੱਖੀ ਦੀ ਬੜੀ ਕਠਨ ਤਪਸਿਆ ਕੀਤੀ ਹੈ। ਤਵੀਆਂ 'ਤੇ ਬਹਿਣਾ, ਸੜਦੇ ਬਲਦੇ ਰੇਤੇ ਦਾ ਸਿਰ 'ਤੇ ਸਹਿਣਾ, ਖੌਲਦੇ ਹੋਏ ਦੇਗ ਦੇ ਪਾਣੀ 'ਚ ਉਬਲ ਜਾਣਾ ਤੇ ਜ਼ਾਲਮਾਂ ਦੇ ਹੱਥੋਂ ਰਾਵੀ ਦੇ ਪਾਣੀ 'ਚ ਗੋਤੇ ਖਾ ਖਾ ਕੇ ਸ਼ਹੀਦ ਹੋ ਜਾਣਾ, ਇਹ ਅਤਿਅੰਤ ਉੱਚੀ ਘਾਲਣਾ ਹੈ। ਪਰ ਇਹ ਕੁਝ ਕਰ ਕੇ ਵੀ ਹਜ਼ੂਰ ਨੂੰ ਇਉਂ ਭਾਸਿਆ ਕਿ ਸਿੱਖੀ ਅਜੇ ਵੀ ਕਿਤੇ ਦੂਰ ਹੈ। ਜਦੋਂ ਕਦੇ ਸਿੱਖੀ ਦੀ ਉੱਚ ਅਵਸਥਾ ਵੱਲ ਆਪ ਦਾ ਧਿਆਨ ਗਿਆ ਹੈ, ਆਪ ਦੇ ਮੂੰਹੋਂ ਬਦੋਬਦੀ ਨਿਕਲ ਗਿਆ ਹੈ :

ਗੁਰਸਿਖੀ ਭਾਣਾ ਮੰਨਿਆ, ਗੁਰੁ ਪੂਰਾ ਪਾਰਿ ਲੰਘਾਇ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ, ਹਮ ਪਾਪੀ ਭੀ ਗਤਿ ਪਾਂਹਿ॥

(ਸਲੋਕ ਮ: ੪, ਪੰਨਾ ੧੪੨੪)

ਜਿਸ ਗੁਰੂ ਦੀ ਚਰਨ ਧੂੜ ਨੂੰ ਜਹਾਂਗੀਰ ਵੀ ਲੋਚਦਾ ਹੋਵੇ, ਜਿਸ ਗੁਰੂ ਦੀ ਚਰਨ ਰਜ/ਧੂੜ ਨੂੰ ਮੀਆਂ ਮੀਰ ਮਸਤਕ 'ਤੇ ਲਾਉਂਦਾ ਰਿਹਾ ਹੋਵੇ, ਜਿਸ ਗੁਰੂ ਦੇ ਕਦਮਾਂ ਦੀ ਖ਼ਾਕ ਨੂੰ ਚਾਰ-ਚੁਫੇਰੇ ਦੇ ਸਿਖ ਜੀਵਨਦਾਤੀ ਸਮਝਦੇ ਹੋਣ, ਜਿਸ ਗੁਰੂ ਦੀ ਚਰਨ ਧੂੜ ਦੇ ਕਿਣਕਿਆਂ ਨੂੰ ਤੇਤੀ ਕ੍ਰੋੜ ਦੇਵਤਾ ਤਰਸਦਾ ਹੋਵੇ; ਜੇ ਉਹ ਗੁਰੂ ਇਹ ਗੱਲ ਆਖੇ ਕਿ :

ਗੁਰਸਿਖਾਂ ਕੀ ਹਰਿ ਧੂੜਿ ਦੇਹਿ, ਹਮ ਪਾਪੀ ਭੀ ਗਤਿ ਪਾਂਹਿ॥

ਤਾਂ ਸਮਝਣਾ ਚਾਹੀਦਾ ਏ ਕਿ ਸਿੱਖੀ ਅਜੇ ਕਿਤੇ ਅੱਗੇ ਹੈ ਤੇ ਬਹੁਤ ਉੱਚੀ ਹੈ। ਅਸੀਂ

ਆਮ ਕਰਕੇ ਸਿੱਖੀ ਨੂੰ ਸੌਖੀ ਜਿਹੀ ਸਮਝਦੇ ਆਏ ਹਾਂ ਤੇ ਸਮਝ ਰਹੇ ਹਾਂ, ਪਰ ਹੈ ਇਹ ਭੁੱਲ। ਜਿਸ ਹਾਲਤ ਵਿਚ ਗੁਰੂ ਇਹ ਕਹੇ ਕਿ :

ਜੋ ਦੀਸੈ ਗੁਰ ਸਿਖੜਾ, ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥...
ਇਹੁ ਮਨੁ ਤੈ ਕੂੰ ਡੇਵਸਾ, ਮੈ ਮਾਰਗੁ ਦੇਹੁ ਬਤਾਇ ਜੀਉ॥ *(ਸੂਹੀ ਮ: ੫, ਪੰਨਾ ੭੬੩)*

ਤਾਂ ਸਮਝ ਲੈਣਾ ਚਾਹੀਦਾ ਏ ਕਿ ਸਿੱਖੀ ਕੋਈ ਬੜੀ ਪਵਿੱਤਰ ਤੇ ਉੱਤਮ ਅਤੇ ਅਤਿ ਪਿਆਰੀ ਵਸਤੂ ਹੈ; ਇਹ ਕੋਈ ਖੇਡ ਤੇ ਦਿਲ-ਪਰਚਾਵਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਂ ਪਵਿੱਤਰ ਤੇ ਕਲਿਆਣ ਦਾਤੀ ਬਾਣੀ ਦੇ ਪਾਠ ਤੋਂ ਸੁਖੈਨ ਹੀ ਸਮਝ ਆ ਜਾਂਦੀ ਏ ਕਿ ਸਿੱਖੀ ਕਿੰਨੀ ਕੁ ਉੱਚੀ ਸੁੱਚੀ ਚੀਜ਼ ਹੈ। ਇਕ ਸ਼ਬਦ 'ਚ ਹਜ਼ੂਰ ਨੇ ਸੰਤਾਂ, ਭਗਤਾਂ, ਗੁਣੀਆਂ ਤੇ ਸਿੱਖਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਦਰਜੇ ਦਿਤੇ ਹਨ। ਪਰ ਉਹਨਾਂ ਸਾਰਿਆਂ 'ਚੋਂ ਉੱਚਾ ਦਰਜਾ ਸਿਖ ਨੂੰ ਦਿੱਤਾ ਹੈ। ਸਿੱਖੀ ਦੀ ਸ਼ਾਨ ਸਭ ਤੋਂ ਨਿਰਾਲੀ ਤੇ ਅਨੋਖੀ ਦੱਸੀ ਏ। ਸਿੱਖੀ ਕਮਾਉਣ ਵਾਲੇ ਸਿਖ ਨੂੰ ਉੱਚੇ ਅਸਮਾਨਾਂ 'ਤੇ ਉਡਾਰੀਆਂ ਮਾਰਦਾ ਦਰਸਾਇਆ ਹੈ। ਜੈਸਾ ਕਿ ਆਪ ਫ਼ੁਰਮਾਂਦੇ ਹਨ :

ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਹਰਿਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਸੁ ਹਰਿਨਾਮਿ ਸੁਣਿਐ ਮਨਿ ਅਨੰਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਸਤਿਗੁਰ ਸੇਵਾ ਕਰਿ ਹਰਿਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ,
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ *(ਵਡਹੰਸ ਕੀ ਵਾਰ ਮ: ੪, ਪੰਨਾ ੫੯੩)*

ਸਤਿਗੁਰ ਸੱਚਾ ਪਾਤਿਸ਼ਾਹ ਜੋਤਿ ਸਰੂਪ ਹੁੰਦਾ ਹੋਇਆ ਜੇ ਆਪਣੇ ਮੁਖਾਰਬਿੰਦ 'ਚੋਂ ਇਹ ਗੱਲ ਆਖੇ ਕਿ ਸਿੱਖਾਂ ਦੇ ਭਾਗ ਸਭ ਨਾਲੋਂ ਉੱਚੇ ਹਨ ਤਾਂ ਮੰਨਣਾ ਪੈਂਦਾ ਹੈ ਕਿ ਸਿੱਖੀ ਕੋਈ ਅਮੋਲਕ ਵਸਤੂ ਹੈ। ਉੱਚੇ ਮੰਡਲਾਂ ਦੀ ਵਸਨੀਕੀ ਤੇ ਅਲੌਕਿਕ ਵਲਵਲਿਆਂ ਦੀ ਨਿਰਾਲੀ ਤਸਵੀਰ ਹੈ। ਕਈ ਅਨਜਾਣ ਸੱਜਣ ਸਿਖ ਨੂੰ ਇਕ ਨਿੱਕੀ ਜਿਹੀ ਵਲਗਣ 'ਚ ਵਲ ਕੇ ਇਸ ਦੀ ਮਹਾਨਤਾ ਨੂੰ ਘਟਾ ਦਿੰਦੇ ਹਨ, ਨਾਲ ਨਾਲ ਸਿਖ ਗੁਰੂਆਂ ਦੇ ਵਿਸ਼ਾਲ ਜੀਵਨ ਨੂੰ ਵੀ ਲਕੀਰ ਦੇ ਫ਼ਕੀਰ ਬਣਾ ਕੇ ਥੋੜ੍ਹੇ ਜਿਹੇ ਥਾਂ 'ਚ ਲੈ ਆਉਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਅਸਾਂ ਸਿੱਖੀ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਸਿੱਖੀ ਇਕ ਅਥਾਹ ਸਾਗਰ ਹੈ ਜੋ ਸਭ ਲਈ ਸਮਾਨ ਹੈ, ਸਿੱਖੀ ਇਕ ਐਸਾ ਚਾਨਣ-ਮੁਨਾਰਾ ਹੈ ਜੋ ਸਭ ਨੂੰ ਰੌਸ਼ਨੀ ਦਿੰਦਾ ਹੈ। ਸਿੱਖੀ ਦੇ ਚੰਦ ਦੀਆਂ ਸੀਤਲ ਕਿਰਨਾਂ ਮਨੁੱਖ ਮਾਤਰ ਨੂੰ ਠੰਢਕ ਦਿੰਦੀਆਂ ਹਨ। ਸਿੱਖੀ 'ਚੋਂ ਤਲਖ਼ੀ ਤੇ ਤੁਰਸ਼ੀ ਨਿਕਲੇ, ਇਹ ਗੱਲ ਸਮਝ ਤੋਂ ਪਰੇ ਹੈ। ਸਿੱਖੀ ਬਾਰੇ ਭਾਈ ਗੁਰਦਾਸ ਜੀ ਦੇ ਸ਼ੁਭ ਵਿਚਾਰ ਇਸ ਪ੍ਰਕਾਰ ਹਨ ਕਿ:

ਗੁਰਸਿਖੀ ਦਾ ਸਿਖਣਾ, ਨਾਦੁ ਨ ਵੇਦ ਨ ਆਖਿ ਵਖਾਣੈ॥
ਗੁਰਸਿਖੀ ਦਾ ਲਿਖਣਾ, ਲਖ ਨ ਚਿਤ੍ਰ ਗੁਪਤ ਲਿਖ ਜਾਣੈ॥
ਗੁਰਸਿਖੀ ਦਾ ਸਿਮਰਣੋ, ਸੇਖ ਅਸੰਖ ਨ ਰੇਖ ਸਿਞਾਣੈ॥
ਗੁਰਸਿਖੀ ਦਾ ਵਰਤਮਾਨ, ਵੀਹ ਇਕੀਹ ਉਲੰਘਿ ਪਛਾਣੈ॥

ਗੁਰਸਿਖੀ ਦਾ ਬੁਝਣਾ, ਗਿਆਨ ਧਿਆਨ ਅੰਦਰਿ ਕਿਵ ਆਣੈ॥
ਗੁਰ ਪਰਸਾਦੀ ਸਾਧਿ ਸੰਗਿ ਸਬਦ ਸੁਰਤਿ ਹੋਇ ਮਾਣੁ ਨਿਮਾਣੈ॥
ਭਾਇ ਭਗਤਿ ਵਿਰਲਾ ਰੰਗੁ ਮਾਣੈ॥੩॥ (ਵਾਰ ੨੮)

ਗੁਰਸਿੱਖੀ ਦਾ 'ਸਿਖਣਾ'; ਸਾਧਨ, ਸ਼ਬਦ ਨਾਲ ਕਥਨ ਨਹੀਂ ਕੀਤਾ ਜਾ ਸਕਦਾ ਤੇ ਵੇਦਾਂ ਦੀ ਰਾਹੀਂ ਇਸ ਦੀ ਵਿਚਾਰ ਨਹੀਂ ਹੋ ਸਕਦੀ।

ਜੇ ਕੋਈ ਆਖੇ ਕਿ ਮੈਂ ਗੁਰਸਿੱਖੀ ਨੂੰ ਲਿਖਤ ਵਿਚ ਲੈ ਆਵਾਂ, ਤਾਂ ਮਨੁੱਖ ਤਾਂ ਕੀ ਲੱਖਾਂ ਹੀ ਚਿਤ੍ਰ ਗੁਪਤ ਵੀ ਲਿਖਤ 'ਚ ਨਹੀਂ ਲਿਆ ਸਕਦੇ।

ਗੁਰਸਿੱਖੀ ਦੇ ਸਿਮਰਨ ਦੀ ਜੋ 'ਰੇਖ' ਹੱਦ ਹੈ, ਉਸਨੂੰ ਅਸੰਖਾਂ ਸ਼ੇਸ਼ਨਾਗ ਵੀ ਨਹੀਂ ਪਛਾਣ ਸਕਦੇ, ਭਾਵੇਂ ਉਨ੍ਹਾਂ ਦੇ ਮੂੰਹ 'ਚ ਕਈ ਹਜ਼ਾਰ ਜੀਭਾਂ ਕਿਉਂ ਨਾ ਹੋਣ। ਗੁਰਸਿੱਖੀ ਦਾ ਜੋ 'ਵਰਤਮਾਨ' ਵਰਤਾਵਾ ਹੈ ਉਹ ਵੀਹਾਂ ਇੱਕੀਆਂ, ਭਾਵ ਮੇਰ ਤੇਰ ਤੋਂ ਉੱਚਿਆਂ ਹੋ ਕੇ ਹੀ ਜਾਣਿਆ ਜਾਂਦਾ ਹੈ।

ਗੁਰਸਿੱਖੀ ਨੂੰ ਸਮਝਣਾ ਗਿਆਨ ਧਿਆਨ ਦੇ ਅੰਦਰ ਕਿਸ ਤਰ੍ਹਾਂ ਆ ਸਕਦਾ ਏ, ਭਾਵ ਨਹੀਂ ਆ ਸਕਦਾ।

ਜੋ ਗੁਰੂ ਦੀ ਮਿਹਰ ਨਾਲ ਸਾਧ ਸੰਗਤ 'ਚ ਪੁੱਜ ਕੇ, ਸ਼ਬਦ ਦੀ ਸਰੋਤ ਦੁਆਰਾ ਮਾਣ ਤੋਂ ਨਿਰਮਾਣ ਹੋ ਗਿਆ ਹੈ। ਐਸਾ ਕੋਈ ਵਿਰਲਾ ਹੀ ਪ੍ਰੇਮਾ-ਭਗਤੀ ਕਰ ਕੇ ਸਿੱਖੀ ਦਾ ਰੰਗ ਮਾਣਦਾ ਏ:

ਗੁਰਸਿਖੀ ਦਾ ਸਿਖਣਾ, ਸਬਦਿ ਸੁਰਤਿ ਸਤਿਸੰਗਤਿ ਸਿਖੈ॥
ਗੁਰਸਿਖੀ ਦਾ ਲਿਖਣਾ, ਗੁਰਬਾਣੀ ਸੁਣਿ ਸਮਝੈ ਲਿਖੈ॥
ਗੁਰਸਿਖੀ ਦਾ ਸਿਮਰਣੋ, ਸਤਿਗੁਰ ਮੰਤੁ ਕੋਲੂ ਰਸੁ ਇਖੈ॥
ਗੁਰਸਿਖੀ ਦਾ ਵਰਤਮਾਨੁ, ਚੰਦਨ ਵਾਸੁ ਨਿਵਾਸੁ ਬਰਿਖੈ॥
ਗੁਰਸਿਖੀ ਦਾ ਬੁਝਣਾ, ਬੁਝਿ ਅਬੁੱਝਿ ਹੋਵੈ ਲੈ ਭਿਖੈ॥
ਸਾਧ ਸੰਗਤਿ ਗੁਰ ਸਬਦੁ ਸੁਣਿ, ਨਾਮੁ ਦਾਨੁ ਇਸਨਾਨੁ ਸਰਿਖੈ॥
ਵਰਤਮਾਨ ਲੰਘ ਭੂਰ ਭਵਿਖੈ॥੫॥ (ਵਾਰ ੨੮)

ਗੁਰਸਿੱਖੀ ਦਾ ਸਿਖਣਾ ਇਹ ਹੈ ਕਿ ਸਾਧ ਸੰਗਤ ਵਿਚ ਆ ਕੇ ਸੁਰਤ ਨੂੰ ਸ਼ਬਦ ਨਾਲ ਜੋੜਨਾ ਸਿਖੇ, ਗੁਰਸਿਖੀ ਦਾ ਜੋ ਕੋਈ ਲਿਖਣਾ ਹੈ ਤਾਂ ਇਹ ਹੈ ਕਿ ਸਾਧ ਸੰਗਤ 'ਚ ਆ ਕੇ ਗੁਰਬਾਣੀ ਨੂੰ ਸੁਣ ਕੇ ਸਮਝੇ, ਤੇ ਸਮਝ ਕੇ ਫੇਰ ਲਿਖੇ। ਗੁਰਸਿੱਖੀ ਦਾ ਸਿਮਰਨ ਇਹ ਹੈ ਕਿ ਸਤਿਗੁਰੂ ਦੇ ਸਿਖਿਆ-ਰੂਪ ਵੇਲਣੇ 'ਚੋਂ ਗੰਨੇ ਵਾਂਗ ਪੀੜਿਆ ਜਾ ਕੇ ਸੱਚਾ ਸ਼ਾਂਤੀ ਰੂਪ ਰਸ ਬਣ ਜਾਏ।

ਗੁਰਸਿੱਖੀ ਦਾ ਵਰਤਾਵਾ ਇਹ ਹੈ ਕਿ ਜਿਸ ਤਰ੍ਹਾਂ ਚੰਦਨ ਦੀ ਵਾਸ਼ਨਾ ਸਾਰਿਆਂ 'ਚ ਨਿਵਾਸ ਕਰ ਜਾਂਦੀ ਹੈ, ਇਸ ਤਰ੍ਹਾਂ ਸਾਰਿਆਂ 'ਚ ਇਕ ਨਿਰੰਕਾਰ ਨੂੰ ਰਮਿਆ ਹੋਇਆ ਜਾਣ ਕੇ ਸਭ ਨਾਲ ਪ੍ਰੇਮ ਕਰੇ।

ਗੁਰਸਿੱਖੀ ਦਾ ਸਮਝਣਾ ਇਹ ਹੈ ਕਿ ਸਮਝ ਵਾਲੀ ਬੁੱਧੀ ਦੀ ਭੀਖ ਪ੍ਰਾਪਤ ਕਰ ਕੇ ਵੀ, ਬੇਸਮਝ ਜਿਹਾ ਬਣਿਆ ਰਹੇ। ਸਾਧ ਸੰਗਤ 'ਚੋਂ ਗੁਰੂ ਸੱਚੇ ਪਾਤਿਸ਼ਾਹ

ਦਾ ਉਪਦੇਸ਼ ਸੁਣ ਕੇ ਨਾਮ ਜਪੇ, ਦਾਨ ਦਏ ਤੇ ਇਸ਼ਨਾਨ ਕਰ ਕੇ ਸ਼ੁਧ ਪਵਿੱਤਰ ਰਹੇ। ਇਸ ਤਰ੍ਹਾਂ ਕਰਨ ਨਾਲ ਭੂਤ, ਭਵਿੱਖ ਤੇ ਵਰਤਮਾਨ 'ਚੋਂ ਪਾਰ ਹੋ ਸਕੀਦਾ ਹੈ:

ਗੁਰਸਿਖੀ ਦਾ ਬੋਲਣਾ, ਹੋਇ ਮਿਠ ਬੋਲਾ ਲਿਖੈ ਨ ਲੇਖੈ॥
ਗੁਰਸਿਖੀ ਦਾ ਚਲਣਾ, ਚਲੈ ਭੈ ਵਿਚਿ ਲੀਤੇ ਭੇਖੈ॥
ਗੁਰਸਿਖੀ ਦਾ ਰਾਹੁ ਏਹੁ, ਗੁਰਮੁਖਿ ਚਾਲ ਚਲੈ ਸੋ ਦੇਖੈ॥
ਘਾਲਿ ਖਾਇ ਸੇਵਾ ਕਰੈ, ਗੁਰ ਉਪਦੇਸ ਅਵੇਸ ਵਿਸੇਖੈ॥
ਆਪੁ ਗਣਾਇ ਨ ਅਪੜੈ, ਆਪੁ ਗਵਾਏ ਰੂਪ ਨ ਰੇਖੈ॥
ਮੁਰਦੇ ਵਾਂਗ ਮੁਰੀਦ ਹੋਇ, ਗੁਰ ਗੋਰੀ ਵੜਿ ਅਲਖ ਅਲੇਖੈ॥
ਅੰਤੁ ਨ ਅੰਤੁ ਨ ਸੇਖ ਸਰੇਖੈ॥੬॥ *(ਵਾਰ ੨੮)*

ਗੁਰਸਿੱਖੀ ਵਿਚ ਬੋਲਣ ਦੀ ਮਰਯਾਦਾ ਇਹ ਹੈ ਕਿ ਮਿੱਠਾ ਬੋਲੇ ਅਤੇ ਮਿੱਠਾ ਬੋਲ ਕੇ ਲੇਖੇ ਵਿਚ ਨਾਂ ਲਿਖੇ ਕਿ ਮੈਂ ਮਿੱਠਬੋਲਾ ਹਾਂ।

ਗੁਰਸਿੱਖੀ ਦੀ ਚਾਲ ਇਹ ਹੈ ਕਿ ਗੁਰਸਿੱਖੀ ਦਾ ਭੇਖ ਲੈ ਕੇ, ਭਾਵ ਗੁਰਸਿੱਖੀ ਧਾਰਨ ਕਰ ਕੇ ਵਾਹਿਗੁਰੂ ਦੇ ਭੈ ਵਿਚ ਚੱਲੇ।

ਗੁਰਸਿੱਖੀ ਦਾ ਰਸਤਾ ਇਹ ਹੈ ਕਿ ਜਿਸ ਰਸਤੇ ਗੁਰਮੁਖ ਚੱਲਦੇ ਹੋਣ, ਉਨ੍ਹਾਂ ਵੱਲ ਦੇਖ ਕੇ ਉਸੇ ਰਾਹ 'ਤੇ ਚੱਲੇ।

ਗੁਰਸਿੱਖੀ ਲਈ ਅਤਿ ਜ਼ਰੂਰੀ ਹੈ ਕਿ ਦਸਾਂ ਨਹੁੰਆਂ ਦੀ ਕਮਾਈ ਕਰ ਕੇ ਖਾਏ, ਸੇਵਾ ਕਰੇ ਅਤੇ ਗੁਰੂ ਦੇ ਉਪਦੇਸ਼ ਵਿਚ ਵਿਸ਼ੇਸ਼ ਕਰਕੇ ਪ੍ਰਵੇਸ਼ ਕਰੇ।

ਗੁਰਸਿੱਖੀ ਲਈ ਇਹ ਸਮਝਣਾ ਅਤਿ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਗਿਣਾਇਆਂ ਮੰਜ਼ਲ 'ਤੇ ਨਹੀਂ ਅੱਪੜੀਦਾ, ਸਗੋਂ ਆਪੇ ਨੂੰ ਗਵਾ ਦਏ ਤੇ ਰੂਪ ਰੇਖ ਵਿਚ ਨਾ ਫਸਿਆ ਰਹੇ।

ਗੁਰਸਿਖ ਲਈ ਲਾਜ਼ਮੀ ਹੈ ਕਿ ਉਹ ਮੁਰੀਦ ਬਣੇ, ਪਰ ਮੁਰਦੇ ਵਰਗਾ। ਗੁਰੂ-ਰੂਪ ਕਬਰ 'ਚ ਪੈ ਕੇ ਅਲਖ ਤੇ ਅਲੇਖ ਹੋ ਜਾਏ।

ਕਿਉਂਕਿ ਵਾਹਿਗੁਰੂ ਦੇ ਅੰਤ ਦਾ ਅੰਤ ਸ਼ੇਸ਼ਨਾਗ ਵਰਗੇ ਵੀ ਨਹੀਂ ਪਾ ਸਕਦੇ।

ਗੁਰਸਿਖੀ ਦਾ ਸਿਖਣਾ, ਗੁਰੁ ਸਿਖ ਸਿਖਣ ਬਜਰ ਭਾਰਾ॥
ਗੁਰਸਿਖੀ ਦਾ ਲਿਖਣਾ, ਲੇਖੁ ਅਲੇਖੁ ਨ ਲਿਖਣ ਹਾਰਾ॥
ਗੁਰਸਿਖੀ ਦਾ ਤੋਲਣਾ, ਤੁਲਿ ਨ ਤੋਲਿ ਤੁਲੈ ਤੁਲ ਧਾਰਾ॥
ਗੁਰਸਿਖੀ ਦਾ ਦੇਖਣਾ, ਗੁਰਮੁਖਿ ਸਾਧ ਸੰਗਤਿ ਗੁਰਦਵਾਰਾ॥
ਗੁਰਸਿਖੀ ਦਾ ਚਖਣਾ, ਸਾਧ ਸੰਗਤਿ ਗੁਰੁ ਸਬਦੁ ਵੀਚਾਰਾ॥
ਗੁਰਸਿਖੀ ਦਾ ਸਮਝਣਾ, ਜੋਤੀ ਜੋਤਿ ਜਗਾਵਣਹਾਰਾ॥
ਗੁਰਮੁਖਿ ਸੁਖ ਫਲੁ ਪਿਰਮੁ ਪਿਆਰਾ॥੭॥ *(ਵਾਰ ੨੮)*

ਗੁਰਸਿੱਖੀ ਦਾ ਸਿਖਣਾ ਚੂੰਕਿ ਬਜਰ ਵਾਂਗ ਭਾਰਾ ਭਾਵ ਔਖਾ ਹੈ; ਇਸ ਕਰਕੇ ਇਸ ਨੂੰ ਗੁਰੂ ਦੇ ਸਿਖ ਹੀ ਸਿਖ ਸਕਦੇ ਹਨ।

ਗੁਰਸਿੱਖੀ ਲੇਖ ਅਲੇਖ ਹੈ, ਭਾਵ ਲਿਖਣ ਤੋਂ ਪਰੇ ਹੈ, ਜੋ ਕਿ ਲਿਖਣ 'ਚ ਨਹੀਂ ਆ ਸਕਦੀ ਤੇ ਨਾ ਹੀ ਕੋਈ ਇਸ ਨੂੰ ਲਿਖਣ ਵਾਲਾ ਹੈ।

ਗੁਰਸਿੱਖੀ ਨੂੰ ਤੋਲਣਾ ਚਾਹੀਏ ਤਾਂ ਤੋਲਿਆ ਨਹੀਂ ਜਾ ਸਕਦਾ, ਕਿਉਂਕਿ ਇਸ ਦੇ ਤੋਲਣ ਲਈ ਨਾ ਕੋਈ ਤੱਕੜੀ ਏ ਤੇ ਨਾ ਵੱਟਾ ਏ; ਇਸ ਕਰਕੇ ਸਿੱਖੀ ਤੋਲੀ ਨਹੀਂ ਜਾ ਸਕਦੀ। ਜੇ ਗੁਰਸਿੱਖੀ ਨੂੰ ਦੇਖਣਾ ਚਾਹੇ, ਤਾਂ ਗੁਰਮੁਖ ਬਣ ਕੇ ਸਾਧ ਸੰਗਤ ਕਰੇ ਤੇ ਗੁਰੂ ਦੀ ਕਿਰਪਾ ਦਾ ਪਾਤਰ ਬਣ ਕੇ ਗੁਰੂ ਦੀ ਰਾਹੀਂ ਦੇਖੇ।

ਜੇ ਗੁਰਸਿੱਖੀ ਦਾ ਰਸ ਚੱਖਣਾ ਚਾਹੇ, ਤਾਂ ਸਾਧ ਸੰਗਤ 'ਚ ਜਾ ਕੇ ਪ੍ਰੇਮ ਨਾਲ ਗੁਰੂ ਦੇ ਸ਼ਬਦ ਨੂੰ ਵਿਚਾਰੇ।

ਗੁਰਸਿੱਖੀ ਦਾ ਸਮਝ ਲੈਣਾ, 'ਜੋਤੀ' ਵਾਹਿਗੁਰੂ ਦੀ ਜੋਤਿ ਨੂੰ ਜਗਾਉਣ ਵਾਲਾ ਸ੍ਰੇਸ਼ਟ ਸਾਧਨ ਹੈ। ਗੁਰਸਿੱਖਾਂ ਨੂੰ 'ਪਿਰਮ' ਪਤੀ ਦਾ ਸੁਖ ਫਲ ਹੀ ਪਿਆਰਾ ਹੈ।

ਗੁਰਸਿਖੀ ਦਾ ਰੂਪ ਦੇਖਿ, ਇਕਸ ਬਾਝੁ ਨ ਹੋਰਸੁ ਦੇਖੈ॥
ਗੁਰਸਿਖੀ ਦਾ ਚਖਣਾ, ਲਖ ਅੰਮ੍ਰਿਤ ਫਲ ਫਿਕੇ ਲੇਖੈ॥
ਗੁਰਸਿਖੀ ਦਾ ਨਾਦੁ ਸੁਣਿ, ਲਖ ਅਨਹਦ ਵਿਸਮਾਦ ਅਲੇਖੈ॥
ਗੁਰਸਿਖੀ ਦਾ ਪਰਸਣਾ, ਠੰਢਾ ਤਤਾ ਭੇਖ ਅਭੇਖੈ॥
ਗੁਰ ਸਿਖੀ ਦੀ ਵਾਸੁ ਲੈ, ਹੁਇ ਦੁਰਗੰਧ ਸੁਗੰਧ ਸਰੇਖੈ॥
ਗੁਰਸਿਖੀ ਮਰ ਜੀਵਣਾ, ਭਾਇ ਭਗਤਿ ਭੈ ਨਿਮਖ ਨਿਮੇਖੈ॥
ਅਲਿਪ ਰਹੈ ਗੁਰ ਸਬਦ ਵਿਸੇਖੈ॥੯॥ *(ਵਾਰ ੨੮)*

ਜਿਨ੍ਹਾਂ ਨੇ ਗੁਰਸਿੱਖੀ ਦਾ ਰੂਪ ਦੇਖਿਆ, ਉਹ ਇਕ ਵਾਹਿਗੁਰੂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਦੇਖਦੇ। ਜਿਨ੍ਹਾਂ ਨੇ ਗੁਰਸਿੱਖੀ ਦੇ ਮਿੱਠੇ ਰਸ ਨੂੰ ਚਖਿਆ ਹੈ, ਉਨ੍ਹਾਂ ਲਈ ਲੱਖਾਂ ਅੰਮ੍ਰਿਤ ਫਲ ਫਿੱਕੇ ਤੇ ਬੇ-ਰਸੇ ਹਨ।

ਜਿਨ੍ਹਾਂ ਨੇ ਗੁਰਸਿੱਖੀ ਦਾ ਸ਼ਬਦ ਸੁਣਿਆ ਹੈ, ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ ਇਹ ਸ਼ਬਦ ਲੱਖਾਂ ਹੀ ਅਨਹਦ-ਵਾਜਿਆਂ ਤੋਂ ਅਸਚਰਜ ਤੇ ਅਲੇਖ ਹੈ।

ਜਿਨ੍ਹਾਂ ਨੇ ਗੁਰੂ ਦੀ ਸਿੱਖੀ ਪਰਸੀ ਹੈ, ਉਹ ਠੰਢੇ ਤੱਤੇ ਦੇ ਭੇਖ ਤੋਂ ਅਭੇਖ ਹੋ ਗਏ ਹਨ। ਜਿਨ੍ਹਾਂ ਨੇ ਗੁਰਸਿੱਖੀ ਦੀ ਸਰਵੋਤਮ ਵਾਸਨਾ ਲੈ ਲਈ ਏ, ਉਨ੍ਹਾਂ ਨੂੰ ਸੁਗੰਧੀ ਤੇ ਦੁਰਗੰਧੀ ਇਕ ਸਮਾਨ ਭਾਸਣ ਲੱਗ ਪਈਆਂ ਹਨ।

ਗੁਰਸਿੱਖੀ ਹੈ—ਸੰਸਾਰ ਵਲੋਂ ਮਰ ਕੇ, ਗੁਰਸਿੱਖੀ ਵਿਚ ਜੀਊਣਾ; ਜਿਨ੍ਹਾਂ ਨੇ ਇਉਂ ਕੀਤਾ ਹੈ, ਉਹ ਨਿਮਖ ਨਿਮਖ ਪ੍ਰੇਮਾ-ਭਗਤੀ ਕਰਦੇ ਅਤੇ ਭੈ ਵਿਚ ਰਹਿੰਦੇ ਹਨ। ਵਿਸ਼ੇਸ਼ ਕਰਕੇ ਗੁਰਾਂ ਦੇ ਸ਼ਬਦ ਨਾਲ ਲੱਗ ਕੇ ਸੰਸਾਰ ਵਲੋਂ ਅਲੇਪ ਰਹਿੰਦਾ ਹੈ।

ਗੁਰਮੁਖਿ ਸਚਾ ਪੰਥੁ ਹੈ, ਸਿਖੁ ਸਹਜ ਘਰਿ ਜਾਇ ਖਲੋਵੈ॥
ਗੁਰਮੁਖਿ ਸਚੁ ਰਹਿਰਾਸਿ ਹੈ, ਪੈਰੀਂ ਪੈ ਪਾਖਾਕੁ ਜੁ ਹੋਵੈ॥
ਗੁਰਸਿਖੀ ਦਾ ਨ੍ਹਾਵਣਾ, ਗੁਰਮਤਿ ਲੈ ਦੁਰਮਤਿ ਮਲੁ ਧੋਵੈ॥
ਗੁਰਸਿਖੀ ਦਾ ਪੂਜਣਾ, ਗੁਰਸਿਖ ਪੂਜ ਪਿਰਮ ਰਸੁ ਭੋਵੈ॥...

ਗੁਰਸਿਖੀ ਦਾ ਜੀਵਣਾ, ਜੀਵਦਿਆਂ ਮਰਿ ਹਉਮੈ ਖੋਵੈ ॥
ਸਾਧ ਸੰਗਤਿ ਗੁਰ ਸਬਦ ਵਿਲੋਵੈ ॥੯॥ (ਵਾਰ ੨੮)

ਗੁਰਸਿਖ ਦਾ ਰਸਤਾ ਸੱਚਾ ਹੈ, ਜਿਸ 'ਤੇ ਚੱਲ ਕੇ ਸਿਖ ਸੁਖੈਨ ਹੀ ਆਪਣੇ ਰੂਪ ਵਿਚ ਟਿਕ ਜਾਂਦਾ ਹੈ ਤੇ ਅਡੋਲ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

ਗੁਰਸਿੱਖਾਂ ਦੀ ਰਹਿਤ ਮਰਯਾਦਾ ਸੱਚੀ ਹੈ, ਜੋ ਇਕ ਦੂਜੇ ਦੇ ਪੈਰੀਂ ਪੈ ਕੇ ਪੈਰਾਂ ਦੀ ਖ਼ਾਕ ਹੋ ਜਾਂਦੇ ਹਨ, ਭਾਵ ਨਿਮਰਤਾ ਵਿਚ ਰਹਿੰਦੇ ਹਨ।

ਸਿਖ ਦਾ ਸੱਚਾ ਇਸ਼ਨਾਨ ਇਹ ਹੈ ਕਿ ਗੁਰੂ ਦੀ ਮਤ ਲੈ ਕੇ ਉਸ 'ਤੇ ਚੱਲ ਕੇ ਖੋਟੀ ਮਤ ਦੀ ਮੈਲ ਨੂੰ ਧੋ ਲੈਂਦੇ ਹਨ।

ਗੁਰੂ ਦੇ ਸਿਖ ਦੀ ਪੂਜਾ ਇਹ ਹੈ ਕਿ ਗੁਰੂ ਦੇ ਸਿਖ, ਭਾਵ ਆਪਣੇ ਗੁਰਭਾਈ ਦੀ ਪੂਜਾ ਕਰ ਕੇ ਪਿਆਰੇ ਦੇ ਰਸ ਨੂੰ ਭੋਗੇ।

ਸਿਖ ਦਾ ਸੱਚਾ ਜੀਵਨ ਇਹ ਹੈ ਕਿ ਜੀਊਂਦਾ ਹੀ ਮਰ ਜਾਏ, ਭਾਵ ਆਪਾ ਭਾਵ ਗਵਾ ਦਏ ਤੇ ਨਿਰਮਾਣ ਹੋ ਕੇ ਜੀਵਨ ਯਾਤਰਾ ਕਰੇ ਤੇ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਤੱਤ ਗ੍ਰਹਿਣ ਕਰੇ।

ਭਾਈ ਗੁਰਦਾਸ ਜੀ ਦੇ ਉਤਲੇ ਬਚਨਾਂ ਤੋਂ ਸਹਿਜੇ ਹੀ ਪਤਾ ਲਗਦਾ ਏ ਭਈ ਸਿੱਖੀ ਕੋਈ ਅਮੋਲ ਤੇ ਪਿਆਰੀ ਵਸਤੂ ਹੈ। ਇਹ ਕੋਈ ਅਗੰਮੀ ਪਿਆਰ ਹੁਲਾਰਾ ਹੈ, ਜੋ ਕਿਸੇ ਵਡਭਾਗੇ ਨੂੰ ਪ੍ਰਾਪਤ ਹੁੰਦਾ ਏ। ਕਿਸੇ ਉਚੇਰੇ ਮੰਡਲ ਦੀ ਗੁੱਝੀ ਪ੍ਰੇਮ ਬੁਝਾਰਤ ਹੈ, ਜਿਸ ਨੂੰ ਕੋਈ ਸੁਘੜ ਹੀ ਸਮਝ ਸਕਦਾ ਏ। ਕਈ ਵਾਰੀ ਅਸੀਂ ਵੇਖਾ ਵੇਖੀ ਕੇਸ ਦਾੜ੍ਹੀ ਤਾਂ ਰਖ ਲੈਂਦੇ ਹਾਂ, ਪਰ ਸਿੱਖੀ ਨੂੰ ਸਮਝਣ ਤੋਂ ਕਾਸਰ ਰਹਿੰਦੇ ਹਾਂ। ਨਿਰੇ ਕੇਸ ਰੱਖ ਲੈਣ ਦਾ ਨਾਂ ਸਿਖੀ ਨਹੀਂ, ਸਗੋਂ ਕੇਸ ਦਾੜ੍ਹੀ, ਤੇ ਕੱਛ ਕੜੇ ਦੀ ਰਹਿਤ ਤੋਂ ਅਗੇ ਸਿੱਖੀ ਅਜੇ ਹੋਰ ਦੂਰ ਹੈ। ਕੇਸ ਦਾੜ੍ਹੀ ਤੇ ਕੱਛ ਕੜੇ ਦੀ ਰਹਿਤ ਤਾਂ ਇਸ ਗੱਲ ਦੇ ਸੂਚਕ ਹਨ ਕਿ ਇਹ ਸਿਖ ਹੈ ਜਾਂ ਸਿਖ ਬਣਨ ਵਾਲੇ ਰਾਹ 'ਤੇ ਟੁਰ ਪਿਆ ਹੈ। ਕੇਵਲ ਕੱਛ ਕੜੇ 'ਤੇ ਹੀ ਸਿੱਖੀ ਦਾ ਅਖ਼ੀਰ ਨਹੀਂ ਸਮਝ ਲੈਣਾ ਚਾਹੀਦਾ। ਜੇ ਨਿਰਾ ਕੱਛ ਜਾਂ ਕੇਵਲ ਕੇਸ ਹੀ ਸਿੱਖੀ ਹੋਣ, ਫਿਰ ਕੇਸ ਤਾਂ ਕਈ ਅਮਰੀਕਨ ਤੇ ਅੰਗਰੇਜ਼ ਵੀ ਰੱਖੀ ਫਿਰਦੇ ਨੇ; ਪਰ ਉਹ ਸਿਖ ਨਹੀਂ। ਜੇ ਕੇਵਲ ਕੱਛਾ ਹੀ ਸਿੱਖੀ ਹੈ ਤਾਂ ਕੱਛਾ ਸਾਰਾ ਯੂਰਪ ਪਾਈ ਫਿਰਦਾ ਹੈ, ਪਰ ਉਹ ਸਿਖ ਨਹੀਂ ਅਖਵਾ ਸਕਿਆ। ਸਗੋਂ ਅੱਜ-ਕੱਲ੍ਹ ਤਾਂ ਭਾਰਤਵਾਸੀ ਵੀ ਆਮ ਕਰਕੇ ਕੱਛਾ ਪਾਉਂਦੇ ਹੀ ਹਨ ਪਰ ਸਾਰੇ ਭਾਰਤੀ ਸਿਖ ਨਹੀਂ, ਸਗੋਂ ਸਿੱਖੀ ਤੋਂ ਕੋਹਾਂ ਦੂਰ ਹਨ। ਕੇਸ, ਦਾੜ੍ਹੀ ਤੇ ਕੱਛ ਕੜਾ ਸਿੱਖੀ ਦੇ ਬਾਹਰਲੇ ਨਿਸ਼ਾਨ ਹਨ, ਜਿਨ੍ਹਾਂ ਤੋਂ ਪਤਾ ਲੱਗ ਸਕੇ ਕਿ ਇਸ ਨੇ ਸਿੱਖੀ ਕਮਾ ਲਈ ਹੈ ਜਾਂ ਕਮਾਉਣ ਲੱਗਾ ਹੈ। ਮੁਕੰਮਲ ਤੇ ਪੂਰਾ ਸਿਖ ਉਦੋਂ ਬਣੇਗਾ ਜਦੋਂ ਬਾਹਰਲੀ ਸਿੱਖੀ ਦੇ ਨਾਲ ਨਾਲ ਅੰਦਰਲੀ ਸਿੱਖੀ ਵਿਚ ਵੀ ਨਿਪੁੰਨ ਤੇ ਭਰਪੂਰ ਹੋਵੇ। ਕੇਵਲ ਬਾਹਰਲੀ ਸਿੱਖੀ ਦਿਖਾਵਾ ਹੈ, ਸਗੋਂ ਧੋਖਾ ਦੇਣ ਦੇ ਬਰਾਬਰ। ਕਈ ਵਾਰੀ ਬਾਹਰਲੀ ਸਿੱਖੀ 'ਤੇ ਰੀਝ ਕੇ ਦੂਜੇ ਇਤਬਾਰ ਕਰ ਲੈਂਦੇ ਨੇ ਤੇ ਬਾਹਰਲੀ ਸਿੱਖੀ ਵਾਲਾ ਉਨ੍ਹਾਂ ਨਾਲ ਦਗ਼ਾ ਕਰਨਾ ਚਾਹੁੰਦਾ ਹੈ, ਪਰ ਬਦਨਾਮ ਹੋ ਜਾਂਦੇ ਨੇ ਸਾਰੇ ਸਿਖ; ਐਸਾ ਕਿਉਂ ਹੋਇਆ ? ਕੇਵਲ ਇਸ ਲਈ ਕਿ ਬਾਹਰਲੀ ਸਿੱਖੀ ਵਾਲਾ ਸਿਖ ਨਹੀਂ ਸੀ। ਸੋ ਅੰਦਰਲੀ

ਸਿੱਖੀ ਤੋਂ ਬਿਨਾ ਦਿਖਾਵੇ ਦੀ ਸਿੱਖੀ ਧੋਖਾ ਹੈ। ਇਸ ਲਈ ਪੂਰਨ ਸਿਖ ਬਣਨ ਲਈ ਅੰਤਰੀਵ ਸਿੱਖੀ ਦਾ ਸਿਖਣਾ ਅਤਿਅੰਤ ਜ਼ਰੂਰੀ ਹੈ ਤਾਕਿ ਸਿਖ ਸਹੀ ਅਰਥਾਂ ਵਿਚ ਸਿਖ ਬਣ ਸਕੇ। ਇਸ ਦਾ ਮਤਲਬ ਇਹ ਵੀ ਨਹੀਂ ਭਈ ਅੰਦਰ ਦੀ ਸਿੱਖੀ ਸਿੱਖਣ ਲਈ ਬਾਹਰ ਦੀ ਸਿੱਖੀ ਦੀ ਕੋਈ ਲੋੜ ਨਹੀਂ। ਸਗੋਂ ਬਾਹਰਲੀ ਸਿੱਖੀ ਦੀ ਵੀ ਓਨੀ ਲੋੜ ਹੈ, ਜਿੰਨੀ ਕਿ ਅੰਦਰਲੀ ਦੀ, ਕਿਉਂਕਿ ਇਸ ਨੇ ਪ੍ਰਗਟ ਕਰਨਾ ਹੈ ਕਿ ਇਹ ਸਿਖ ਹੈ। ਪਰ ਹੁਣ ਸਵਾਲ ਉਠੇਗਾ ਕਿ ਅੰਦਰਲੀ ਸਿੱਖੀ ਕਿਹੜੀ ਹੈ ਜਿਸ ਨੂੰ ਧਾਰਨ ਕੀਤਾ ਤੇ ਕਮਾਇਆ ਜਾਏ। ਇਸ ਸਵਾਲ ਦਾ ਜਵਾਬ ਭਾਈ ਗੁਰਦਾਸ ਜੀ ਨੇ ਇਸ ਪ੍ਰਕਾਰ ਦਿਤਾ ਹੈ:

ਧਰਤੀ ਪੈਰਾ ਹੇਠਿ ਹੈ, ਧਰਤੀ ਹੇਠਿ ਵਸੰਦਾ ਪਾਣੀ॥
ਪਾਣੀ ਚਲੈ ਨੀਵਾਣ ਨੋ, ਨਿਰਮਲੁ ਸੀਤਲੁ ਸੁਧੁ ਪ੍ਰਾਣੀ॥
ਬਹੁ ਰੰਗੀ ਇਕ ਰੰਗੁ ਹੈ, ਸਭਨਾ ਅੰਦਰਿ ਇਕੋ ਜਾਣੀ॥
ਤਤਾ ਹੋਵੈ ਧੁਪ ਵਿਚਿ, ਛਾਵੈ ਠੰਢਾ ਵਿਰਤੀ ਹਾਣੀ॥
ਤਪਦਾ ਪਰਉਪਕਾਰ ਨੋ, ਠੰਢੇ ਪਰਉਪਕਾਰ ਵਿਹਾਣੀ॥
ਅਗਨਿ ਬੁਝਾਇ ਤਪਤਿ ਵਿਚਿ, ਠੰਢਾ ਹੋਵੈ ਬਿਲਮੁ ਨ ਆਣੀ॥
ਗੁਰਸਿਖੀ ਦੀ ਏਹੁ ਨੀਸਾਣੀ॥੧੩॥ *(ਵਾਰ ੨੮)*

ਧਰਤੀ ਪੈਰਾਂ ਦੇ ਹੇਠਾਂ ਹੈ, ਭਾਵ ਗ਼ਰੀਬੀ ਹੈ। ਹਿੰਦੂ, ਮੁਸਲਮਾਨ, ਈਸਾਈ, ਕੋਈ ਵੀ ਹੈ, ਧਰਤੀ ਸਭ ਦੇ ਪੈਰਾਂ ਹੇਠ ਹੈ; ਏਥੋਂ ਤਕ ਕਿ ਪੁੰਨੀ ਪਾਪੀ, ਚੰਗੇ ਮੰਦੇ ਸ਼ਾਹ ਕੰਗਾਲ, ਭਾਵੇਂ ਕੋਈ ਕਿਉਂ ਨਾ ਹੋਵੇ, ਧਰਤੀ ਸਭ ਦੇ ਪੈਰਾਂ ਥੱਲੇ ਵਸਦੀ ਏ, ਬੜੀ ਨਿਰਮਾਣ ਤੇ ਗ਼ਰੀਬ ਹੈ। ਪਰ ਪਾਣੀ ਇਸ ਤੋਂ ਗ਼ਰੀਬ ਹੈ ਜੋ ਧਰਤੀ ਦੇ ਵੀ ਥੱਲੇ ਵਸਦਾ ਏ। ਕਿਲ੍ਹੇ ਕੋਟ, ਪਿੰਡ ਗਰਾਂ, ਪੱਥਰ ਪਹਾੜ ਤੇ ਰੁੱਖਾਂ ਆਦਿਕ ਨੂੰ, ਸਮੇਤ ਧਰਤੀ ਦੇ ਆਪਣੇਂ ਸਿਰ 'ਤੇ ਚੁਕੀ ਫਿਰਦਾ ਏ। ਪਾਣੀ ਵਿਚ ਸਭ ਤੋਂ ਪਹਿਲਾ ਗੁਣ ਇਹ ਹੈ ਕਿ ਉਹ ਸਭ ਤੋਂ ਗ਼ਰੀਬ ਹੈ। ਹੰਕਾਰ ਤੋਂ ਰਹਿਤ ਤੇ ਪਰਉਪਕਾਰੀ ਹੈ। ਦੂਜਾ ਗੁਣ ਪਾਣੀ ਵਿਚ ਇਹ ਹੈ ਕਿ ਉਹ ਨੀਵੇਂ ਪਾਸੇ ਨੂੰ ਜਾਂਦਾ ਏ। ਉੱਚੇ ਟਿਬੇ ਛਡ ਕੇ ਨੀਵੀਆਂ ਛਪੜੀਆਂ 'ਚ ਜਾ ਟਿਕਦਾ ਏ। ਮੂਸਲਾਧਾਰ ਮੀਂਹ ਵਰ੍ਹਨ 'ਤੇ ਵੀ ਟਿਬੇ ਸੁਕੇ ਦੇ ਸੁਕੇ ਰਹਿ ਜਾਂਦੇ ਨੇ ਪਰ ਨੀਵੀਆਂ ਥਾਵਾਂ ਡਕਾ ਡਕ ਭਰ ਜਾਂਦੀਆਂ ਨੇ।

ਪਾਣੀ ਦਾ ਤੀਜਾ ਗੁਣ ਹੈ ਨਿਰਮਲ ਹੋਣਾ; ਮੀਂਹ ਕਰਕੇ ਛੱਪੜਾਂ ਤੇ ਨਦੀਆਂ ਨਾਲਿਆਂ ਦਾ ਪਾਣੀ ਗੰਧਲਾ ਤੇ ਮੈਲਾ ਹੋ ਜਾਂਦਾ ਏ, ਪਰ ਥੋੜ੍ਹੇ ਹੀ ਚਿਰ ਪਿਛੋਂ ਕੂੰਗੂ ਵਰਗਾ ਸਾਫ਼ ਹੋ ਜਾਂਦਾ ਹੈ। ਧੋਬੀ ਜਿਸ ਤਲਾਅ ਵਿਚ ਕਪੜੇ ਧੋਂਦਾ ਏ, ਉਸ ਤਲਾਅ ਦਾ ਪਾਣੀ ਮੈਲਾ ਹੋ ਜਾਂਦਾ ਹੈ, ਕਿਉਂਕਿ ਉਸ ਵਿਚ ਕਪੜਿਆਂ ਦੀ ਮੈਲ ਮਿਲ ਜਾਂਦੀ ਹੈ। ਪਰ ਧੋਬੀ ਦੇ ਚਲੇ ਜਾਣ 'ਤੇ ਥੋੜ੍ਹਾ ਹੀ ਚਿਰ ਪਿਛੋਂ ਪਾਣੀ ਕਪੂਰ ਵਾਂਗ ਸਾਫ਼ ਹੋ ਜਾਂਦਾ ਏ ਤੇ ਮੈਲ ਥੱਲੇ ਬੈਠ ਜਾਂਦੀ ਏ।

ਪਾਣੀ ਦਾ ਚੌਥਾ ਗੁਣ ਹੈ ਸੀਤਲ ਹੋਣਾ; ਗਰਮੀ ਵਿਚ ਪਿਆਸ ਨਾਲ ਬੇਹਾਲ ਹੋਇਆ ਮਨੁੱਖ ਜਿਸ ਵੇਲੇ ਪਾਣੀ ਪੀ ਲੈਂਦਾ ਏ, ਤਪਸ਼ ਮਿਟ ਕੇ ਠੰਢ ਪੈ ਜਾਂਦੀ ਏ। ਕਿਉਂਕਿ ਪਾਣੀ ਸੀਤਲ ਹੈ। ਬਗ਼ੈਰ ਵਿਤਕਰੇ ਦੇ ਊਚ-ਨੀਚ ਸਭ ਦੀ ਪਿਆਸ ਬੁਝਾ

ਦਿੰਦਾ ਏ, ਕਦੇ ਨਹੀਂ ਸੋਚਦਾ, ਭਈ, ਗ਼ਰੀਬ ਨੂੰ ਘੱਟ ਤੇ ਅਮੀਰ ਨੂੰ ਬਹੁਤਾ ਸੁਖ ਦਿਆਂ।

ਪਾਣੀ ਦਾ ਪੰਜਵਾਂ ਗੁਣ ਹੈ ਮਨੁੱਖ ਦੇ ਤਨ ਨੂੰ ਸ਼ੁਧ ਕਰਨਾ। ਜੋ ਕੋਈ ਪਾਣੀ 'ਚ ਇਸ਼ਨਾਨ ਕਰਦਾ ਹੈ, ਉਸਦਾ ਪੰਜ ਭੂਤਕ ਸਰੀਰ ਸ਼ੁਧ ਹੋ ਜਾਂਦਾ ਹੈ। ਪਾਣੀ ਨੂੰ ਮਨ ਦੀ ਸ਼ੁਧੀ ਦਾ ਸਾਧਨ ਜਾਣ ਕੇ ਤੀਰਥ ਪਰਸਣੇ ਭੁਲੇਖਾ ਤੇ ਬੇਸਮਝੀ ਹੈ। ਪਾਣੀ ਤਾਂ ਕੇਵਲ ਤਨ ਦੀ ਸ਼ੁਧੀ ਦਾ ਸਾਧਨ ਹੈ। ਜੋ ਲੋਕ ਪਾਣੀ ਦੇ ਇਸ਼ਨਾਨ 'ਚੋਂ ਮਨ ਦੀ ਸ਼ੁਧੀ ਲਭਦੇ ਨੇ, ਉਨ੍ਹਾਂ ਵਾਸਤੇ ਹਜ਼ੂਰ ਨੇ ਇਉਂ ਫ਼ੁਰਮਾਇਆ ਹੈ:

ਪਾਪ ਕਰਹਿ ਪੰਚਾਂ ਕੇ ਬਸਿ ਰੇ॥
ਤੀਰਥਿ ਨਾਇ ਕਹਹਿ ਸਭਿ ਉਤਰੇ॥
ਬਹੁਰਿ ਕਮਾਵਹਿ ਹੋਇ ਨਿਸੰਕ॥
ਜਮਪੁਰਿ ਬਾਂਧਿ ਖਰੇ ਕਾਲੰਕ॥ *(ਪ੍ਰਭਾਤੀ ਮ: ੫, ਪੰਨਾ ੧੩੪੮)*

ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ, ਫਿਰਿ ਫਿਰਿ ਜੂਨੀ ਆਵਹਿ॥
(ਆਸਾ ਕਬੀਰ, ਪੰਨਾ ੪੮੪)

ਸੋ ਪਾਣੀ ਤਨ ਸ਼ੁਧ ਕਰਦਾ ਹੈ, ਮਨ ਨਹੀਂ। ਮਨ ਦੀ ਸ਼ੁਧੀ ਦਾ ਸਾਧਨ ਹੈ ਨਾਮ ਅਭਿਆਸ ਤੇ ਕੇਵਲ ਨਾਮ ਅਭਿਆਸ।

ਪਾਣੀ ਦਾ ਛੇਵਾਂ ਗੁਣ ਹੈ; ਬਹੁਤਿਆਂ ਰੰਗਾਂ ਵਿਚ ਵੀ ਇਕ ਰੰਗ ਰਹਿਣਾ। ਇਕ ਰੰਗ ਰਹਿਣ ਦੇ ਅਮੋਲਕ ਗੁਣ ਨੂੰ ਸਦਾ ਸਾਂਭ ਕੇ ਰਖਣਾ। ਕਈ ਇਕ ਰੰਗਾਂ ਦੀ ਸੰਗਤ ਕਰਕੇ ਵੀ ਚਿੱਟੇ ਦਾ ਚਿੱਟਾ ਰਹਿਣਾ। ਭਾਵੇਂ ਵੀਹ ਗਲਾਸਾਂ 'ਚ ਪਾਣੀ ਪਾ ਕੇ ਉਨ੍ਹਾਂ 'ਚ ਵਖੋ ਵਖਰੇ ਰੰਗ ਪਾ ਦਿਤੇ ਜਾਣ ਪਰ ਪਾਣੀ ਥੋੜ੍ਹੇ ਚਿਰ ਲਈ ਤਾਂ ਵੈਸਾ ਹੀ ਨਜ਼ਰ ਆਵੇਗਾ, ਜੈਸਾ ਉਹਦੇ ਵਿਚ ਰੰਗ ਪਾਇਆ ਗਿਆ ਹੋਵੇ। ਪਰ ਕੁਝ ਚਿਰ ਪਿਛੋਂ ਵੀਹਾਂ ਗਲਾਸਾਂ ਦਾ ਰੰਗ ਥੱਲੇ ਬਹਿ ਜਾਏਗਾ, ਤੇ ਪਾਣੀ ਫਿਰ ਚਿੱਟਾ ਨਜ਼ਰ ਆਵੇਗਾ। ਪਾਣੀ ਨੇ ਵੀਹਾਂ ਰੰਗਾਂ ਦੀ ਸੰਗਤ ਕੀਤੀ ਪਰ ਅਸਲੀ ਰੰਗ ਚਿਟਾ-ਪਣ ਨਹੀਂ ਤਿਆਗਿਆ, ਸਗੋਂ ਸਾਂਭ ਰਖਿਆ।

ਪਾਣੀ ਦਾ ਸਤਵਾਂ ਗੁਣ ਹੈ; ਸਾਰੀ ਬਨਸਪਤੀ ਵਿਚ ਇਕ-ਰਸ ਵਿਆਪਕ ਹੋਣਾ। ਕਿਸੇ ਪ੍ਰਕਾਰ ਦੀ ਕੋਈ ਵੀ ਬਨਸਪਤੀ ਕਿਉਂ ਨਾ ਹੋਵੇ, ਪਾਣੀ ਸਭ ਵਿਚ ਇਕੋ ਹੀ ਹੈ। ਬਨਸਪਤੀ ਆਪਣੇ ਸੁਭਾਅ ਅਨੁਸਾਰ ਪਾਣੀ ਵਿਚੋਂ ਗੁਣ ਲੈ ਲੈਂਦੀ ਏ ਪਰ ਪਾਣੀ ਸਭ ਵਿਚ ਇਕੋ ਹੀ ਹੈ। ਧਤੂਰਾ ਜ਼ਹਿਰ ਤੇ ਤੁੰਮਾ ਕੁੜੱਤਣ ਲੈ ਲੈਂਦਾ ਏ। ਨਿੰਬੂ ਤੇ ਗਲਗਲਾਂ ਖਟਾਈ ਲੈ ਜਾਂਦੀਆਂ ਨੇ। ਹਰੜਾਂ, ਬਹੇੜੇ ਤੇ ਆਮਲੇ, ਕਬਜ਼ ਕੁਸ਼ਾਈ ਲੈ ਜਾਂਦੇ ਨੇ। ਕਾਜੂ, ਛੁਆਰੇ ਤੇ ਚਿਲਗੋਜ਼ੇ ਗਰਮੀ ਖਿਚ ਲੈਂਦੇ ਹਨ। ਅੰਬ, ਅਨਾਰ ਤੇ ਅਲੂਚਾ ਮੋਹਤ-ਦਿਲੀ ਲੈ ਜਾਂਦੇ ਨੇ; ਪਰ ਪਾਣੀ ਸਭ ਵਿਚ ਇਕੋ ਹੀ ਹੈ ਤੇ ਸਮਾਨ ਰੂਪ ਹੋ ਕੇ ਵਿਆਪਕ ਹੈ।

ਪਾਣੀ ਦਾ ਅਠਵਾਂ ਗੁਣ ਹੈ ਕਿ ਧੁੱਪ ਦੀ ਸੰਗਤ ਨਾਲ ਤੱਤਾ ਹੋ ਜਾਂਦਾ ਏ, ਸੰਗਤ ਦੇ ਅਸਰ ਨੂੰ ਕਬੂਲ ਕਰਦਾ ਏ ਤੇ ਭਲਾਈ ਦੀ ਖ਼ਾਤਰ ਤੱਤਾ ਹੋ ਜਾਂਦਾ ਏ।

ਕਿਤਨੇ ਕੋਮਲ ਸੁਭਾਅ ਦਾ ਮਾਲਕ ਹੈ ਕਿ ਧੁੱਪੇ ਰਖਿਆਂ ਆਪਣਾ ਨਿਜੀ ਸੁਭਾਅ ਛੱਡ ਕੇ ਤੱਤਾ ਹੋਣ ਵਿਚ ਹਿਚ-ਕਚਾਹਟ ਨਹੀਂ ਕਰਦਾ, ਸਗੋਂ ਪ੍ਰਸੰਨਤਾ ਸਮਝਦਾ ਹੈ।

ਪਾਨੀ ਦਾ ਨੌਵਾਂ ਗੁਣ ਹੈ ਕਿ ਛਾਂ ਦੀ ਸੰਗਤ ਕਰ ਕੇ ਠੰਢਾ ਰਹਿੰਦਾ ਹੈ। ਪਾਨੀ ਦੀਆਂ ਦੋ ਛਪੜੀਆਂ ਹੋਣ, ਇਕ ਧੁੱਪੇ ਤੇ ਇਕ ਕਿਸੇ ਦਰਖ਼ਤ ਦੀ ਛਾਵੇਂ। ਧੁੱਪ ਵਾਲੀ ਛਪੜੀ ਦਾ ਤੱਤਾ ਤੇ ਛਾਂ ਵਾਲੀ ਦਾ ਪਾਨੀ ਠੰਢਾ ਹੋਵੇਗਾ, ਇਹ:

ਸੰਗਤਿ ਕਾ ਗੁਨੁ ਬਹੁਤੁ ਅਧਕਾਈ....॥ *(ਨਟ ਮ: ੪, ਪੰਨਾ ੬੮੧)*

ਸੰਗਤ ਕਰਨ ਦੀ ਜਾਚ ਦੱਸਣ ਵਿਚ ਪਾਨੀ ਉਸਤਾਦ ਦਾ ਕੰਮ ਕਰਦਾ ਹੈ।

ਪਾਨੀ ਦਾ ਦਸਵਾਂ ਗੁਣ ਹੈ ਪਰਉਪਕਾਰ; ਜੇ ਤੱਤਾ ਹੁੰਦਾ ਹੈ ਤਾਂ ਪਰਉਪਕਾਰ ਦੀ ਖ਼ਾਤਰ। ਸਰਦੀ ਦੇ ਦਿਨਾਂ 'ਚ ਖੂਹਾਂ ਦਾ ਪਾਨੀ ਗਰਮ ਨਿਕਲਦਾ ਏ। ਪਰਉਪਕਾਰੀ ਨੇ ਸੋਚ ਲਿਆ ਕਿ ਜੇ ਸਰਦੀ ਵਿਚ ਮੈਂ ਵੀ ਸਰਦ ਹੀ ਰਿਹਾ ਤਾਂ ਪੀਣ ਵਾਲਿਆਂ ਪੀਣਾ ਨਹੀਂ ਤੇ ਨਹਾਉਣ ਵਾਲਿਆਂ ਨਹਾਉਣਾ ਨਹੀਂ, ਜਿਸ ਕਰਕੇ ਦੋਵੇਂ ਦੁਖੀ ਰਹਿਣਗੇ। ਸਰਦੀ ਦੇ ਦਿਨਾਂ 'ਚ ਗਰਮ ਹੋ ਜਾਣਾ ਹੀ ਲਾਭਦਾਇਕ ਹੈ। ਸੋ ਪਰਾਈ ਭਲਾਈ ਵਾਸਤੇ ਪਾਨੀ ਗਰਮ ਹੋ ਜਾਂਦਾ ਏ ਤੇ ਨੇਕੀ ਕਰਦਾ ਏ।

ਪਾਨੀ ਦਾ ਯਾਰ੍ਹਵਾਂ ਗੁਣ ਹੈ ਕਿ ਪਰਉਪਕਾਰ ਕਰਨ ਲਈ ਸਮੇਂ ਦੇ ਮੁਤਾਬਕ ਠੰਢਿਆਂ ਹੋ ਜਾਣਾ। ਗਰਮੀ ਦੇ ਦਿਨਾਂ ਵਿਚ ਸੂਰਜ ਦੇਵਤਾ ਆਪਣੇ ਜੋਬਨ 'ਤੇ ਹੁੰਦਾ ਹੈ, ਜੋ ਧਰਤੀ ਨੂੰ ਤਾਂਬੇ ਵਾਂਗ ਲਾਲ ਕਰ ਦਿੰਦਾ ਏ। ਕੱਲਰ ਤੇ ਬਾਲੂ ਵਾਲੀਆਂ ਧਰਤੀਆਂ ਸੇਕ ਛੱਡਣ ਲੱਗ ਪੈਂਦੀਆਂ ਨੇ, ਖ਼ੁਸ਼ਕ ਪਹਾੜਾਂ ਤੋਂ ਆਏ ਹੋਏ ਬੁੱਲੇ, ਗਲਾ ਸੁਕਾਈ ਚਲੇ ਜਾਂਦੇ ਨੇ। ਬੀਆਬਾਨਾਂ 'ਚ ਪਸ਼ੂ ਪੰਛੀ ਬਲਊਂ ਬਲਊਂ ਕਰਦੇ ਫਿਰਦੇ ਨੇ। ਜੇ ਐਸੀ ਭਿਆਨਕ ਗਰਮੀ ਵਿਚ ਪਾਨੀ ਵੀ ਗਰਮ ਹੀ ਹੋਵੇ ਤਾਂ ਜਾਨਦਾਰਾਂ ਨੂੰ ਸੁਪਨੇ ਵਿਚ ਵੀ ਸੁੱਖ ਨਾ ਮਿਲ ਸਕੇ। ਪਰ ਪਾਨੀ ਪਰਉਪਕਾਰੀ ਹੋਣ ਕਰਕੇ ਗਰਮੀ ਵਿਚ ਠੰਢਾ ਹੋ ਕੇ ਜੀਵ-ਜੰਤੂਆਂ ਨੂੰ ਸੁੱਖ ਦਿੰਦਾ ਹੈ।

ਪਾਨੀ ਦਾ ਬਾਰ੍ਹਵਾਂ ਗੁਣ ਹੈ ਕਿ ਆਪ ਤੱਤਾ ਹੁੰਦਿਆਂ ਹੋਇਆਂ ਵੀ ਅੱਗ ਨੂੰ ਬੁਝਾ ਦਿੰਦਾ ਏ; ਭਾਵ ਅੱਗ ਨੂੰ ਬੁਝਾਉਣ ਵਿਚ ਸਮਰੱਥ ਤੇ ਤਿਆਰ-ਬਰ-ਤਿਆਰ ਰਹਿੰਦਾ ਏ। ਆਪ ਭਾਵੇਂ ਖੌਲਦਾ ਹੋਵੇ, ਅੱਗ ਦੇ ਸੇਕ ਨਾਲ ਅੱਗ ਵਰਗਾ ਹੀ ਬਣ ਗਿਆ ਹੋਵੇ, ਕਿਸੇ ਦੇ ਬਦਨ 'ਤੇ ਪੈਂਦਿਆਂ ਹੀ ਛਾਲੋ ਛਾਲੀ ਕਰ ਦਏ, ਪਰ ਅੱਗ 'ਤੇ ਪਾਇਆਂ ਉਸ ਨੂੰ ਬੁਝਾ ਦਿੰਦਾ ਹੈ। ਏਸ ਕਰਕੇ ਫ਼ਰਜ਼ ਤੋਂ ਕਦੇ ਵੀ ਕੁਤਾਹੀ ਨਹੀਂ ਕਰਦਾ।

ਪਾਨੀ ਦਾ ਤੇਰ੍ਹਵਾਂ ਗੁਣ ਹੈ ਕਿ ਠੰਢਾ ਹੁੰਦਿਆਂ ਵੀ ਅੱਗ ਬੁਝਾਉਣ ਵੇਲੇ ਦੇਰੀ ਨਾ ਕਰਨੀ, ਸਗੋਂ ਇਸ ਨੂੰ ਆਪਣਾ ਧਰਮ ਜਾਣ ਕੇ ਪਾਲਣਾ ਕਰਨੀ ਤੇ ਲੋਕਾਂ ਨੂੰ ਦੱਸਣਾ ਕਿ ਆਪਣਾ ਫ਼ਰਜ਼ ਕਿਸ ਤਰ੍ਹਾਂ ਪੂਰਾ ਕਰਨਾ ਚਾਹੀਦਾ ਹੈ, ਭਾਵੇਂ ਠੰਢਾ ਤੇ ਭਾਵੇਂ ਤੱਤਾ, ਅੱਗ ਬੁਝਾਉਣ ਲਈ ਦੋਵਾਂ ਹਾਲਤਾਂ ਵਿਚ ਸਮਰੱਥ ਹੈ। ਕਿੱਡੀ ਵੱਡੀ ਖ਼ੂਬੀ ਤੇ ਕਿੰਨਾ ਉੱਚਾ ਗੁਣ ਹੈ ਕਿ ਆਪ ਭਾਵੇਂ ਕਿਸੇ ਵੀ ਹਾਲਤ ਵਿਚ ਕਿਉਂ ਨਾ ਹੋਵੇ ਆਪਣੇ ਫ਼ਰਜ਼ ਤੋਂ ਕਦੇ ਵੀ ਗ਼ਾਫ਼ਲ ਨਹੀਂ ਹੁੰਦਾ।

ਉਪਰ ਕਥਨ ਕੀਤੇ ਤੇਰ੍ਹਾਂ ਗੁਣਾਂ ਨੂੰ ਭਾਈ ਗੁਰਦਾਸ ਜੀ ਨੇ ਗੁਰਸਿੱਖੀ ਦੀ ਨਿਸ਼ਾਨੀ ਦੱਸਿਆ ਹੈ, ਭਾਵ ਕਿ ਪੂਰਨ ਸਿਖ ਬਣਨ ਲਈ ਰਹਿਤ ਮਰਯਾਦਾ ਦੇ ਨਾਲ ਇਨ੍ਹਾਂ ਤੇਰ੍ਹਾਂ ਗੁਣਾਂ ਦਾ ਹੋਣਾ ਜ਼ਰੂਰੀ ਹੈ। ਅੰਮ੍ਰਿਤ-ਪਾਨ ਕਰ ਕੇ, ਪੰਜ ਕਕਾਰ ਦੀ ਰਹਿਤ ਰਖ ਕੇ, ਚਾਰ ਬੱਜਰ ਕੁਰਹਿਤਾਂ ਤੋਂ ਬਚ ਕੇ, ਛੇਆਂ ਮੇਲਾਂ ਤੋਂ ਵੱਖਰਾ ਰਹਿ ਕੇ, ਇਨ੍ਹਾਂ ਤੇਰ੍ਹਾਂ ਗੁਣਾਂ ਵਿਚ ਭਰਪੂਰ, ਭਾਂਡੇ ਬਣਨ ਦਾ ਨਾਂ ਪੂਰਨ ਸਿੱਖੀ ਹੈ; ਜਿਸਦਾ ਕਮਾਉਣਾ ਅਤਿ ਕਠਨ ਹੈ। ਭਾਈ ਜੀ ਐਵੇਂ ਤਾਂ ਨਹੀਂ ਲਿਖਦੇ ਪਏ :

ਗੁਰਸਿਖੀ ਬਾਰੀਕ ਹੈ, ਸਿਲ ਚੱਟਣ ਫਿਕੀ॥
ਤਿਖੀ ਖੰਡੇਧਾਰ ਹੈ, ਉਹੁ ਵਾਲਹੁ ਨਿਕੀ॥੨॥ *(ਵਾਰ ੯)*

ਪਰ ਹਾਂ ! ਗੁਰੂ ਦੇ ਸਿੱਖਾਂ ਨੇ ਇਸ ਕਠਨ ਸਿੱਖੀ ਨੂੰ ਹੂ-ਬ-ਹੂ ਕਮਾ ਕੇ ਦਸਿਆ ਹੈ। ਪੁਰਾਣੇ ਸਿੱਖਾਂ ਦੇ ਅਮਲੀ ਜੀਵਨ ਵੱਲ ਝਾਤ ਪਾਇਆਂ ਮਨ ਹੈਰਾਨ ਤੇ ਵਿਸਮਾਦ ਵਿਚ ਪੈ ਕੇ ਸੋਚਣ ਲੱਗ ਜਾਂਦਾ ਏ, ਭਈ ਉਨ੍ਹਾਂ ਗੁਰੂ ਪਿਆਰਿਆਂ ਨੇ ਇਹ ਕਠਨ ਤੱਪ ਕਿਵੇਂ ਕੀਤਾ ਹੋਵੇਗਾ। ਭਾਈ ਗੁਰਦਾਸ ਜੀ ਦੇ ਕਥਨ ਕੀਤੇ ਤੇਰ੍ਹਾਂ ਗੁਣਾਂ ਨੂੰ ਗੁਰੂ ਦਿਆਂ ਸਿੱਖਾਂ ਨੇ ਪੂਰਨ ਤੌਰ 'ਤੇ ਅਮਲ ਵਿਚ ਲਿਆ ਕੇ ਦੱਸ ਦਿੱਤਾ ਹੈ ਕਿ 'ਗੁਰ ਸਿਖ ਮੀਤ ਚਲਹੁ ਗੁਰ ਚਾਲੀ' ਕਿਵੇਂ ਅਖਵਾਈਦਾ ਹੈ। ਉਪਰ ਦੱਸੇ ਤੇਰ੍ਹਾਂ ਗੁਣਾਂ ਵਿਚੋਂ ਪਹਿਲਾ ਗੁਣ ਹੈ ਗ਼ਰੀਬੀ, ਜੈਸਾ ਕਿ ਧਰਤੀ ਹੇਠ ਵਸੰਦੇ ਪਾਨੀ ਨੂੰ ਗ਼ਰੀਬ ਕਥਨ ਕੀਤਾ ਹੈ, ਜਿਸ ਦਾ ਮਤਲਬ ਹੈ ਸੁਭਾਅ ਦੀ ਗ਼ਰੀਬੀ। ਸੁਭਾਵਕ ਤੌਰ 'ਤੇ ਸਿਖ ਦੇ ਸੁਭਾਅ ਵਿਚ ਪਾਨੀ ਵਰਗੀ ਗ਼ਰੀਬੀ ਹੋਣੀ ਚਾਹੀਦੀ ਏ। ਜਿਸ ਤਰ੍ਹਾਂ ਪਾਨੀ ਧਰਤੀ ਨੂੰ ਆਪਣੇ ਸਿਰ 'ਤੇ ਚੁਕੀ ਬੈਠਾ ਹੈ ਤੇ ਸੀ ਨਹੀਂ ਕਰਦਾ, ਏਦਾਂ ਹੀ ਸਿਖ ਨੂੰ ਚਾਹੀਦਾ ਏ ਕਿ ਉਹ ਸਾਰਿਆਂ ਨੂੰ ਸਿਰ 'ਤੇ ਚੁਕੀ ਫਿਰੇ, ਭਾਵ ਸਭ ਨੂੰ ਆਪਣੇ ਨਾਲੋਂ ਉੱਚਾ ਸਮਝੇ ਤੇ ਆਪ ਪਾਨੀ ਵਾਂਗ ਸਭ ਤੋਂ ਨੀਵਾਂ ਤੇ ਦਾਸ ਬਣ ਕੇ ਰਹੇ। ਆਪਣੀ ਮੰਜ਼ਲ 'ਤੇ ਪੁੱਜਣ ਦਾ ਰਾਹ ਗ਼ਰੀਬੀ ਹੀ ਹੈ। ਕਿਸੇ ਬਜ਼ੁਰਗ ਦਾ ਕਥਨ ਹੈ ਕਿ :

ਜਬ ਹਮ ਗਿਰ ਪੜੇ ਤੋ ਸੂਰਤਿ ਹਸਤੀ ਨਜ਼ਰ ਪੜੀ।
ਵੀਰਾਂ ਜਬ ਹੋ ਗਏ ਤੋ ਬਸਤੀ ਨਜ਼ਰ ਪੜੀ।
ਬ.ਗੌਰ ਦੇਖਾ ਤੋ ਖ਼ਾਕਸਾਰੀ ਹੀ; ਆਲਾ ਮੁਕਾਮ ਹੈ।
ਬੁਲੰਦ ਹਮ ਯੂੰ ਯੂੰ ਹੂਏ; ਤੋ ਪਸਤੀ ਨਜ਼ਰ ਪੜੀ।

ਨੀਵਾਂ ਹੋ ਕੇ ਚੱਲਣ ਵਾਲਾ ਆਪਣੀ ਮੰਜ਼ਲ 'ਤੇ ਸੁਖੈਨ ਪੁੱਜਦਾ ਹੈ। ਇਸ ਲਈ ਸਿਖ ਵਾਸਤੇ ਜ਼ਰੂਰੀ ਹੈ ਕਿ ਉਹ ਸੁਭਾਵਕ ਗ਼ਰੀਬ ਹੋਵੇ ਤੇ ਖ਼ਿਆਲਾਂ ਕਰਕੇ ਉੱਚਾ ਰਹੇ। ਖ਼ਿਆਲ ਦੀ ਉਚਾਈ ਨੂੰ ਚਾਰ ਚੰਨ ਲਾਉਣ ਵਾਲੀ ਹੈ, ਗ਼ਰੀਬੀ। ਜਿਸਨੂੰ ਗੁਰਦੇਵ ਜੀ ਨੇ ਇਉਂ ਫ਼ੁਰਮਾਇਆ ਹੈ :

ਗਰੀਬੀ ਗਦਾ ਹਮਾਰੀ॥
ਖੰਨਾ ਸਗਲ ਰੇਨੁ ਛਾਰੀ॥
ਇਸੁ ਆਗੈ ਕੋ ਨ ਟਿਕੈ ਵੇਕਾਰੀ॥
ਗੁਰ ਪੂਰੇ ਏਹ ਗਲ ਸਾਰੀ॥ *(ਸੋਰਠਿ ਮ: ੫, ਪੰਨਾ ੬੨੮)*

ਪਾਣੀ ਦਾ ਦੂਜਾ ਗੁਣ ਹੈ ਨੀਵੇਂ ਪਾਸੇ ਜਾਣਾ। ਇਕ ਵਸਣਾ ਨੀਵੇਂ ਥਾਂ ਤੇ ਦੂਜੇ ਤੁਰਨਾ ਵੀ ਨੀਵੇਂ ਪਾਸੇ ਵੱਲ; ਭਾਵ ਨਿਮਰਤਾ ਤੋਂ ਅਗੇ ਨਿਮਰਤਾ, ਕਦੇ ਵੀ ਹੰਕਾਰ ਕਰਨਾ ਹੀ ਨਾ। ਸੋ ਜਿਸ ਤਰ੍ਹਾਂ ਪਾਣੀ ਨੀਵੇਂ ਪਾਸੇ ਵੱਲ ਤੁਰਦਾ ਏ ਇਸ ਤਰ੍ਹਾਂ ਸਿਖ ਨੂੰ ਵੀ ਨੀਵਿਆਂ ਨਾਲ ਪਿਆਰ ਕਰਨਾ ਚਾਹੀਦਾ ਏ। ਵੱਡਿਆਂ ਨਾਲ ਤਾਂ ਸਾਰੇ ਹੀ ਦੋਸਤੀਆਂ ਗੰਢਦੇ ਤੇ ਗੰਢਣਾ ਚਾਹੁੰਦੇ ਹਨ, ਪਰ ਸਿਖ ਨੂੰ ਚਾਹੀਦਾ ਏ ਕਿ ਨੀਵਿਆਂ ਨਿਮਾਣਿਆਂ ਤੇ ਸਮਾਜ ਦੇ ਠੁਕਰਾਇਆਂ ਹੋਇਆਂ ਨਾਲ ਦੋਸਤੀ ਗੰਢੇ, ਰੁਲਦੇ ਖੁਲਦੇ ਨਿਥਾਵਿਆਂ ਨੂੰ ਗਲ ਨਾਲ ਲਾਵੇ, ਬੇਸਹਾਰੇ ਨੂੰ ਸਹਾਰਾ ਦਏ ਤੇ ਜਿਨ੍ਹਾਂ ਦੀ ਕਿਤੇ ਆਸ ਪੂਰੀ ਨਹੀਂ ਹੋਈ, ਉਨ੍ਹਾਂ ਨਿਰਾਸਿਆਂ ਦੀ ਆਸ ਬਣ ਕੇ ਦੱਸੇ।

ਪੁਰਾਣੇ ਸਿੱਖਾਂ ਨੇ ਇਹ ਗੱਲ ਅਮਲ ਵਿਚ ਲਿਆ ਕੇ ਸਾਡੇ ਲਈ ਪੂਰਨਾ ਪਾਇਆ ਹੈ। ਜੈਸਾ ਕਿ ਬਾਬਾ ਖ਼ੁਦਾ ਸਿੰਘ ਜੀ ਨੀਵਿਆਂ ਨਾਲ ਅਤਿ ਸਨੇਹ ਕਰਦੇ ਤੇ ਉਨ੍ਹਾਂ ਦੇ ਸਤਿਕਾਰ ਨੂੰ ਕਦੇ ਵੀ ਤ੍ਰਿਸਕਾਰਦੇ ਨਹੀਂ ਸਨ। ਇਕ ਵਾਰੀ ਦੀ ਗੱਲ ਹੈ ਕਿ ਇਕ ਗ਼ਰੀਬਣੀ ਮਾਂ ਦੇ ਦੁੱਧ ਵਾਲੇ ਥਾਵਾਂ 'ਤੇ ਫੋੜੇ ਨਿਕਲ ਆਏ, ਜਿਸ ਕਾਰਨ ਉਸਦਾ ਦੁਧ ਰੁਕ ਜਾਣ ਕਰਕੇ ਬੜੀ ਤਕਲੀਫ਼ ਹੋਈ। ਇਕ ਫੋੜਿਆਂ ਦਾ ਦੁਖ, ਦੂਜੇ ਦੁੱਧ ਦੇ ਰੁੱਕ ਜਾਣ ਦਾ ਕਸ਼ਟ; ਤੀਜੇ ਫੁੱਲ ਵਰਗਾ ਕੋਮਲ ਬੱਚਾ, ਦੁੱਧ ਤੋਂ ਬਿਨਾ ਭੁੱਖਾ ਪਿਆਸਾ, ਹੌਕੇ ਤੇ ਸਿਸਕੀਆਂ ਭਰਦਾ, ਮਾਂ ਦੇ ਨਾਲ ਲੇਟਿਆ ਪਿਆ ਸੀ; ਜਿਸਨੂੰ ਦੇਖ ਕੇ ਮਾਂ ਦਾ ਦੁਖ ਕਈ ਗੁਣਾ ਵਧੇਰੇ ਹੁੰਦਾ ਜਾ ਰਿਹਾ ਸੀ। ਏਸੇ ਹਾਲਤ ਵਿਚ ਕਿੰਨਾ ਸਾਰਾ ਸਮਾਂ ਬੀਤ ਗਿਆ। ਪਰ ਮਾਂ ਦੁਖੀ ਦੀ ਦੁਖੀ ਪਈ ਹੋਈ, ਮੌਤ ਦੀਆਂ ਘੜੀਆਂ ਉਡੀਕ ਰਹੀ ਸੀ ਕਿ ਅਚਨਚੇਤ ਬਾਬਾ ਖ਼ੁਦਾ ਸਿੰਘ ਜੀ ਆ ਨਿਕਲੇ। ਨਾਮ ਬਾਣੀ ਦੇ ਰੰਗ 'ਚ ਰੰਗੇ ਹੋਏ ਨਿੰਮ੍ਹੀ ਜਿਹੀ ਸੁਰ ਵਿਚ ਕਹਿ ਰਹੇ ਸਨ ਕਿ :

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ, ਕੇਤੇ ਤੇਰੇ ਵਾਵਣਹਾਰੇ॥

(ਆਸਾ ਮ: ੧, ਪੰਨਾ ੮)

ਓਧਰ ਗ਼ਰੀਬਣੀ ਮਾਂ ਨੂੰ ਪੀੜ ਦਾ ਦੌਰਾ ਪੈ ਜਾਣ ਕਰਕੇ ਮੂੰਹੋਂ ਨਿਕਲ ਗਿਆ ਕਿ ਮਾਂ ਮੈਂ ਮਰ ਗਈ! ਹਾਇ ਮਾਂ ਮੈਂ ਮਰ ਗਈ!! ਨੀ ਮਾਂ ਮੈਂ ਮਰ ਗਈ!!! ਇਹ ਦਰਦੀਲੀਆਂ ਚੀਕਾਂ ਬਾਬਾ ਖ਼ੁਦਾ ਸਿੰਘ ਜੀ ਦੇ ਕੰਨੀਂ ਪਈਆਂ। ਸੁਣਦਿਆਂ ਸਾਰ ਬਾਬਾ ਜੀ ਸੋਚੀਂ ਪੈ ਗਏ ਕਿ ਐ ਮਨਾਂ ਜਿਹੜੀ ਬਾਣੀ ਨੂੰ ਪੜ੍ਹਦਾ ਹੈਂ, ਉਸ ਵਿਚ ਤਾਂ ਲਿਖਿਆ ਹੈ ਕਿ ਵਾਹਿਗੁਰੂ ਦੇ ਘਰ ਦਾ ਦਰਵਾਜ਼ਾ ਕੇਹੋ ਜਿਹਾ ਹੋਵੇਗਾ, ਜਿਸ ਵਿਚ ਬੈਠ ਕੇ ਉਹ ਸਾਰਿਆਂ ਦੀ ਸੰਭਾਲ ਕਰਦਾ ਹੈ। ਪਰ ਅਫ਼ਸੋਸ ਕਿ ਮੇਰੇ ਕੋਲੋਂ ਆਪਣੇ ਪੜੋਸੀਆਂ ਦੀ ਸੰਭਾਲ ਨਹੀਂ ਕੀਤੀ ਗਈ, ਮੈਂ ਕਾਹਦਾ ਗੁਰਸਿਖ ਹੋਇਆ। ਏਧਰ ਬਾਬਾ ਜੀ ਤਾਂ ਇਨ੍ਹਾਂ ਸੋਚਾਂ ਵਿਚ ਡੁਬੇ ਪਏ ਸਨ, ਓਧਰ ਬੀਮਾਰ ਨੇ ਆਪਣੀ ਮਾਂ ਅਗੇ ਅਰਜ਼ ਕੀਤੀ ਕਿ ਐ ਮਾਂ, ਤੇਰੀ ਗ਼ਰੀਬਣੀ ਧੀ ਅਖ਼ੀਰਲੇ ਦਮਾਂ 'ਤੇ ਅਰਜ਼ ਕਰਦੀ ਹਾਂ ਕਿ ਕਿਸੇ ਵੈਦ ਕੋਲੋਂ ਕੋਈ ਦਾਰੂ ਦਰਮਲ ਲਿਆ ਕੇ ਦੇ, ਜੇ ਮੇਰੀ ਜਾਨ ਬਚ ਜਾਏ ਤਾਂ ਤੇਰੇ ਦੋਹਤੇ ਦੇ ਪ੍ਰਾਨ ਵੀ ਬਚ ਰਹਿਣਗੇ ਤੇ ਸਾਡੀ ਗ਼ਰੀਬਾਂ ਦੀ ਨਿੱਕੀ ਜਿਹੀ ਦੁਨੀਆ ਵਸਦੀ ਰਹੇਗੀ। ਸੁਣਦਿਆਂ ਸਾਰ ਮਾਂ ਇਕ ਵੈਦ ਦੀ ਦੁਕਾਨ 'ਤੇ

ਗਈ ਤੇ ਲਿਲਕੜੀ ਜਿਹੀ ਲੈ ਕੇ ਆਖਿਆ, "ਵੈਦ ਜੀ, ਮੇਰੀ ਇਕੋ ਇਕ ਸੁਖਾਂ ਲੱਧੀ ਧੀ ਹੈ, ਪਰ ਕਾਰਨ ਵਸ ਬੀਮਾਰ ਪੈ ਗਈ ਹੈ, ਕਿਰਪਾ ਕਰੋ ਤੇ ਉਸ ਨੂੰ ਕੋਈ ਪੁੜੀ ਦਿਉ, ਜੇ ਉਸਦੀ ਜਾਨ ਬਚ ਰਹੇ, ਜਿਸਦਾ ਸਿਰ ਸਦਕਾ ਮੇਰਾ ਦੋਹਤਾ ਵੀ ਬਚ ਰਹੇਗਾ ਤੇ ਅਸੀਂ ਜੀਵਨ ਭਰ ਤੁਹਾਡੇ ਸਿਰ ਨੂੰ ਅਸੀਸਾਂ ਦਿਆਂਗੇ।"

ਦੁਖੀਆ ਬੁਢੜੀ ਦੀ ਦਰਦ-ਭਰੀ ਦੁਖੀ ਵਿਥਿਆ ਸੁਣ ਕੇ, ਵੈਦ ਜੀ ਨੇ ਪੁਛਿਆ ਕਿ ਤੂੰ ਕੌਣ ਹੈਂ ? ਫਟੇ ਪੁਰਾਣੇ ਕਪੜੇ ਮੈਲ ਨਾਲ ਭਰੇ ਹੋਏ ਹਨ, ਬਦਬੂ ਤੇਰੇ ਕੋਲੋਂ ਆਉਂਦੀ ਏ, ਕੋਝੀ ਕੁਚੱਜੀ ਤੇਰੀ ਸ਼ਕਲ ਹੈ। ਤੂੰ ਕੌਣ ਏਂ ? ਸੱਚੋ ਸੱਚ ਦੱਸ।

ਵੈਦ ਦੀ ਗੱਲ ਸੁਣ ਕੇ ਡਰਦੀ ਡਰਦੀ ਬੁਢੜੀ ਬੋਲੀ, "ਵੈਦ ਜੀ, ਤੁਸੀਂ ਮੈਨੂੰ ਨਹੀਂ ਪਛਾਣਦੇ ? ਕੀ ਸੱਚ ਮੁੱਚ ਤੁਸੀਂ ਮੈਨੂੰ ਨਹੀਂ ਜਾਣਦੇ ? ਜੇ ਨਹੀਂ ਜਾਣਦੇ ਤਾਂ ਸੁਣੋ। ਮੈਂ ਉਹ ਗ਼ਰੀਬ ਬੁਢੜੀ ਹਾਂ, ਜੋ ਤੁਹਾਡੇ ਘਰ ਦੀ ਸਫ਼ਾਈ ਕਰਕੇ ਇਸ ਨੂੰ ਸਵਰਗ ਬਣਾ ਦਿੰਦੀ ਹਾਂ। ਤੁਹਾਡੇ ਬੱਚਿਆਂ ਨੂੰ ਬੀਮਾਰੀਆਂ ਤੋਂ ਬਚਾਣ ਲਈ ਆਪ ਬੀਮਾਰੀਆਂ 'ਚ ਕੁੱਦ ਪੈਂਦੀ ਹਾਂ। ਤੁਹਾਡੇ ਘਰ ਦਾ ਸਾਰਾ ਦਲਿੱਦਰ ਜੋ ਕੂੜੇ ਕਰਕਟ ਦੀ ਸ਼ਕਲ 'ਚ ਖਿਲਰਿਆ ਹੁੰਦਾ ਏ, ਸਮੇਟ ਕੇ ਘਰ ਨੂੰ ਸ਼ੁਧ ਪਵਿੱਤਰ ਕਰ ਦਿੰਦੀ ਹਾਂ। ਕੀ ਤੁਸੀਂ ਮੈਨੂੰ ਵੀ ਨਹੀਂ ਜਾਣਦੇ ?"

ਸੁਣਦੇ ਸਾਰ ਵੈਦ ਅੱਗ ਦਾ ਭਾਂਬੜ ਬਣ ਕੇ ਬੜ੍ਹਕ ਉਠਿਆ ਤੇ ਵਾ ਦੁਆ ਬੋਲਣ ਲੱਗ ਪਿਆ, ਜੋ ਮੂੰਹ ਆਇਆ ਕਹਿ ਦਿਤਾ। ਕ੍ਰੋਧ ਦਾ ਰੂਪ ਹੋ ਗਏ ਦੇ ਮੂੰਹੋਂ ਨਿਕਲਿਆ, "ਐ ਚੰਡਾਲਣੀ, ਕਰੂਪ ਕੁਲੱਖਣੀ, ਕਿਸੇ ਥਾਂ ਦੀ ਚੁੜੇਲ, ਮਾਨਸ ਖਾਣੀ ਡੈਣ, ਸਵੇਰੇ ਸਵੇਰੇ ਮੱਥੇ ਲੱਗ ਕੇ, ਮੇਰਾ ਜਪ, ਤਪ, ਜਗ, ਹੋਮ, ਪੂਜਾ, ਪਾਠ, ਸਭ ਨਸ਼ਟ ਕਰ ਦਿੱਤਾ ਏ। ਤੁਹਾਡੇ ਵਰਗੇ ਨੀਚ ਸੈਂਕੜੇ ਮਰਦੇ ਖਪਦੇ ਹਨ, ਪਰ ਸਾਨੂੰ ਕੀ। ਕਿਉਂਕਿ ਤੁਸੀਂ ਨੀਚ ਹੋ, ਤੁਹਾਡੇ ਲਈ ਕੋਈ ਦਾਰੂ ਦਰਮਲ ਨਹੀਂ। ਕਿਉਂਕਿ ਤੁਸੀਂ ਭਗਵਾਨ ਦੀ ਰਚਨਾ 'ਚੋਂ ਬਾਹਰ ਹੋ। ਤੁਹਾਡੇ ਜੰਮਣ ਮਰਨ ਨਾਲ ਭਗਵਾਨ ਨੂੰ ਕੋਈ ਨਫ਼ਾ ਨੁਕਸਾਨ ਨਹੀਂ ਵਿਆਪਦਾ।"

ਨਿਰਾਸੀ ਬੁਢੜੀ ਟੁਟੇ ਹੋਏ ਲੱਕ ਨਾਲ ਘਰ ਆਈ। ਆਉਂਦੀ ਨੂੰ ਧੀ ਨੇ ਤਰਲੇ ਭਰੀ ਨਜ਼ਰ ਨਾਲ ਦੇਖ ਕੇ ਦਾਰੂ ਬਾਰੇ ਪੁੱਛਿਆ। ਬੁਢੜੀ ਨੇ ਅੱਖਾਂ ਦੇ ਡੂੰਘੇ ਜਿਹੇ ਟੋਇਆਂ 'ਚੋਂ ਦੋ ਅੱਥਰੂ ਕੇਰੇ, ਅਤੇ ਆਪਣੀ ਉਮਰ ਜੇਡਾ ਲੰਮਾ ਹੌਕਾ ਮਾਰ ਕੇ ਆਖਿਆ ਕਿ ਧੀਏ ਦਮ ਘੁਟ ਕੇ ਮਰ ਜਾ ! ਸਬਰ ਦਾ ਘੁੱਟ ਭਰ ਕੇ ਮਰ ਜਾ !! ਆਸਾਂ ਉਮੀਦਾਂ ਤੋੜ ਕੇ ਮਰ ਜਾ !!! ਨਾ ਸਾਡਾ ਭਗਵਾਨ ਤੇ ਨਾ ਅਸੀਂ ਭਗਵਾਨ ਦੇ। ਸਾਡੇ ਮਰਨ ਜੰਮਣ ਨਾਲ, ਭਗਵਾਨ ਦੀ ਰਚਨਾ ਨਾ ਵਧਦੀ ਏ, ਨਾ ਘਟਦੀ ਏ। ਅਸੀਂ ਨੀਚ ਹਾਂ, ਨੀਚਾਂ ਵਾਸਤੇ ਕੋਈ ਦਾਰੂ ਨਹੀਂ, ਕੋਈ ਜੜ੍ਹੀ ਕੋਈ ਬੂਟੀ ਨਹੀਂ। ਧੀਏ ਬੱਸ ! ਬੱਸ !! ਬੱਸ !!!

ਮਾਂ ਦੀਆਂ ਗੱਲਾਂ ਸੁਣਦਿਆਂ ਸੁਣਦਿਆਂ ਪੀੜ ਦਾ ਦੌਰਾ ਦੂਜੀ ਵਾਰੀ ਆ ਪਿਆਂ ਤੇ ਮੂੰਹੋਂ ਨਿਕਲਿਆ, "ਮਾਂ ਮੈਂ ਮਰ ਗਈ ! ਮਰ ਗਈ !! ਹਾਇ ਮਰ ਗਈ !!!" ਬਾਬਾ ਖ਼ੁਦਾ ਸਿੰਘ ਦੇ ਕੰਨਾਂ ਨੇ ਦੂਜੀ ਵਾਰ ਇਹ ਦੁਖੀ ਆਵਾਜ਼ ਸੁਣੀ ਤੇ ਜਰਿਆ ਨਾ ਗਿਆ। ਉੱਠ ਕੇ ਲੜਕੀ ਦੇ ਕੋਲ ਆਇਆ ਤੇ ਹਾਲਤ ਦੇਖ ਕੇ ਦਇਆ ਦਾ

ਸਾਗਰ ਉਮਡ ਪਿਆ। ਜਿਵੇਂ ਨਿੱਕੇ ਨਿੱਕੇ ਬੱਚੇ ਆਪਣੀ ਮਾਂ ਦਾ ਦੁਧ ਚੁੰਘਦੇ ਹਨ, ਐਨ ਇਸੇ ਤਰ੍ਹਾਂ ਬਾਬਾ ਖ਼ੁਦਾ ਸਿੰਘ ਨੇ ਲੜਕੀ ਦੇ ਫੋੜਿਆਂ ਦਾ ਗੰਦਾ ਲਹੂ ਚੂੰਘ ਲਿਆ, ਤੇ ਰਤਾ ਘਿਰਣਾ ਨਾ ਕੀਤੀ। ਇਹ ਵੀ ਨਾ ਸੋਚਿਆ ਕਿ ਇਹ ਨੀਚ ਜਾਤੀ ਹਨ। ਫੋੜਿਆਂ 'ਚੋ ਗੰਦਾ ਖ਼ੂਨ ਨਿਕਲ ਜਾਣ ਨਾਲ ਨਾੜਾਂ ਸਾਫ਼ ਹੋ ਕੇ ਦੁਧ ਜਾਰੀ ਹੋ ਗਿਆ। ਬੱਚੇ ਨੇ ਦੁੱਧ ਪੀਤਾ, ਮਾਂ ਦੀ ਜਾਨ ਬਚੀ, ਤੇ ਗ਼ਰੀਬਾਂ ਦੀ ਦੁਨੀਆ ਵਸ ਪਈ। ਗ਼ਰੀਬਾਂ ਦੀ ਕੁਲੀ 'ਚ ਚਹਿਲ ਪਹਿਲ ਹੋਣ ਲੱਗ ਪਈ। ਨਿਰਾਸਿਆਂ ਦੀਆਂ ਆਸਾਂ ਪੂਰੀਆਂ ਹੋ ਗਈਆਂ। ਘਰ 'ਚ ਹਰ ਪਾਸੇ ਚਾਅ ਨੇ ਛਾਲਾਂ ਮਾਰੀਆਂ ਤੇ ਖ਼ੁਸ਼ੀਆਂ ਨੇ ਕੁਤਕਤਾੜੀਆਂ ਕਢੀਆਂ, ਇਸ ਅਨੋਖੀ ਹਾਲਤ ਨੂੰ ਦੇਖ ਕੇ ਬਾਬਾ ਜੀ ਦੇ ਮੂੰਹੋਂ ਬਦੋਬਦੀ ਨਿਕਲ ਗਿਆ ਕਿ :

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ॥

(ਸਿਰੀਰਾਗੁ ਮ: ੧, ਪੰਨਾ ੧੫)

ਇਸ ਤਰ੍ਹਾਂ ਸਿਖ ਪਾਨੀ ਵਾਂਗ ਨੀਵੇਂ ਪਾਸੇ ਨੂੰ ਜਾਂਦੇ ਰਹੇ, ਨੀਵਿਆਂ ਨਾਲ ਦੁਖ ਸੁਖ ਵੰਡਦੇ ਰਹੇ ਤੇ ਗੁਰੂ ਦੇ ਉਪਦੇਸ਼ ਨੂੰ ਕਮਾ ਕੇ ਦੱਸਿਆ।

ਪਾਨੀ ਦਾ ਤੀਜਾ ਗੁਣ ਨਿਰਮਲ ਹੋਣਾ ਹੈ। ਸੋ ਸਿਖ ਵੀ ਪਾਨੀ ਵਰਗਾ ਨਿਰਮਲ ਤੇ ਸਵੱਛ ਹੋਣਾ ਚਾਹੀਦਾ ਏ। ਜਿਵੇਂ ਪਾਨੀ ਨੂੰ ਮੈਲ ਨਹੀਂ ਲਗਦੀ, ਤਿਵੇਂ ਸਿਖ ਵੀ ਪਾਪਾਂ ਦੀ ਮੈਲ ਤੋਂ ਪਾਕ ਸਾਫ਼ ਹੋਣਾ ਚਾਹੀਦਾ ਏ, ਕਿਉਂਕਿ ਪਾਪ ਹੀ ਦੁੱਖਾਂ ਦਾ ਕਾਰਨ ਹਨ। ਜਿਸ ਕੰਮ ਦੇ ਕੀਤਿਆਂ ਮਨ 'ਤੇ ਬੋਝ ਪੈ ਕੇ ਭਾਰਾ ਜਿਹਾ ਹੋ ਜਾਏ, ਉਹ ਪਾਪ ਹੈ। ਜਿਸ ਕੰਮ ਦੇ ਕੀਤਿਆਂ ਮਨ ਹਲਕਾ ਤੇ ਸੁਖੀ ਜਿਹਾ ਭਾਸੇ, ਉਹ ਪੁੰਨ ਹੈ। ਕਈ ਵਾਰੀ ਕਿਸੇ ਨੂੰ ਆਨਾ, ਦੋ ਆਨੇ, ਦਾਨ ਦੇ ਕੇ ਮਨ ਭਾਰਾ ਜਿਹਾ ਹੋ ਕੇ ਦਿਤੇ ਦਾਨ 'ਤੇ ਬੜੀ ਬੁਰੀ ਤਰ੍ਹਾਂ ਸੋਚਦਾ ਹੈ, ਕਿਉਂਕਿ ਦਾਨ ਠੀਕ ਥਾਂ ਨਹੀਂ ਦਿੱਤਾ ਗਿਆ। ਪਰ ਕਈ ਵਾਰੀ ਦਸ ਵੀਹ ਰੁਪਏ ਦੇ ਕੇ ਵੀ ਮਨ ਦੁਖੀ ਨਹੀਂ ਹੁੰਦਾ, ਸੁਖ ਤੇ ਖ਼ੁਸ਼ੀ ਅਨੁਭਵ ਕਰਦਾ ਏ। ਬਸ ਇਹ ਪੁੰਨ ਹੈ। ਇਉਂ ਆਖੋ, ਭਈ, ਜਿਸ ਕੰਮ ਦੇ ਕੀਤਿਆਂ ਮਨ ਵਿਚ ਚਿੰਤਾ, ਝੋਰਾ, ਆਲਸ ਤੇ ਭੈੜੇ ਫੁਰਨੇ ਆਉਣ ਲੱਗ ਪੈਣ, ਉਹ ਪਾਪ ਹੈ। ਪਾਪ ਕਰਦਿਆਂ ਮਨ ਅਤਿ ਮੈਲਾ ਹੋ ਜਾਂਦਾ ਏ ਤੇ ਮਨ ਦਾ ਸੁਭਾਅ ਖ਼ਰਾਬ ਹੋ ਜਾਂਦਾ ਏ। ਕਈ ਵਾਰੀ ਦੇਖਣ ਵਿਚ ਆਇਆ ਹੈ ਕਿ ਘਰ ਦੇ ਕੋਠੇ ਲਿੱਪਣ ਲਈ ਘਾਣੀ ਕਰਨ ਲੱਗਿਆਂ ਮਿੱਟੀ ਦੀਆਂ ਛਿੱਟਾਂ ਕੋਲੋਂ ਡਰੀਦਾ ਏ, ਭਈ, ਕਿਤੇ ਕਪੜਿਆਂ 'ਤੇ ਨਾ ਪੈ ਜਾਣ। ਪਰ ਜਦੋਂ ਇਕ ਦੋ ਛਿੱਟਾਂ ਪੈ ਜਾਂਦੀਆਂ ਹਨ, ਤਾਂ ਕਮੀਜ਼ ਲਾਹ ਲਈਦੀ ਏ, ਕਿਤੇ ਖ਼ਰਾਬ ਨਾ ਹੋ ਜਾਏ। ਲੇਕਿਨ ਘਾਣੀ ਕਰਦਿਆਂ ਜਦੋਂ ਕਈ ਛਿੱਟਾਂ ਪੈ ਜਾਂਦੀਆਂ ਹਨ ਤਾਂ ਮਨ ਫ਼ੈਸਲਾ ਕਰ ਲੈਂਦਾ ਏ, ਭਈ, ਜਿੰਨਾ ਚਿਰ ਮਿੱਟੀ ਨਾਲ ਮਿੱਟੀ ਨਾ ਹੋਈਏ ਓਨਾ ਚਿਰ ਮਿੱਟੀ ਦਾ ਕੰਮ ਨਹੀਂ ਹੁੰਦਾ, ਸੁ ਲੇਥੂ ਪੇਥੂ ਹੋ ਜਾਂਦਾ ਏ। ਜਿਹੜਾ ਮਨ ਇਕ ਛਿਟ ਕੋਲੋਂ ਡਰਦਾ ਸੀ, ਉਹ ਹੁਣ ਮਿੱਟੀ ਨਾਲ ਮਿੱਟੀ ਹੋਇਆ ਪਿਆ ਏ, ਏਸੇ ਤਰ੍ਹਾਂ ਮਨ ਵੀ ਪਹਿਲੇ ਪਹਿਲ ਬੁਰਾ ਕੰਮ ਕਰਨ ਤੋਂ ਘਬਰਾਉਂਦਾ ਏ, ਪਰ ਜਦੋਂ ਦੋ-ਚਾਰ ਬੁਰੇ ਕੰਮ ਕਰ ਲਏ, ਫਿਰ ਬੁਰਾਈ

ਕਰਨ ਦਾ ਆਦੀ ਹੋ ਜਾਂਦਾ ਏ, ਤੇ ਬੁਰਾਈ ਬੁਰਾਈ ਨਹੀਂ ਭਾਸਦੀ। ਜਿਸ ਤਰ੍ਹਾਂ ਕਿਸੇ ਨੂੰ ਪਹਿਲੀ ਵਾਰ ਸ਼ਰਾਬ ਪੀਣ ਦਾ ਮੌਕਾ ਮਿਲੇ ਤਾਂ ਉਹ ਨੱਕ ਬੁਲ੍ਹ ਵਟਦਾ ਏ ਤੇ ਝੁਣਝੁਣੀਆਂ ਲੈਂਦਾ ਏ, ਉਸ ਦੀ ਬਦਬੋ ਕੋਲੋਂ ਨਫ਼ਰਤ ਕਰਦਾ ਏ; ਪਰ ਸਹਿਜੇ ਸਹਿਜੇ ਉਸੇ ਹੀ ਸ਼ਰਾਬ ਵਿਚੋਂ ਸਵਾਦ ਲੈਣ ਲੱਗ ਪੈਂਦਾ ਏ ਤੇ ਇਸ ਨੂੰ ਬੁਰਾ ਨਹੀਂ ਜਾਣਦਾ, ਸਗੋਂ ਖ਼ੁਸ਼ ਹੁੰਦਾ ਏ। ਕਿਉਂਕਿ ਹੁਣ ਸ਼ਰਾਬ ਦਾ ਆਦੀ ਬਣ ਗਿਆ ਏ ਤੇ ਸੁਭਾਅ ਹੋਰ ਤਰ੍ਹਾਂ ਦਾ ਹੋ ਗਿਆ ਏ। ਸੋ ਕਰਮ ਸੁਭਾਅ ਬਣਾਉਂਦਾ ਹੈ; ਚੰਗਾ ਕਰਮ ਕੀਤਿਆਂ ਚੰਗਾ ਤੇ ਮੰਦਾ ਕਰਮ ਕੀਤਿਆਂ ਮੰਦਾ ਸੁਭਾਅ ਬਣਦਾ ਹੈ। ਇਸ ਲਈ ਸਿਖ ਨੂੰ ਆਪਣਾ ਸੁਭਾਅ ਨੇਕ ਤੇ ਮਿੱਠਾ ਬਣਾਉਣਾ ਚਾਹੀਦਾ ਏ, ਜੋ ਕਿ ਪਾਪਾਂ ਤੋਂ ਬਚਿਆਂ ਹੀ ਬਣ ਸਕਦਾ ਹੈ।

ਪਾਣੀ ਦਾ ਚੌਥਾ ਗੁਣ ਹੈ ਸੀਤਲ ਹੋਣਾ। ਸਿਖ ਵੀ ਪਾਣੀ ਵਰਗਾ ਠੰਢਾ ਹੋਣਾ ਚਾਹੀਦਾ ਏ, ਗਰਮੀ ਤੇ ਕੁੜੱਤਣ ਤੋਂ ਕੋਹਾਂ ਦੂਰ ਰਹਿਣਾ ਚਾਹੀਦਾ ਏ। ਚੂੰਕਿ ਸਿਖ ਸਿਪਾਹੀ ਹੁੰਦਾ ਹੋਇਆ, ਨਾਲ ਨਾਲ ਸੰਤ ਵੀ ਹੈ ਤੇ ਸੰਤ ਲਈ ਠੰਢਿਆਂ ਹੋਣਾ ਅਤਿਅੰਤ ਜ਼ਰੂਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਸੰਤ ਬਾਰੇ ਬੜਾ ਹੀ ਸੁੰਦਰ ਤੇ ਸੁਹਿਰਦ ਬਚਨ ਲਿਖਿਆ ਹੈ ਕਿ ਚੰਦਨ ਦੇ ਪੱਤੇ ਪੱਤੇ ਨਾਲ ਨਾਗ ਲਟਕਦੇ ਹਨ। ਨਾਗ ਵੀ ਕਾਲੇ ਤੇ ਜ਼ਹਿਰ ਦੇ ਭਰੇ ਹੋਏ ਦਿਨੇ ਰਾਤ ਚੰਦਨ ਦੀਆਂ ਟਹਿਣੀਆਂ ਨਾਲ ਪਲਮਦੇ ਰਹਿੰਦੇ ਹਨ ਤੇ ਹਰ ਵੇਲੇ ਆਪਣੀਆਂ ਜ਼ਹਿਰ ਭਰੀਆਂ ਫੂਕਾਂ ਵੀ ਮਾਰਦੇ ਰਹਿੰਦੇ ਨੇ, ਜਿਨ੍ਹਾਂ 'ਚੋ ਜ਼ਹਿਰ ਦੇ ਚੰਗਿਆੜੇ ਨਿਕਲਦੇ ਹਨ। ਪਰ ਚੰਦਨ ਉਨ੍ਹਾਂ ਨਾਗਾਂ ਦੇ ਵਿਚ ਰਹਿ ਕੇ ਵੀ ਆਪਣੀ ਸੀਤਲਤਾ ਨਹੀਂ ਛੱਡਦਾ, ਆਪਣੇ ਸੁਭਾਅ ਨੂੰ ਨਹੀਂ ਬਦਲਦਾ, ਸਗੋਂ ਜ਼ਹਿਰ ਭਰੀਆਂ ਫੂਕਾਂ ਮਾਰਨ ਵਾਲੇ ਸੱਪਾਂ ਨੂੰ ਵੀ ਸੁਗੰਧੀ ਤੇ ਠੰਢਕ ਹੀ ਦਿੰਦਾ ਹੈ। ਉਨ੍ਹਾਂ ਦੇ ਰੰਗ ਵਿਚ ਰੰਗੇ ਜਾਣ ਦੀ ਥਾਵੇਂ ਸਗੋਂ ਉਨ੍ਹਾਂ ਨੂੰ ਆਪਣਾ ਰੰਗ ਦੇਣ ਦਾ ਚਾਰਾ ਕਰਦਾ ਏ। ਜਿਸ ਤਰ੍ਹਾਂ ਚੰਦਨ ਸੱਪਾਂ ਦੇ ਘੇਰੇ 'ਚ ਘਿਰਿਆ ਹੋਇਆ ਵੀ ਸੀਤਲਤਾ ਨਹੀ ਛੱਡਦਾ, ਇਸੇ ਤਰ੍ਹਾਂ ਸੰਤ ਵੀ ਕ੍ਰੂੜਾਂ ਦੁਸ਼ਟਾਂ ਦੇ ਘੇਰੇ 'ਚ ਘਿਰਿਆ ਹੋਇਆ ਵੀ ਸੀਤਲਤਾ ਨਹੀਂ ਛੱਡਦਾ। ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਥਨ ਹੈ:

ਕਬੀਰ ਸੰਤੁ ਨ ਛਾਡੈ ਸੰਤਈ, ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ, ਤ ਸੀਤਲਤਾ ਨ ਤਜੰਤ॥੧੭੪॥

(ਸਲੋਕ ਕਬੀਰ ਜੀ, ਪੰਨਾ ੧੩੭੩)

ਇਕ ਹਿੰਦੀ ਦੇ ਕਵੀ ਨੇ ਉਤਲੇ ਵਾਕ ਦਾ ਟੀਕਾ ਕਰਦਿਆਂ ਹੋਇਆਂ, ਸੰਤ ਦੇ ਸੁਭਾਅ ਦੀ ਤਸਵੀਰ ਬਣਾਈ ਹੈ; ਬੜੀ ਸੁੰਦਰ ਮੂਰਤ ਖਿਚ ਕੇ ਰਖ ਦਿਤੀ ਏ। ਸੰਤ ਦੇ ਮਨ ਦੀ ਟਿਕਵੀਂ ਤੇ ਅਡੋਲ ਅਵਸਥਾ ਨੂੰ ਪ੍ਰਮਾਣ ਦੇ ਕੇ ਨਿਸਚੈ ਕਰਾਉਣ ਦਾ ਸਫਲ ਜਤਨ ਕੀਤਾ ਏ। ਜੇ ਸੰਤ ਸੱਚੀ-ਮੁੱਚੀ ਸੰਤ-ਪੁਣੇ ਦੇ ਰੰਗ ਵਿਚ ਰੰਗਿਆ ਜਾਏ ਤਾਂ ਉਸਦੀ ਲੀਲ੍ਹਾ ਦਾ ਅੰਤ ਪਾਉਣਾ ਕਠਨ ਹੀ ਨਹੀਂ ਸਗੋਂ ਅਸੰਭਵ ਹੈ। ਸੰਤ ਦੀ ਦੁਨੀਆ ਰਮਣੀਕ ਹੈ, ਜੋ ਚਿੰਤਾਵਾਂ ਤੇ ਝੇਰਿਆਂ ਤੋਂ ਬਹੁਤ ਉਚੀ ਏ। ਸੜੇਵੇਂ ਤੇ ਉਦਰੇਵੇਂ ਉਸ ਦੁਨੀਆ ਵਿਚ ਨਜ਼ਰ ਹੀ ਨਹੀਂ ਆਉਂਦੇ ਸਗੋਂ ਆਪਣੀ ਮੌਤੇ ਆਪ ਮਰ ਜਾਂਦੇ ਨੇ। ਸੰਤ ਦੇ ਜੀਵਨ ਬਾਗ਼ 'ਚ ਸਦਾ ਬਹਾਰ ਹੈ, ਸਦਾ ਖੇੜਾ ਹੈ, ਸਦਾ

ਚਹਿਲ-ਪਹਿਲ ਤੇ ਸਦਾ ਰੌਣਕਾਂ ਹਨ। ਖ਼ੁਸ਼ੀਆਂ ਦਾ ਅਖਾੜਾ ਸਜਿਆ ਧਜਿਆ ਤੇ ਗਹਿਮਾ-ਗਹਿਮ ਵਸਦਾ ਏ। ਏਸੇ ਲਈ ਤਾਂ ਸੰਤ ਦੇ ਸੁਭਾਅ ਬਾਰੇ ਲਿਖਿਆ ਹੈ ਕਿ ਉਹ ਬਦਲਦਾ ਨਹੀਂ, ਸਗੋਂ ਆਪਣੀ ਧੁਨ 'ਚ ਲੱਗਾ ਹੋਇਆ ਨੇਕੀ ਕਰੀ ਹੀ ਜਾਂਦਾ ਹੈ ਤੇ ਪ੍ਰਸੰਨਤਾ ਪ੍ਰਾਪਤ ਕਰਦਾ ਏ:

ਬੇਰ ਬੇਰ ਪਾਵਕ ਮਾਹਿ ਕੰਚਨ ਤਪਾਵੈ,
ਤਊ ਰੰਚਕ ਨਾ ਰੰਗ, ਨਿਜ ਅੰਗ ਕੋ ਮਿਟਾਵੈ ਹੈ।
ਚੰਦਨ ਸਿਲਾਨ ਪਰ ਘਿਸਤ ਅਮਿਤ,
ਤਊ ਸਰਸ ਸੁਗੰਧੀ ਚਾਰੋਂ ਓਰ ਸਰਸਾਵੈ ਹੈ।
ਪੇਰਤ ਹੈਂ ਕੋਲੂ ਮਾਹਿ ਈਖ ਕੋ ਅਧਿਕ,
ਤਊ ਮੰਜਲ ਮਧੁਰ ਤਾਈ ਨੈਕ ਨ ਨਸਾਵੈ ਹੈ।
ਗੋਬਿੰਦ ਕੈਹਤ ਤੈਸੇ ਕਸ਼ਟ ਕਾਂਇ ਪਾਇ,
ਸੱਜਨ ਸੁਭਾਵ ਨਹੀਂ, ਆਪ ਬਦਲਾਵੈ ਹੈ।

ਪਾਨੀ ਦਾ ਪੰਜਵਾਂ ਗੁਣ ਹੈ ਕਿ ਮਨੁੱਖ ਦੀ ਕਾਇਆ ਨੂੰ ਸ਼ੁਧ ਕਰ ਦੇਣਾ। ਸਿਖ ਵਿਚ ਵੀ ਇਹ ਗੁਣ ਹੋਣਾ ਅਤਿ ਅਵੱਸ਼ਕ ਹੈ ਕਿ ਜੋ ਵੀ ਮਨੁੱਖ, ਸਿਖ ਦੀ ਸੰਗਤ ਕਰੇ ਉਹ ਸ਼ੁਧ ਹੋ ਜਾਏ। ਪਾਨੀ ਦਾ ਸਪਰਸ਼ ਤਾਂ ਕੇਵਲ ਤਨ ਦੀ ਮੈਲ ਉਤਾਰਦਾ ਹੈ, ਪਰ ਸਿਖ ਦੀ ਸੰਗਤ ਨਾਲ ਤਨ ਮਨ ਦੀ ਮੈਲ ਉਤਰ ਜਾਣੀ ਚਾਹੀਦੀ ਏ। ਜੈਸਾ ਕਿ ਵਾਕ ਭੀ ਹੈ:

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥

(ਸੋਰਠਿ ਮ: ੫, ਪੰਨਾ ੬੦੮)

ਗੁਰਮੁਖ ਦੀ ਸੰਗਤ ਕੀਤਿਆਂ, ਨਾਮ ਦਾ ਕਿਣਕਾ ਲੈ ਕੇ ਕ੍ਰੋੜਾਂ ਜੀਵਾਂ ਦਾ ਪਾਰ ਉਤਾਰਾ ਹੋ ਜਾਣਾ ਇਕ ਸਾਧਾਰਨ ਗੱਲ ਹੈ। ਜਿਸ ਤਰ੍ਹਾਂ ਪਾਨੀ ਦਾ ਕੁਦਰਤੀ ਸੁਭਾਅ ਹੈ ਕਿ ਉਸ ਵਿਚ ਜੋ ਵੀ ਇਸ਼ਨਾਨ ਕਰੇ ਉਸਦੀ ਮੈਲ ਉਤਾਰ ਦਿੰਦਾ ਏ, ਏਸੇ ਤਰ੍ਹਾਂ ਸਿਖ ਦਾ ਵੀ ਜਮਾਂਦਰੂ ਸੁਭਾਅ ਹੈ ਆਪਣੇ ਸੰਗੀਆਂ ਦੀ ਅੰਦਰ ਬਾਹਰ ਦੀ ਮੈਲ ਉਤਾਰ ਕੇ ਉਨ੍ਹਾਂ ਨੂੰ ਆਪਣੇ ਵਰਗਾ ਸੰਤ ਤੇ ਗੁਰਸਿਖ ਬਣਾ ਲੈਂਦਾ ਏ। ਮਾਨ ਸਰੋਵਰ 'ਤੇ ਰਹਿਣ ਵਾਲੇ ਪੰਖੇਰੂਆਂ ਨੂੰ ਹੰਸ ਆਖਦੇ ਹਨ ਤੇ ਸੰਗਤ ਵਿਚ ਬੈਠਣ ਵਾਲੇ ਗੁਰਸਿੱਖਾਂ ਨੂੰ ਭਾਈ ਗੁਰਦਾਸ ਜੀ ਨੇ ਪਰਮ ਹੰਸ ਆਖਿਆ ਹੈ। ਕੋਈ ਸੱਜਣ ਸਵਾਲ ਕਰ ਸਕਦਾ ਏ ਭਈ, ਸਿਖ ਨੂੰ ਪਰਮ ਹੰਸ ਕਿਸ ਗੱਲ ਕਰਕੇ ਆਖਿਆ ਹੈ? ਸਿਖ ਵਿਚ ਹੰਸ ਨਾਲੋਂ ਕੀ ਵਿਸ਼ੇਸ਼ਤਾ ਹੈ, ਜਿਸ ਕਰਕੇ ਇਸ ਨੂੰ ਪਰਮ ਹੰਸ ਕਹਿ ਕੇ ਪੁਕਾਰਿਆ ਗਿਆ ਏ? ਇਸ ਦਾ ਉੱਤਰ ਭਾਈ ਗੁਰਦਾਸ ਜੀ ਨੇ ਆਪਣੇ ਕਬਿਤ ਸਵੱਈਆਂ ਵਿਚ ਇਸ ਪ੍ਰਕਾਰ ਦਿੱਤਾ ਹੈ:

ਮਾਨਸਰ ਹੰਸ, ਸਾਧਸੰਗਤਿ ਪਰਮਹੰਸ,
ਧਰਮਧੁਜਾ ਧਰਮਸਾਲਾ ਚਲਿ ਆਵਹੀ॥
ਉਤ ਮੁਕਤਾਹਲ ਅਹਾਰ ਦੁਤੀਆ ਨਾਸਤਿ,
ਇਤ ਗੁਰਸਬਦ ਸੁਰਤਿ ਲਿਵ ਲਾਵਹੀ॥

ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ,
ਇਤ ਗੁਰਮਤਿ ਦੁਰਮਤਿ ਸਮਝਾਵਹੀ॥
ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ,
ਇਤ ਕਾਗ ਪਾਗਿ ਸਮਰੂਪ ਕੈ ਮਿਲਾਵਹੀ॥੩੪੦॥

ਮਾਨ ਸਰੋਵਰ ਦੇ ਪੰਖੇਰੂਆਂ ਨੂੰ ਹੰਸ ਤੇ ਸਾਧ ਸੰਗਤ ਵਿਚ ਬੈਠਣ ਵਾਲੇ ਗੁਰਸਿੱਖਾਂ ਨੂੰ ਪਰਮ ਹੰਸ ਇਸ ਲਈ ਕਥਨ ਕੀਤਾ ਹੈ ਕਿ ਹੰਸ ਆਪਣੇ ਮਾਨ ਸਰੋਵਰ ਦੀ ਨਿਸ਼ਾਨੀ ਦੇਖ ਕੇ ਮਾਨ ਸਰੋਵਰ ਨੂੰ, ਤੇ ਸਿਖ ਆਪਣੀ ਨਿਸ਼ਾਨੀ ਦੇਖ ਕੇ ਗੁਰਦੁਆਰੇ ਨੂੰ ਲੱਭ ਲੈਂਦਾ ਏ; ਇਸ ਕਰਕੇ ਪਰਮ ਹੰਸ ਹੈ। ਪਰ ਇਸ ਵਿਚ ਸਵਾਲ ਪੈਦਾ ਹੁੰਦਾ ਏ ਭਈ, ਹੰਸ ਨੇ ਆਪਣੀ ਨਿਸ਼ਾਨੀ ਨਾਲ ਮਾਨ ਸਰੋਵਰ ਤੇ ਸਿਖ ਨੇ ਵੀ ਆਪਣੀ ਨਿਸ਼ਾਨੀ ਨਾਲ ਗੁਰਦੁਆਰਾ ਲੱਭ ਲਿਆ, ਫੇਰ ਸਿਖ ਵਿਚ ਉਹ ਕਿਹੜੀ ਵਿਸ਼ੇਸ਼ਤਾ ਹੋਈ ਜਿਸ ਨਾਲ ਕਿ ਇਹ ਪਰਮ ਹੰਸ ਮੰਨਿਆ ਜਾ ਸਕੇ ? ਇਸਦਾ ਉੱਤਰ ਦੂਜੀ ਤੁਕ ਵਿਚ ਦਿੱਤਾ ਹੈ ਕਿ ਮਾਨ ਸਰੋਵਰ ਦੇ ਰਹਿਣ ਵਾਲਾ ਹੰਸ ਮੋਤੀਆਂ ਦੀ ਖ਼ੁਰਾਕ ਖਾਂਦਾ ਹੈ, ਹੋਰ ਦੂਜੀ ਕਿਸੇ ਵੀ ਖ਼ੁਰਾਕ ਨੂੰ ਸਵੀਕਾਰ ਨਹੀਂ ਕਰਦਾ ਤੇ ਸਾਧ ਸੰਗਤ ਵਿਚ ਰਹਿਣ ਵਾਲਾ ਸਿਖ ਗੁਰੂ ਦੇ ਸ਼ਬਦ ਨੂੰ ਮੋਤੀ ਜਾਣ ਕੇ ਸੁਰਤੀ ਦੀ ਜੀਭ ਨਾਲ ਚੁਗਦਾ ਤੇ ਤ੍ਰਿਪਤ ਹੋ ਜਾਂਦਾ ਹੈ। ਹੋਰ ਕਿਸੇ ਸ਼ਬਦ ਨੂੰ ਗੁਰੂ ਦੇ ਸ਼ਬਦ ਸਮਾਨ ਨਹੀਂ ਸਮਝਦਾ, ਇਸ ਕਾਰਨ ਪਰਮ ਹੰਸ ਹੈ। ਪਰ ਏਥੇ ਵੀ ਇਹ ਸਵਾਲ ਉੱਠਦਾ ਏ ਭਈ, ਹੰਸ, ਮੋਤੀਆਂ ਤੋਂ ਸਿਵਾ ਹੋਰ ਕੋਈ ਖ਼ੁਰਾਕ ਅੰਗੀਕਾਰ ਨਹੀਂ ਕਰਦਾ ਤੇ ਸ਼ਬਦ-ਰੂਪ ਮੋਤੀ ਤੋਂ ਬਿਨਾ ਸਿਖ ਹੋਰ ਕੋਈ ਸ਼ਬਦ ਨਹੀਂ ਜਪਦਾ। ਇਹ ਵੀ ਦੋਵੇਂ ਗੁਣ ਸਮਾਨ ਹਨ। ਸਿਖ ਵਿਚ ਅਧਿਕਤਾ ਕਿਹੜੀ ਹੈ, ਜਿਸਦਾ ਸਦਕਾ ਇਹ ਪਰਮ ਹੰਸ ਹੈ ? ਇਸਦਾ ਉੱਤਰ ਤੀਸਰੀ ਤੁਕ ਵਿਚ ਇਉਂ ਦਿਤਾ ਹੈ ਕਿ ਹੰਸ ਦੁੱਧ-ਪਾਣੀ ਨੂੰ ਨਿਖੇੜ ਦਿੰਦਾ ਹੈ। ਹੰਸ ਦੇ ਸਾਮ੍ਹਣੇ ਦੁੱਧ ਤੇ ਪਾਣੀ ਮਿਲਾ ਕੇ ਰੱਖ ਦਿਤੇ ਜਾਣ ਤਾਂ ਉਹ ਇਨ੍ਹਾਂ ਨੂੰ ਵੱਖੋ ਵੱਖ ਕਰ ਕੇ ਨਿਖੇੜਾ ਕਰ ਦਿੰਦਾ ਏ, ਏਸੇ ਪ੍ਰਕਾਰ ਸਿਖ ਦੁਰਮਤ ਤੇ ਗੁਰਮਤਿ ਨੂੰ ਅੱਡੋ ਅੱਡ ਕਰ ਕੇ ਗੁਰਮਤਿ ਨੂੰ ਗ੍ਰਹਿਣ ਕਰ ਕੇ ਦੁਰਮਤ ਨੂੰ ਪਾਣੀ ਜਾਣ ਕੇ ਤਿਆਗ ਦਿੰਦਾ ਏ, ਇਸ ਕਰਕੇ ਪਰਮ ਹੰਸ ਹੈ। ਪਰ ਏਥੇ ਵੀ ਪਿਛਲਾ ਸਵਾਲ ਜਾਗ ਉੱਠਦਾ ਹੈ ਕਿ ਹੰਸ ਨੇ ਦੁੱਧ ਪਾਣੀ ਵੱਖੋ ਵੱਖ ਕਰ ਦਿਤੇ ਤੇ ਸਿਖ ਨੇ ਦੁਰਮਤ ਤੇ ਗੁਰਮਤਿ ਵੱਖੋ ਵੱਖਰੀ ਕਰ ਦਿੱਤੀ, ਇਹ ਗੁਣ ਵੀ ਦੋਵਾਂ ਵਿਚ ਸਮਾਨ ਹੈ। ਆਖ਼ਰ ਸਿਖ ਵਿਚ ਹੰਸ ਨਾਲੋਂ ਕਿਹੜਾ ਵਡੱਪਣ ਹੈ, ਜਿਸ ਕਰਕੇ ਇਹ ਪਰਮ ਹੰਸ ਹੈ ? ਭਾਈ ਜੀ ਨੇ ਚੌਥੀ ਤੁਕ ਵਿਚ ਸਿਖ ਦੀ ਅਧਿਕਤਾ ਦਰਸਾ ਕੇ ਇਸ ਨੂੰ ਪਰਮ ਹੰਸ ਪਰਗਟ ਕੀਤਾ ਏ। ਮਾਨ ਸਰੋਵਰ 'ਤੇ ਹੰਸ ਦੇ ਨਾਲ ਬਗਲੇ ਤੇ ਕਾਂ ਵੀ ਬੈਠੇ ਹੋਏ ਹਨ। ਬਗਲੇ ਕਪਟੀ ਤੇ ਕਾਂ ਕਾਲੇ ਹਨ। ਹੰਸ ਬਗਲਿਆਂ ਦਾ ਕਪਟ ਤੇ ਕਾਵ੍ਹਾਂ ਦਾ ਕਾਲਾਪਨ ਗਵਾ ਕੇ ਉਨ੍ਹਾਂ ਨੂੰ ਆਪਣੇ ਵਰਗੇ ਹੰਸ ਨਹੀਂ ਬਣਾ ਸਕਦਾ। ਮਾਨ ਸਰੋਵਰ ਦਾ ਬਗਲਾ ਤੇ ਕਾਂ ਆਪਣੇ ਸੁਭਾਅ ਅਨੁਸਾਰ ਡੱਡਾਂ ਮੱਛੀਆਂ ਖਾਈ ਜਾਂਦੇ ਨੇ। ਹੰਸ ਉਨ੍ਹਾਂ ਦੇ ਔਗੁਣਾਂ ਨੂੰ ਕਿਸੇ ਸੂਰਤ ਵੀ ਦੂਰ ਨਹੀਂ ਕਰ ਸਕਦਾ; ਪਰ ਗੁਰਸਿਖ ਵਿਚ ਇਹ ਸ਼ਕਤੀ ਹੈ ਕਿ ਪਾਪਾਂ ਨਾਲ ਕਾਲੇ ਹੋ ਚੁਕੇ ਮਨਮੁਖਾਂ ਨੂੰ ਤੇ ਬਗਲੇ ਵਾਂਗ ਕਪਟ ਕਰਨ ਵਾਲੇ ਦਿਖਾਵੇ ਦੇ ਭਗਤਾਂ ਨੂੰ ਸਚੇ ਸੰਤ ਬਣਾ ਕੇ ਆਪਣੇ

ਸਮਾਨ ਉੱਚੇ ਮੰਡਲਾਂ ਦੇ ਵਾਸੀ ਬਣਾ ਲੈਂਦਾ ਏ, ਇਸ ਕਰਕੇ ਪਰਮ ਹੰਸ ਹੈ। ਗੁਨਾਹਗਾਰਾਂ ਤੇ ਅਪਰਾਧੀਆਂ ਨੂੰ ਪਾਪਾਂ ਦੇ ਟੋਏ 'ਚੋਂ ਕੱਢ ਕੇ ਉੱਚੇ ਅਕਾਸ਼ੀਂ ਚਾੜ੍ਹ ਕੇ ਅਰਸ਼ੀ ਪੀਂਘਾਂ ਦੇ ਹੁਲਾਰਿਆਂ 'ਚ ਪਹੁੰਚਾ ਦਿੰਦਾ ਏ, ਜਿਸ ਕਾਰਨ ਪਰਮ ਹੰਸ ਸਦਵਾਂਦਾ ਏ। ਜਿਹੜਾ ਵੀ ਸਿਖ ਦੇ ਨਾਲ ਸਪਰਸ਼ ਕਰ ਜਾਏ ਉਹ ਨਿਰਮਲ ਹੋ ਜਾਂਦਾ ਏ, ਸ਼ੁਧ ਹੋ ਕੇ ਲੋਕ ਪਰਲੋਕ ਮੁਖ ਉਜਲਾ ਕਰ ਲੈਂਦਾ ਏ।

ਪਾਣੀ ਦਾ ਛੇਵਾਂ ਗੁਣ ਹੈ ਕਿ ਬਹੁਤਿਆਂ ਰੰਗਾਂ ਦੀ ਸੰਗਤ ਕਰਕੇ ਵੀ ਆਪਣਾ ਰੰਗ ਨਾ ਛੱਡਣਾ ਤੇ ਚਿੱਟੇ ਦਾ ਚਿੱਟਾ ਰਹਿਣਾ। ਸਿਖ ਨੂੰ ਵੀ ਚਾਹੀਦਾ ਏ, ਭਈ ਹਰ ਇਕ ਸਭਾ ਸੁਸਾਇਟੀ ਵਿਚ ਜਾਏ, ਸਾਰਿਆਂ ਨਾਲ ਮੇਲ-ਜੋਲ ਰਖੇ, ਪ੍ਰਾਣੀ ਮਾਤਰ ਨਾਲ ਪਿਆਰ ਦਾ ਰਿਸ਼ਤਾ ਪੱਕਾ ਕਰੇ, ਪਰ ਸਿੱਖੀ ਦੇ ਚਿੱਟੇ ਰੰਗ ਨੂੰ ਨਾ ਤਿਆਗੇ ਕਿਉਂਕਿ ਜਿਹੜੀ ਚੀਜ਼ ਆਪਣੀ ਜਾਤ ਵਿਚ ਪੂਰੀ ਨਾ ਹੋਵੇ ਉਹ ਕਿਸੇ ਵਾਸਤੇ ਵੀ ਮੁਫ਼ੀਦ ਤੇ ਲਾਭਦਾਇਕ ਨਹੀਂ ਹੁੰਦੀ। ਜਿਸ ਤਰ੍ਹਾਂ ਤਲਵਾਰ ਅਗਰ ਆਪਣੀ ਹਾਲਤ ਵਿਚ ਪੂਰੀ ਤੇ ਮੁਕੰਮਲ ਹੈ ਤਾਂ ਤੇ ਉਹ ਤਲਵਾਰ ਹੈ, ਪਰ ਜੇ ਐਵੇਂ ਤਲਵਾਰ ਦੀ ਸ਼ਕਲ ਦਾ ਲੋਹਾ ਵਿੰਗਾ ਕਰ ਦਿੱਤਾ ਜਾਏ ਤਾਂ ਉਹ ਧੋਖਾ ਜਿਹਾ ਸਾਬਤ ਹੋਵੇਗਾ। ਨਾ ਉਹ ਸੱਜਣ ਲਈ ਲਾਭਦਾਇਕ ਹੈ ਤੇ ਨਾ ਹੀ ਦੁਸ਼ਮਣ ਲਈ ਹਾਨੀਕਾਰਕ, ਕਿਉਂਕਿ ਉਹ ਆਪਣੀ ਜਾਤ ਵਿਚ ਪੂਰੀ ਨਹੀਂ। ਫੂਲ ਓਦੋਂ ਹੀ ਫੂਲ ਹੈ ਜਦੋਂ ਉਹਦੇ ਵਿਚ ਸੁਗੰਧੀ ਤੇ ਕੋਮਲਤਾ ਹੋਵੇ। ਅੱਗ ਓਦੋਂ ਹੀ ਅੱਗ ਹੈ, ਜਦੋਂ ਉਸ ਵਿਚ ਪ੍ਰਕਾਸ਼ ਤੇ ਸਾੜਨ ਦੀ ਸ਼ਕਤੀ ਹੋਵੇ। ਜੇ ਫੁੱਲ ਕੋਮਲ ਤੇ ਸੁਗੰਧੀ ਭਰਿਆ ਨਹੀਂ ਤਾਂ ਉਹ ਇਕ ਪੱਥਰ ਹੈ। ਜੇ ਅੱਗ ਪ੍ਰਕਾਸ਼ ਤੇ ਸਾੜਨ ਸ਼ਕਤੀ ਤੋਂ ਖ਼ਾਲੀ ਹੈ, ਤਾਂ ਉਹ ਅੱਗ ਨਹੀਂ ਸਗੋਂ ਸੁਆਹ ਤੇ ਮਿੱਟੀ ਹੈ। ਏਸੇ ਤਰ੍ਹਾਂ ਜੇ ਸਿਖ ਆਪਣੇ ਆਪ ਵਿਚ ਪੂਰਾ ਨਹੀਂ ਤਾਂ ਉਹ ਸਿੱਖੀ ਦੀ ਨਕਲ ਹੈ। ਸਿਖ ਆਪਣੇ ਰੰਗ ਵਿਚ ਮਸਤ ਤੇ ਖੀਵਾ ਹੋਣਾ ਚਾਹੀਦਾ ਏ। ਇਸਦਾ ਰੰਗ ਸਾਰੇ ਸੰਸਾਰ 'ਚੋਂ ਵੱਖਰਾ ਤੇ ਚਮਕੀਲਾ ਹੈ। ਤਲਵਾਰ ਕਿਸੇ ਦੇ ਵੀ ਹੱਥ ਵਿਚ ਕਿਉਂ ਨਾ ਆ ਜਾਏ, ਉਹ ਤਲਵਾਰ ਹੈ। ਫੁਲ ਕਿਸੇ ਵੀ ਜਾਤ ਬਰਾਦਰੀ ਕੋਲ ਕਿਉਂ ਨਾ ਚਲਿਆ ਜਾਏ, ਉਹ ਫੁਲ ਹੀ ਹੈ। ਅੱਗ ਕਿਸੇ ਵੀ ਸ਼੍ਰੇਣੀ ਦੇ ਘਰ ਕਿਉਂ ਨਾ ਬਲਦੀ ਹੋਵੇ, ਉਹ ਅੱਗ ਹੀ ਹੈ। ਏਸੇ ਤਰ੍ਹਾਂ ਸਿਖ ਕਿਸੇ ਵੀ ਸਭਾ ਸੁਸਾਇਟੀ 'ਚ ਕਿਉਂ ਨਾ ਚਲਿਆ ਜਾਏ, ਉਸਨੂੰ ਸਿਖ ਹੀ ਰਹਿਣਾ ਚਾਹੀਦਾ ਏ। ਜੇ ਉਹ ਸਿੱਖੀ ਵਿਚ ਪੂਰਾ ਹੈ ਤਾਂ ਆਪਣੇ ਲਈ ਤੇ ਦੂਜਿਆਂ ਲਈ ਲਾਭਦਾਇਕ ਤੇ ਸੁਖਦਾਤਾ ਹੋ ਸਕਦਾ ਏ। ਪਰ ਜੇ ਉਹ ਆਪਣੀ ਹਾਲਤ ਵਿਚ ਡਾਵਾਂ ਡੋਲ ਤੇ ਸੱਟਪਟਾਇਆ ਹੈ ਤਾਂ ਕਿਸੇ ਵਾਸਤੇ ਭੀ ਸੁਖਦਾਈ ਸਾਬਤ ਨਹੀਂ ਹੋ ਸਕਦਾ। ਦੁਖ ਨਾਲ ਕਹਿਣਾ ਪੈਂਦਾ ਹੈ ਕਿ ਗੁਜ਼ਰ ਰਹੇ ਸਮੇਂ ਵਿਚ ਸਿਖ ਨੌਜਵਾਨ ਦੂਜਿਆਂ ਦਾ ਅਸਰ ਕਬੂਲ ਕੇ ਸਿੱਖੀ ਤੋਂ ਪਤਿਤ ਹੋ ਰਹੇ ਹਨ। ਜੇ ਸਿਖ ਨੌਜਵਾਨ ਸਿੱਖੀ ਰਹਿਤ ਮਰਯਾਦਾ ਵਿਚ ਪੂਰੇ ਰਹਿੰਦੇ ਤਾਂ ਸੁਤੇ ਸਿਧ ਹੀ ਸਿੱਖੀ ਦਾ ਪ੍ਰਚਾਰ ਕਾਫ਼ੀ ਤੋਂ ਜ਼ਿਆਦਾ ਹੋ ਸਕਦਾ ਸੀ, ਪਰ ਸਿਨੇਮਾ ਦੇ ਗੰਦੇ ਮੰਦੇ ਗਾਣਿਆਂ ਤੇ ਚੰਚਲ ਤਸਵੀਰਾਂ ਦਾ ਅਸਰ ਕਬੂਲ ਕੇ, ਗਵਾਂਢੀਆਂ ਦੀ ਸ਼ੇਪ ਤੇ ਲਿਸ਼ਕ ਪੁਸ਼ਕ ਨੂੰ ਦੇਖ ਕੇ ਸਿਖ ਗਭਰੂ ਵੀ ਉਸ ਵਹਿਣ 'ਚ ਵਹਿ ਤੁਰੇ, ਜਿਸ ਕਾਰਨ ਸਿੱਖੀ ਨੂੰ ਨਾ ਜਰਿਆ ਜਾਨ ਵਾਲਾ ਨੁਕਸਾਨ

ਪੁੱਜਾ। ਸਿਖ ਨੂੰ ਤਾਂ ਚਾਹੀਦਾ ਸੀ ਕਿ ਪਾਣੀ ਵਾਂਗ ਸਾਰਿਆਂ ਦੀ ਸੰਗਤ ਕਰ ਕੇ ਵੀ ਚਿੱਟੇ ਦਾ ਚਿੱਟਾ ਰਹਿੰਦਾ।

ਪਾਣੀ ਦਾ ਸਤਵਾਂ ਗੁਣ ਹੈ ਕਿ ਸਾਰੀ ਬਨਸਪਤੀ ਵਿਚ ਸਮਾਨ ਰੂਪ ਹੋ ਕੇ ਰਸਿਆ ਹੋਇਆ ਹੈ। ਜਿਸ ਤੋਂ ਸਿਖ ਨੂੰ ਇਹ ਉਪਦੇਸ਼ ਲੈਣਾ ਚਾਹੀਦਾ ਏ ਭਈ, ਪਾਣੀ ਵਾਂਗ ਪਰਮਾਤਮਾ ਵੀ ਹਰ ਜ਼ੱਰਰੇ 'ਤੇ ਹਰ ਰਗ-ਰੇਸ਼ੇ ਵਿਚ ਰਮਿਆ ਹੋਇਆ ਹੈ। ਜਿਸ ਤਰ੍ਹਾਂ ਬਨਸਪਤੀ ਦਾ ਕੋਈ ਵੀ ਪੱਤਾ ਪਾਣੀ ਤੋਂ ਖ਼ਾਲੀ ਨਹੀਂ, ਇਸ ਤਰ੍ਹਾਂ ਸੰਸਾਰ ਦਾ ਕੋਈ ਵੀ ਜੀਵ, ਪਰਮਾਤਮਾ ਤੋਂ ਖ਼ਾਲੀ ਨਹੀਂ। ਜਿਸ ਤਰ੍ਹਾਂ ਫੁਲ ਵਿਚਲੀ ਸੁਗੰਧੀ, ਦੁਧ ਵਿਚਲਾ ਘਿਓ ਤੇ ਲੱਕੜੀ ਵਿਚਲੀ ਅੱਗ ਨਜ਼ਰ ਨਹੀਂ ਆਉਂਦੀ, ਪਰ ਹੈ ਜ਼ਰੂਰ। ਏਸੇ ਤਰ੍ਹਾਂ ਪਰਮਾਤਮਾ ਵੀ ਨਜ਼ਰ ਨਹੀਂ ਆਉਂਦਾ ਪਰ ਹੈ ਸਾਰਿਆਂ ਵਿਚ। ਕੌਣ ਨਹੀਂ ਜਾਣਦਾ ਕਿ ਜ਼ਮੀਨ ਵਿਚ ਪਾਣੀ ਹੈ ਪਰ ਜਿੰਨਾ ਚਿਰ ਜਤਨ ਨਾ ਕੀਤਾ ਜਾਏ ਓਨਾ ਚਿਰ ਧਰਤੀ ਵਿਚਲਾ ਪਾਣੀ ਪ੍ਰਾਪਤ ਨਹੀਂ ਹੋ ਸਕਦਾ। ਏਸੇ ਪ੍ਰਕਾਰ ਜਤਨ ਕੀਤਿਆਂ ਪਰਮਾਤਮਾ ਵੀ ਪ੍ਰਾਪਤ ਹੋ ਸਕਦਾ ਹੈ। ਜੇ ਕੋਈ ਢਿਲ ਜਾਂ ਕਸਰ ਹੈ ਤਾਂ ਕੇਵਲ ਸਾਡੇ ਜਤਨ ਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿਚ ਸਫ਼ਰ ਕਰਨ ਵਾਲੇ ਮਨੁੱਖ ਨੂੰ, ਸੁਖੈਨ ਹੀ ਸਮਝ ਆ ਜਾਣੀ ਚਾਹੀਦੀ ਏ ਕਿ ਬਾਣੀ ਨੇ ਇਸ ਬਾਰੇ ਵਿਸ਼ਾਲ ਚਾਨਣਾ ਦਿੱਤਾ ਹੈ ਤੇ ਸੁਚੱਜੇ ਅਤੇ ਸੁਲਝੇ ਹੋਏ ਢੰਗ ਨਾਲ ਕਿੰਨਾ ਉੱਚਾ ਜਾ ਕੇ ਲਿਖਿਆ ਹੈ:

ਏਕ ਅਨੇਕ ਬਿਆਪਕ ਪੂਰਕ, ਜਤ ਦੇਖਉ ਤਤ ਸੋਈ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ, ਬਿਰਲਾ ਬੂਝੈ ਕੋਈ॥

(ਆਸਾ ਨਾਮਦੇਉ, ਪੰਨਾ ੪੮੫)

ਇਕ ਨਿਰੰਕਾਰ ਹੀ ਅਨੇਕ ਰੂਪ ਹੋ ਕੇ ਵਿਆਪ ਰਿਹਾ ਏ, ਜਿਥੇ ਦੇਖੋ ਉਥੇ ਹੀ ਮੌਜੂਦ ਹੈ। ਮਾਇਆ ਦੀਆਂ ਚਿਤ੍ਰਕਾਰੀਆਂ ਹੋਣ ਕਰਕੇ ਮਨਮੋਹਣੀਆਂ ਹਨ, ਇਨ੍ਹਾਂ ਵਿਚ ਫਸਿਆ ਹੋਇਆ ਮਨੁੱਖ ਉਸਦੀ ਵਿਆਪਕਤਾ ਨੂੰ ਨਹੀਂ ਸਮਝਦਾ, ਕੋਈ ਵਿਰਲਾ ਹੀ ਇਸ ਭੇਦ ਨੂੰ ਸਮਝਦਾ ਏ। ਉਸਦੀ ਰਮੀ ਹੋਈ ਅਵਸਥਾ ਦਾ ਜ਼ਿਕਰ ਇਉਂ ਭੀ ਕੀਤਾ ਹੈ ਕਿ:

ਤੂੰ ਪੇਡੁ ਸਾਖ ਤੇਰੀ ਫੂਲੀ॥
ਤੂੰ ਸੂਖਮੁ ਹੋਆ ਅਸਥੂਲੀ॥ *(ਮਾਝ ਮ: ੫, ਪੰਨਾ ੧੦੨)*

ਐ ਮਾਲਕ! ਤੂੰ ਦਰਖ਼ਤ ਹੈਂ, ਅਸੀਂ ਤੇਰੀਆਂ ਸ਼ਾਖ਼ਾਂ ਹਾਂ, ਤੇ ਸ਼ਾਖ਼ਾਂ ਵੀ ਸੋਹਣੀਆਂ ਫਲੀਆਂ ਫੁਲੀਆਂ ਹੋਈਆਂ। ਤੂੰ ਹੀ ਸੂਖਮ ਤੋਂ ਅਸਥੂਲ ਰੂਪ ਧਾਰਨ ਕਰ ਲਿਆ ਏ। ਦੂਜੀ ਥਾਵੇਂ ਇਉਂ ਭੀ ਹੁਕਮ ਕੀਤਾ ਹੈ ਕਿ:

ਤੂ ਭਰਪੂਰਿ ਜਾਨਿਆ ਮੈ ਦੂਰਿ॥
ਜੋ ਕਛੁ ਕਰੀ ਸੁ ਤੇਰੈ ਹਦੂਰਿ॥ *(ਸਿਰੀਰਾਗ ਮ: ੧, ਪੰਨਾ ੨੫)*

ਸੋ ਉਹ ਸਰਬ-ਸ਼ਕਤੀਮਾਨ ਪਾਣੀ ਦੇ ਬਨਸਪਤੀ ਵਿਚ ਰਮਣ ਵਾਂਗ, ਸਾਰੇ ਵਿਆਪਕ ਹੈ। ਸਿਖ ਲਈ ਲਾਜ਼ਮੀ ਹੈ ਕਿ ਉਸ ਨੂੰ ਹਰ ਥਾਵੇਂ ਵੇਖੇ ਤੇ ਉਸ ਨਾਲ

ਪਿਆਰ ਕਰੇ, ਉਸਨੂੰ ਕਿਤੇ ਦੂਰ ਲੁਕਿਆ ਹੋਇਆ ਨਾ ਜਾਣੇ।

ਪਾਣੀ ਦਾ ਅੱਠਵਾਂ ਤੇ ਨੌਵਾਂ ਗੁਣ ਇਹ ਹਨ ਕਿ ਛਾਵੇਂ ਠੰਢਾ ਤੇ ਧੁਪੇ ਤੱਤਾ ਹੋ ਜਾਂਦਾ ਏ। ਇਸ ਤਰ੍ਹਾਂ ਸਿਖ ਵੀ ਸਮੇਂ ਅਨੁਸਾਰ ਸਰਦ ਗਰਮ ਹੋਣਾ ਚਾਹੀਦਾ ਏ, ਜਿਵੇਂ ਧੁੱਪ ਤੇ ਛਾਂ ਦੇ ਅਸਰ ਨੂੰ ਪਾਣੀ ਗ੍ਰਹਿਣ ਕਰ ਲੈਂਦਾ ਏ, ਜੇ ਧੁੱਪ ਦੀ ਸੰਗਤ ਮਿਲੇ ਤਾਂ ਤੱਤਾ, ਜੇ ਛਾਂ ਦੀ ਸੰਗਤ ਮਿਲੇ ਤਾਂ ਠੰਢਾ ਹੋ ਜਾਂਦਾ ਹੈ। ਇਸ ਤਰ੍ਹਾਂ ਸਿਖ ਨੂੰ ਵੀ ਦੋ ਪ੍ਰਕਾਰ ਦੀ ਸੰਗਤ ਮਿਲਦੀ ਹੈ। ਇਕ ਸਾਧ ਸੰਗਤ ਤੇ ਦੂਜੀ ਸਿਪਾਹੀ ਸੰਗਤ। ਸਾਧ ਸੰਗਤ ਵਿਚ ਬੈਠ ਕੇ ਠੰਢਾ ਤੇ ਸਿਪਾਹੀ ਸੰਗਤ 'ਚ ਬੈਠ ਕੇ ਬੀਰ ਰਸ ਗ੍ਰਹਿਣ ਕਰਨਾ ਉਚਿਤ ਹੈ। ਇਨ੍ਹਾਂ ਤੋਂ ਬਿਨਾਂ ਸਿਖ-ਜੀਵਨ ਅਧੂਰਾ ਜਿਹਾ ਭਾਸਦਾ ਏ, ਸੰਗਤ ਕਰਨੀ ਅਤਿ ਜ਼ਰੂਰੀ ਹੈ; ਪਰ ਸੰਗਤ ਦੋ ਪ੍ਰਕਾਰ ਦੀ ਕਰਨੀ ਹੀ ਠੀਕ ਹੈ, ਜਿਸ ਤਰ੍ਹਾਂ ਕਿ:

ਕਬੀਰ ਸੰਗਤਿ ਕਰੀਐ ਸਾਧ ਕੀ, ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ, ਜਾ ਤੇ ਹੋਇ ਬਿਨਾਹੁ॥੯੩॥

(ਸਲੋਕ ਕਬੀਰ ਜੀ, ਪੰਨਾ ੧੩੬੯)

ਪ੍ਰਭਾਤ ਦੇ ਭਿੱਜੇ ਹੋਏ ਤੇ ਰਸੀਲੇ ਸਮੇਂ ਸਾਧ ਸੰਗਤ ਕਰਨੀ ਆਤਮਾ ਦੀ ਖ਼ੁਰਾਕ ਹੈ, ਜਿਸ ਨਾਲ ਆਤਮਾ ਬਲਵਾਨ ਬਣਦੀ ਏ। ਜੀਵਨ ਦਾ ਸੱਚਾ ਆਦਰਸ਼ ਤੇ ਉੱਚਾ ਨਿਸ਼ਾਨਾ ਹਰ ਵੇਲੇ ਸਾਹਮਣੇ ਚਮਕਦਾ ਦਿੱਸਦਾ ਏ। ਸਾਕਤ ਦਾ ਸੰਗ ਭੁਲ ਕੇ ਵੀ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਵਿਚ ਆਦਿ ਅੰਤ ਹਾਨੀ ਹੀ ਹਾਨੀ ਹੈ। ਤਦੇ ਤਾਂ ਆਖਿਆ ਹੈ ਕਿ:

ਕਬੀਰ ਸਾਕਤ ਸੰਗੁ ਨ ਕੀਜੀਐ, ਦੂਰਹਿ ਜਈਐ ਭਾਗਿ॥
ਬਾਸਨੁ ਕਾਰੋ ਪਰਸੀਐ, ਤਉ ਕਛੁ ਲਾਗੈ ਦਾਗੁ॥੧੩੧॥

(ਸਲੋਕ ਕਬੀਰ ਜੀ, ਪੰਨਾ ੧੩੭੧)

ਸਾਕਤ ਦੀ ਸੰਗਤ ਕੋਲੋਂ ਦੂਰ ਨੱਸ ਜਾਣਾ ਹੀ ਅਕਲਮੰਦੀ ਤੇ ਸਿਆਣਪ ਹੈ, ਕਿਉਂਕਿ ਕਾਲੇ ਬਰਤਨ ਨੂੰ ਛੋਹਣ ਨਾਲ ਕਾਲਾ ਦਾਗ਼ ਲੱਗ ਜਾਣਾ ਜ਼ਰੂਰੀ ਗੱਲ ਹੈ। ਜਿਹੜੀ ਵੀ ਚੀਜ਼ ਕਾਲੇ ਭਾਂਡੇ ਨਾਲ ਛੂਹੇਗੀ, ਉਸ ਨੂੰ ਜ਼ਰੂਰ ਕਾਲਾ ਦਾਗ਼ ਲੱਗੇਗਾ। ਏਸੇ ਤਰ੍ਹਾਂ ਸਾਕਤ ਦਾ ਸੰਗ ਕੀਤਿਆਂ ਬੁਰਾਈਆਂ ਦਾ ਦਾਗ਼ ਲੱਗ ਜਾਣਾ ਜ਼ਰੂਰੀ ਹੈ। ਸਾਕਤ ਬਾਰੇ ਕਥਨ ਹੈ ਕਿ:

ਕਬੀਰ ਸਾਕਤ ਤੇ ਸੂਕਰ ਭਲਾ, ਰਾਖੈ ਆਛਾ ਗਾਉ॥
ਉਹੁ ਸਾਕਤੁ ਬਪੁਰਾ ਮਰਿ ਗਇਆ, ਕੋਇ ਨ ਲੈਹੈ ਨਾਉ॥੧੪੩॥

(ਸਲੋਕ ਕਬੀਰ ਜੀ, ਪੰਨਾ ੧੩੭੨)

ਸਾਕਤ ਨਾਲੋਂ ਸੂਰ ਨੂੰ ਚੰਗਾ ਦੱਸਿਆ ਹੈ। ਸੂਰ ਪਿੰਡ ਦੀ ਸਫ਼ਾਈ ਕਰ ਕੇ ਭੈੜੀ ਬਦਬੋ ਤੋਂ ਬਚਾ ਕੇ ਰੱਖਦਾ ਏ, ਪਰ ਸਾਕਤ ਦੇ ਮਰ ਜਾਣ ਪਿਛੋਂ ਉਸਦਾ ਕੋਈ ਨਾਂ ਵੀ ਨਹੀਂ ਲੈਂਦਾ। ਸੋ ਸਾਕਤ ਦੀ ਸੰਗਤੋਂ ਬਚ ਕੇ ਸਾਧ ਸੰਗਤ ਨਾਲ ਜੁੜਨ ਤੇ ਆਤਮਕ ਜੀਵਨ ਦੀਆਂ ਮੌਜਾਂ ਮਾਣਨੀਆਂ ਜ਼ਰੂਰੀ ਹਨ।

ਸਾਧ ਸੰਗਤ ਵਿਚੋਂ ਆਤਮਕ ਜੀਵਨ ਦੀਆਂ ਸੁਰੀਲੀਆਂ ਤੇ ਸੁਹਾਵਣੀਆ ਰੁਮਕਾਂ ਪਿਛੋਂ ਜਿਸਮਾਨੀ ਸ਼ਕਤੀ ਤੇ ਬੀਰ ਰਸ ਪੈਦਾ ਕਰਨ ਲਈ ਬਹਾਦਰਾਂ ਤੇ ਸ਼ਹੀਦਾਂ ਦੀ ਸੰਗਤ, ਸਿਖ ਲਈ ਜ਼ਰੂਰੀ ਤੇ ਅਤਿ ਜ਼ਰੂਰੀ ਹੈ, ਤਾਕਿ ਸਮੇਂ ਸਿਰ ਦੇਸ਼, ਕੌਮ ਤੇ ਧਰਮ ਦੀ ਰਖਿਆ ਕੀਤੀ ਜਾ ਸਕੇ। ਅੰਮ੍ਰਿਤ ਵੇਲੇ ਸ਼ਾਂਤ ਰਸ ਦੇ ਰੰਗ ਤੇ ਦੇਸ਼ ਰਖਿਆ ਵੇਲੇ ਤੇਗ਼ ਦੇ ਜੌਹਰ ਦੱਸਣੇ, ਇਹ ਸਿਖ ਦਾ ਠੰਢਾ ਤੱਤਾ ਹੋਣਾ ਹੈ। ਪੁਰਾਣੇ ਸਿਖ, ਸਮੇਂ ਮੁਤਾਬਕ ਠੰਢੇ ਤੱਤੇ ਹੁੰਦੇ ਰਹੇ ਹਨ। ਇਕ ਵਾਰੀ ਦੀ ਗੱਲ ਹੈ ਕਿ ਕਸੂਰ ਦੇ ਪਠਾਣਾਂ ਇਕ ਬ੍ਰਾਹਮਣ ਦੀ ਸੱਜ ਵਿਆਹੀ ਬ੍ਰਾਹਮਣੀ ਖੋਹ ਲਈ। ਭਾਵੇਂ ਬਰਾਤ ਨਾਲ ਗਏ ਹੋਏ ਬਰਾਤੀ ਕੋਲ ਹੀ ਸਨ, ਪਰ ਦੇਖਦੇ ਹੀ ਰਹਿ ਗਏ। ਪਠਾਣ ਪਲੋ ਪਲੀ ਵਿਚ ਡੋਲਾ ਖ਼ਾਲੀ ਕਰ ਕੇ ਰਫ਼ੂਚੱਕਰ ਹੋ ਗਏ। ਭਾਵੇਂ ਬਾਰਾਤ ਨਾਲ ਚੰਗੇ ਚੰਗੇ ਗੱਭਰੂ ਵੀ ਸ਼ਾਮਲ ਸਨ, ਪਰ ਸੈਂਕੜੇ ਬਰਸ ਦੇ ਗ਼ੁਲਾਮ ਕੁਝ ਸਵਾਰ ਨਾ ਸਕੇ, ਕੇਵਲ ਈਸ਼ਵਰ ਕ੍ਰੋਪੀ ਜਾਣ ਕੇ ਕਾਇਰਾਂ ਵਾਂਗ ਹੱਥ ਮਲਦੇ ਰਹਿ ਗਏ। ਜਿਸ ਵਿਚਾਰੇ ਦੀ ਕਿਸਮਤ 'ਤੇ ਡਾਕਾ ਪਿਆ ਸੀ, ਉਹ ਚਾਰ ਚੁਫੇਰੇ ਨਿਰਾਸਤਾ ਛਾਈ ਹੋਈ ਦੇਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਆਇਆ। ਅੱਗੇ ਖ਼ਾਲਸਾ ਜੀ ਦਾ ਦੀਵਾਨ ਸਜਿਆ ਹੋਇਆ ਸੀ, ਜਿਸ ਵਿਚ ਅੰਮ੍ਰਿਤਮਈ ਬਾਣੀ ਦਾ ਰਸ-ਭਿੰਨਾ ਕੀਰਤਨ ਹੋ ਰਿਹਾ ਸੀ, ਤੇ ਸਰੋਤੇ ਬਰਮਾਨੰਦ ਦੇ ਹੁਲਾਰੇ ਮਾਣ ਰਹੇ ਸਨ। ਤਦੇ ਖ਼ਬਰ ਕਿ ਬ੍ਰਾਹਮਣ ਨੇ ਚੀਕ ਮਾਰ ਕੇ ਸ਼ਾਂਤੀ ਨੂੰ ਅਸ਼ਾਂਤੀ ਵਿਚ ਬਦਲ ਦਿੱਤਾ। ਜਥੇਦਾਰ ਸਾਹਿਬ ਦੇ ਪੁੱਛਣ 'ਤੇ ਪੰਡਤ ਜੀ ਨੇ ਆਪਣੀ ਦੁਖ-ਭਰੀ ਵਿਥਿਆ ਸੁਣਾਈ, ਜਿਸ ਨੂੰ ਸੁਣਦਿਆਂ ਹੀ ਸੂਰਮਿਆਂ ਦੇ ਡੌਲੇ ਫਰਕੇ। ਅੱਖਾਂ ਵਿਚੋਂ ਬੀਰ ਰਸ ਦੇ ਚੰਗਿਆੜੇ ਨਿਕਲੇ ਤੇ ਸਭ ਦੇ ਚਿਹਰੇ ਲਾਲੋ ਲਾਲ ਹੋ ਗਏ। ਇਕ ਦੁਖੀਏ ਦੀ ਦਰਦ-ਭਰੀ ਤੇ ਹਿਰਦੇ-ਵੇਧਕ ਘਟਨਾ ਸੁਣ ਕੇ ਜਥੇਦਾਰ ਜੀ ਨੇ ਹੁਕਮ ਦਿੱਤਾ ਕਿ ਐ ਕਲਗੀਧਰ ਦੇ ਸੂਰਬੀਰ ਤੇ ਵਰਿਆਮ ਖਾਲਸਾ ਜੀ! ਓਨਾ ਚਿਰ ਸਾਡੇ ਵਾਸਤੇ ਆਰਾਮ ਹਰਾਮ ਹੈ, ਜਿੰਨਾ ਚਿਰ ਇਸ ਬ੍ਰਾਹਮਣ ਦੀ ਧਰਮ ਪਤਨੀ ਵਾਪਸ ਨਾ ਲਿਆਂਦੀ ਜਾਏ। ਬਸ ਫੇਰ ਕੀ ਸੀ, ਸੂਰਬੀਰ ਬੰਕੇ ਤੱਤੇ ਹੋ ਗਏ। ਯਾਨੀ ਬੀਰ ਰਸ ਵਿਚ ਆ ਗਏ ਤੇ ਆਪਣਾ ਦਲ ਸਾਜਣਾ ਅਰੰਭ ਕਰ ਦਿੱਤਾ। ਜਿਸ ਦਲ-ਸਾਜਨਾ ਦੇ ਬਾਰੇ ਸਾਡੇ ਇਤਿਹਾਸ ਵਿਚ ਜ਼ਿਕਰ ਹੈ ਕਿ :

ਅਤਿ ਮੁੱਦਤ ਕਪਾਲੀ, ਕਿਲਕਤ ਕਾਲੀ, ਅਰਿ ਦਿਸ ਹਾਲੀ ਚਮਕ ਚਲੀ॥
ਬਹੁ ਖਲ ਬਲ ਮਾਚੈ, ਪਲਚਰ ਨਾਚੈ, ਰਣ ਛਿਤ ਜਾਚੈ, ਰਕਤ ਰਲੀ॥
ਡਗ ਮਗ ਭੂੰ ਕੰਪੈ, ਰਜੁ ਨਭ ਝੰਪੈ, ਰਿਪੁ ਕਰ ਸੰਪੈ, ਰੁੱਦਤ ਖਲੀ॥
ਨਿਰਖਤ ਸੁਰ ਲਾਜੈਂ, ਦਿਗੱਜ ਭਾਂਝੈ, ਜਬ ਦਲ ਸਾਜੈਂ, ਸਿੰਘ ਬਲੀ॥

ਜਿਸ ਵੇਲੇ ਸਿੰਘ ਦਲ ਨੂੰ ਸਾਜਦੇ ਸਨ, ਭਾਵ ਸ਼ਸਤਰਾਂ ਨੂੰ ਤਿੱਖੇ ਕਰ ਕੇ, ਬੰਦੂਕਾਂ ਨੂੰ ਸਾਫ਼ ਕਰ ਕੇ, ਤੀਰਾਂ ਦੀਆਂ ਮੁਖੀਆਂ ਰਗੜ ਕੇ, ਕਮਾਨਾਂ ਦੇ ਚਿਲੇ ਠੀਕ ਕਰ ਕੇ, ਖੰਡੇ ਤੇ ਕਿਰਪਾਨਾਂ ਸੰਭਾਲ ਕੇ, ਪੰਜੇ ਸ਼ਸਤਰ ਪਹਿਨ ਕੇ ਘੋੜਿਆਂ 'ਤੇ ਸਵਾਰ ਹੁੰਦੇ ਸਨ, ਉਸ ਵੇਲੇ ਸ਼ਿਵ ਜੀ ਬੜੇ ਖ਼ੁਸ਼ ਹੁੰਦੇ ਸਨ ਕਿ ਸਿੰਘ ਜਿਨ੍ਹਾਂ ਸਿਰਾਂ ਨੂੰ ਵੱਢਣਗੇ, ਉਨ੍ਹਾਂ ਦੀ ਮਾਲਾ ਬਣੇਗੀ ਤੇ ਕਲਕੱਤੇ ਵਾਲੀ ਕਾਲੀ ਦੇਵੀ ਕਿਲਕਾਰੀਆਂ ਮਾਰ

ਉੱਠਦੀ ਸੀ ਭਈ, ਰੱਜ ਕੇ ਲਹੂ ਪੀਆਂਗੀ ਤੇ ਵੈਰੀਆਂ ਦਾ ਪਾਸਾ ਬਿਜਲੀ ਦੀ ਚਮਕ ਵਾਂਗ ਅਲੋਪ ਹੋ ਜਾਂਦਾ ਸੀ। ਧਰਤੀ 'ਤੇ ਬੜੀ ਖਲਬਲੀ ਮਚ ਜਾਂਦੀ ਸੀ, ਤੇ ਮਾਸ ਖਾਣ ਵਾਲੇ ਨਾਚ ਕਰਨ ਲੱਗ ਪੈਂਦੇ ਸਨ ਭਈ, ਅੱਜ ਸਿੰਘਾਂ ਨੇ ਵੈਰੀ ਵੱਢਣੇ ਹਨ ਸੋ ਰੱਜ ਕੇ ਮਾਸ ਖਾਵਾਂਗੇ। ਇਉਂ ਪ੍ਰਤੀਤ ਹੁੰਦਾ ਸੀ ਕਿ ਰਣ-ਭੂਮੀ ਲਹੂ ਨਾਲ ਲੇਥੂ ਪੇਥੂ ਹੋ ਗਈ ਹੈ। ਡਾਵਾਂਡੋਲ ਹੋ ਕੇ ਧਰਤੀ ਕੰਬਣ ਲੱਗ ਪੈਂਦੀ ਸੀ ਤੇ ਘੋੜਿਆਂ ਦੇ ਸੁੰਬਾਂ ਦੀ ਧੂੜ ਨਾਲ ਅਸਮਾਨ ਢੱਕਿਆ ਜਾਂਦਾ ਸੀ। ਦੁਸ਼ਮਣ ਦੇ ਹੱਥ ਵਿਚਲੀ ਸਮੱਗਰੀ ਖੜੀ ਖਲੋਤੀ ਰੋਣ ਲੱਗ ਜਾਂਦੀ ਸੀ। ਦੇਵਤੇ ਦੇਖ ਕੇ ਸ਼ਰਮਿੰਦੇ ਹੋ ਜਾਂਦੇ ਸਨ, ਦਿੱਗ ਵਿਜੈ ਕਰਨ ਵਾਲੇ ਮੈਦਾਨ ਛੱਡ ਕੇ ਹੀ ਨੱਸ ਜਾਂਦੇ ਸਨ।

ਜਬ ਦਲ ਸਾਜੈਂ ਸਿੰਘ ਬਲੀ।

ਸਿੰਘ ਦਲ ਸਮੇਤ ਕਸੂਰ 'ਤੇ ਟੁੱਟ ਪਏ। ਪਠਾਣਾਂ ਨੂੰ ਹੱਥੇ ਪੱਥੇ ਪੈ ਗਏ। ਸਿੰਘਾਂ ਦੀ ਹਨੇਰੀ ਵਰਗੀ ਚੜ੍ਹਾਈ ਨੇ ਉਤਲਾ ਪੱਤ ਹੀ ਨਾ ਆਉਣ ਦਿੱਤਾ। ਜਿਧਰ ਕਿਸੇ ਦਾ ਮੂੰਹ ਆਇਆ, ਨੱਸ ਭੱਜ ਗਏ। ਸ਼ਰਾਬਾਂ 'ਚ ਮਸਤ ਬੈਠਿਆਂ 'ਤੇ ਅਗੰਮੀ ਬਾਜ਼ ਆ ਪਏ। ਪਾਪੀ ਜਾਨਾਂ ਬਚਾ ਕੇ ਫੁਰ ਹੋ ਗਏ। ਪਲੋ ਪਲੀ 'ਚ ਮੈਦਾਨ ਸਾਫ਼ ਹੋ ਗਿਆ। ਸਿੰਘਾਂ ਨੇ ਨਿਰਦੋਸ਼ ਦੇਵੀ ਦੀ ਸਹਾਇਤਾ ਕਰ ਕੇ ਉਸ ਨੂੰ ਡੇਰੇ ਲੈ ਆਂਦਾ ਤੇ ਪੰਡਤ ਦੇ ਹਵਾਲੇ ਕਰ ਦਿੱਤਾ। ਸਿੰਘ ਸੂਰਮੇਂ ਤੱਤੇ ਹੋਏ, ਪਰਉਪਕਾਰ ਲਈ, ਨਿਜੀ ਸੁਆਰਥ ਲਈ ਨਹੀਂ।

ਇਸੇ ਤਰ੍ਹਾਂ ਜਦੋਂ ਅਹਿਮਦ ਸ਼ਾਹ ਨੇ ਭਾਰਤਵਰਸ਼ 'ਤੇ ਜ਼ੁਲਮ ਦੇ ਬੱਦਲ ਚਾੜ੍ਹੇ ਸਨ, ਉਦੋਂ ਕਈ ਮੰਦਰ ਢਾਹੇ, ਕਈ ਸ਼ਹਿਰ ਲੁਟੇ, ਬੇਅੰਤ ਮਾਵਾਂ ਨਿਪੁੱਤੀਆਂ ਕੀਤੀਆਂ, ਲੱਖਾਂ ਭੈਣਾਂ ਦੇ ਭਰਾ ਆਖ਼ਰੀ ਰਾਹ ਨੂੰ ਤੋਰੇ ਤੇ ਬੇਅੰਤ ਸੁੰਦਰੀਆਂ ਦੇ ਸੁਹਾਗ ਸਦਾ ਦੀ ਨੀਂਦ ਸੁਆਏ। ਭਾਰਤਵਰਸ਼ ਦੇ ਕੋਨੇ ਕੋਨੇ 'ਚੋਂ ਹਾਹਾਕਾਰ ਦੀਆਂ ਕੂਕਾਂ ਪਈਆਂ। ਦੇਸ਼ ਨੂੰ ਤਹਿ ਤੇਗ਼ ਕਰ ਕੇ ਉੱਚੀਆਂ ਅਟਾਰੀਆਂ ਨੂੰ ਰੜੇ ਮੈਦਾਨ ਬਣਾ ਕੇ, ਵੱਡੇ ਵੱਡੇ ਮਹੱਲਾਂ ਦੀ ਇੱਟ ਨਾਲ ਇੱਟ ਖੜਕਾ ਕੇ ਜਦ ਅਹਿਮਦ ਸ਼ਾਹ ਵਾਪਸ ਮੁੜਿਆ, ਤਾਂ ਹਿੰਦੁਸਤਾਨ ਦੀਆਂ ਸੁੰਦਰ ਦੇਵੀਆਂ ਕਈ ਹਜ਼ਾਰ ਦੀ ਗਿਣਤੀ ਵਿਚ 'ਕੱਠੀਆਂ ਕਰ ਲਈਆਂ ਤੇ ਢੱਕਾਂ ਬੰਨ ਕੇ ਗ਼ਜ਼ਨੀ ਨੂੰ ਤੋਰ ਲਈਆਂ। ਜਦ ਉਹ ਲੜਕੀਆਂ ਜਿਹਲਮ ਦੇ ਜ਼ਿਲ੍ਹੇ ਪੁੱਜੀਆਂ, ਉਨ੍ਹਾਂ ਨੂੰ ਆਪਣਾ ਪਿਆਰਾ ਪੰਜਾਬ ਵਿਛੜਦਾ ਦਿਸਿਆ। ਆਪਣਾ ਪਿਆਰਾ ਪੰਜਾਬ ਉਹ ਹਜ਼ਾਰਾ-ਪੰਜਾਬ, ਪੰਜਾਂ ਦਰਿਆਵਾਂ ਦਾ ਮਾਲਕ ਪੰਜਾਬ, ਜਿਸ ਦੀ ਚੌੜੀ ਛਾਤੀ 'ਤੇ ਕਿੱਕਲੀਆਂ ਪਾਈਆਂ ਸਨ, ਲੁਕਣਮੀਚੀਆਂ ਖੇਡੀਆਂ ਸਨ, ਜਿਸ ਦੇਸ਼ ਦੇ ਵਿਹੜੇ ਵਿਚ ਚਰਖੇ ਕੱਤੇ ਤੇ ਭੰਡਾਰ ਭਰੇ ਸਨ, ਜਿਸ ਦੇਸ਼ ਦੀਆਂ ਸੋਹਣੀਆਂ ਜੂਹਾਂ ਵਿਚ ਢੋਲੇ ਤੇ ਮਾਹੀਏ ਗਾਏ ਸਨ, ਜਿਸ ਦੇਸ਼ ਨੂੰ ਕਵੀ ਇਉਂ ਬਿਆਨ ਕਰਦੇ ਨੇ ਭਈ:

ਕੀ ਰੰਗ ਲਾਇ, ਓਇ ਇਨ੍ਹਾਂ ਰੋਹੀ ਦਿਆਂ ਖੂਹਾਂ।
ਕਿਤੇ ਬੋਲਦੇ ਨੇ ਬਿੰਡੇ ਤੇ ਸੋਹੰਦੀਆਂ ਨੇ ਜੂਹਾਂ,
ਸਬਬ ਨਾਲ ਮੇਲੇ ਹੋ ਗਏ ਨੇ ਬੁੱਤਾਂ ਤੇ ਰੂਹਾਂ।

ਉਹ ਦੇਸ਼ ਵਿਛੜਦਾ ਦਿਸਿਆ, ਦਾਦੀਆਂ ਵਰਗੀਆਂ ਪਿੰਡਾਂ ਦੀਆਂ ਗਲੀਆਂ ਤੇ

ਬਾਬਿਆਂ ਵਰਗੇ ਪਿੰਡ ਦੇ ਬੋੜ੍ਹ ਜੁਦਾ ਹੁੰਦੇ ਦਿਸੇ। ਸਾਹਮਣੇ ਨਜ਼ਰ ਆਈ ਗ਼ਜ਼ਨੀ ਦੀ ਮੰਡੀ। ਜਿਸ ਮੰਡੀ ਵਿਚ ਗਾਈਆਂ ਤੇ ਬਲਦ ਵਿਕਦੇ ਨੇ, ਜਿਥੇ ਮਹੀਆਂ ਤੇ ਸੰਢੇ ਫ਼ਰੋਖ਼ਤ ਹੁੰਦੇ ਨੇ, ਜਿਥੇ ਤਿੱਤਰ ਤੇ ਬਟੇਰੇ ਵੀ ਵਿਕਦੇ ਹਨ, ਉਥੇ ਹਿੰਦੁਸਤਾਨ ਦੀ ਸੱਭਿਅਤਾ ਦੀਆਂ ਪੁਤਲੀਆਂ ਇਨ੍ਹਾਂ ਦੇਵੀਆਂ ਨੇ ਵੀ ਵਿਕਣਾ ਸੀ। ਗ਼ਜ਼ਨੀ ਦੀ ਮੰਡੀ ਵੀ ਇਕ ਅਜੀਬ ਮੰਡੀ ਹੈ, ਜਿਥੇ ਗਾਈਂ ਦਾ ਮੁੱਲ ਦੋ ਸੌ ਰੁਪਿਆ ਹੋ ਸਕਦਾ ਏ, ਬਲਦ ਦੀ ਕੀਮਤ ਢਾਈ ਸੌ ਪੈ ਸਕਦੀ ਏ, ਮੱਝ ਤੇ ਸੰਢੇ ਦਾ ਮੁੱਲ ਤਿੰਨ ਤਿੰਨ ਤੇ ਚਾਰ ਚਾਰ ਸੌ ਕੀਤਾ ਜਾਂਦਾ ਏ, ਪਰ ਉਥੇ ਭਾਰਤਵਰਸ਼ ਦੀ ਆਨ ਤੇ ਅਣਖ, ਭਾਰਤਵਰਸ਼ ਦੀ ਜਿੰਦ ਤੇ ਜਾਨ ਦਾ ਮੁੱਲ ਸੀ ਇਕ ਟਕਾ। ਜਿਥੇ ਜਾ ਕੇ ਟਕੇ ਟਕੇ ਤੋਂ ਵਿਕਣਾ ਸੀ, ਉਹ ਮੰਡੀ ਨਜ਼ਰ ਪਈ। ਪਿਛਲੀਆਂ ਯਾਦਾਂ ਆਈਆਂ ਤੇ ਸੁਪਨਾ ਬਣ ਕੇ ਚਲੀਆਂ ਗਈਆਂ। ਵੈਰੀ ਸ਼ਰਾਬਾਂ ਪੀ ਕੇ ਮਸਤ ਸਨ। ਕਬਾਬਾਂ ਨਾਲ ਪੇਟ ਭਰ ਕੇ ਡਕਾਰਦੇ ਹੋਏ ਲੜਕੀਆਂ ਦੀ ਇੱਜ਼ਤ 'ਤੇ ਹਮਲੇ ਕਰ ਰਹੇ ਸਨ। ਵਿਚਾਰੀਆਂ ਨਿਰਦੋਸ਼ ਗਊਆਂ, ਕਸਾਈਆਂ ਦੇ ਵੱਸ ਪਈਆਂ ਕੁਰਲਾ ਰਹੀਆਂ ਸਨ। ਕਿਸੇ ਪਾਸਿਓਂ ਆਸ ਦੀ ਝਲਕ ਨਹੀਂ ਸੀ ਆਉਂਦੀ। ਚਾਰ-ਚੁਫੇਰੇ ਨਿਰਾਸਤਾ ਦਾ ਘੱਟਾ,ਅਟੁੱਟ ਹਨੇਰਾ ਪਸਰਿਆ ਪਿਆ ਸੀ।

ਉਹ ਦੇਖੋ ਦੂਰ ਜਹੇ ਕਲਗੀਧਰ ਪਿਤਾ ਦੇ ਦੋ ਸਿੰਘ ਤੁਰੇ ਜਾ ਰਹੇ ਨੇ। ਰੰਗ ਵਿਚ ਮਸਤ ਹੋਏ ਹੋਏ ਰੰਗ ਰੱਤੜੇ ਪ੍ਰੀਤਮ ਨਾਲ ਜੁੜੇ ਹੋਏ ਨੇ। ਧੰਨ ਕਲਗੀ ਵਾਲੇ ਦੀ ਧੁਨ ਵਿਚ ਖੀਵੇ ਹੋ ਕੇ ਪਿਆਰੇ ਪਿਤਾ ਦੇ ਗੁਣ ਗਾਉਂਦੇ ਜਾ ਰਹੇ ਨੇ। ਜੋ ਉਪਕਾਰ ਸਤਿਗੁਰੂ ਜੀ ਨੇ ਕੀਤੇ ਹਨ ਉਨ੍ਹਾਂ ਨੂੰ ਚੇਤੇ ਕਰ ਕਰ ਕੇ ਲਾਸਾਨੀ ਗੁਰੂ ਤੋਂ ਵਾਰੀ ਘੋਲੀ ਹੁੰਦੇ ਹੋਏ ਮਸਤਾਨਾ ਚਾਲ ਚਲੇ ਜਾ ਰਹੇ ਨੇ। ਘੜੀ ਪਿਛੋਂ ਫੇਰ ਬੋਲ ਉੱਠਦੇ ਨੇ—ਧੰਨ ਕਲਗੀਧਰ! ਧੰਨ ਕਲਗੀਧਰ!! ਸਤਿਗੁਰਾਂ ਦੇ ਨਿਰਾਲੇ ਕੌਤਕਾਂ ਨੂੰ ਚੇਤੇ ਵਿਚ ਲਿਆ ਕੇ ਕਹਿ ਰਹੇ ਹਨ, "ਹੇ ਗੁਰੂ, ਤੂੰ ਧੰਨ! ਤੇਰੇ ਚੋਜ ਧੰਨ! ਤੇਰੇ ਚੋਜਾਂ ਨੂੰ ਸਮਝਣ ਵਾਲੇ ਧੰਨ!!!" ਬਦੋਬਦੀ ਇਹ ਗੱਲ ਆਖਣ ਨੂੰ ਚਿਤ ਕਰਦਾ ਏ ਭਈ:

ਜੈ ਜੈ ਕਲਗੀਧਰ, ਸੇਵਕ ਦੁਖਹਰ, ਨਹਿ ਸਮਸਰ, ਬਲਕੇ ਧਾਰੀ॥
ਸੱਤ ਧਰਮ ਪ੍ਰਚਾਰਕ, ਦੰਭ ਵਿਦਾਰਕ, ਜਨੁ ਤਾਰਕ, ਛੱਲ ਕੇ ਮਾਰੀ॥
ਜਾਤੀ ਅਭਿਮਾਨੀ, ਅੰਧੁ ਅਗਿਆਨੀ, ਸੁਮੱਤ ਉਚ, ਤਿਨ ਹੈ ਕੀਨੀ॥
ਅਜ ਕੇਸਰ ਕੀਨੇਂ, ਮੂੜ ਪ੍ਰਬੀਨੇ, ਹਰ ਸਮਤਾ, ਤ੍ਰਿਣ ਕੋ ਦੀਨੀ॥

ਇਉਂ ਆਖਦੇ ਹੋਏ ਅਗੇ ਵਧੀ ਜਾ ਰਹੇ ਸਨ ਕਿ ਮੁਸੀਬਤ ਵਿਚ ਫਸੀਆਂ ਲੜਕੀਆਂ ਦੀ ਨਜ਼ਰੇ ਪੈ ਗਏ। ਬਸ ਫੇਰ ਕੀ ਸੀ। ਕੁੜੀਆਂ ਦੇ ਦਮ 'ਚ ਦਮ ਆ ਗਿਆ। ਨਿਰਾਸਾ ਆਸਾ 'ਚ ਬਦਲ ਗਈ। ਕੇਸ ਦਾੜ੍ਹੀ ਦੇਖਦੇ ਹੀ ਲੜਕੀਆਂ ਸਮਝ ਗਈਆਂ ਕਿ ਇਹ ਕਲਗੀਧਰ ਬਾਪੂ ਦੇ ਬੀਰ ਸਪੁਤਰ ਹਨ, ਸਾਡੀ ਲਾਜ ਪੱਤ ਬਚਾ ਲੈਣਗੇ, ਸੋ ਦੇਖਦੇ ਸਾਰ ਆਵਾਜ਼ ਮਾਰੀ ਤੇ ਆਪਣੇ ਵੱਲ ਆਉਣ ਲਈ ਤਰਲਾ ਕੀਤਾ। ਕਿੰਨਾ ਮਾਣ ਸੀ ਉਨ੍ਹਾਂ ਲੜਕੀਆਂ ਨੂੰ ਸਿੰਘਾਂ 'ਤੇ, ਕਿੰਨੀ ਆਸ ਸੀ ਉਨ੍ਹਾਂ ਦੇ ਦਿਲ ਵਿਚ, ਉਨ੍ਹਾਂ ਸਿੰਘਾਂ ਵਲੋਂ! ਇਸੇ ਸੁੰਦਰ ਤੇ ਰਸ ਗੁਧੇ ਸ਼ਬਦਾਂ ਵਿਚ ਸੱਦ ਮਾਰੀ ਤੇ ਆਖਿਆ:

ਵੇ ਵੀਰ ਰਾਹੀਓ ਜਾਂਦਿਓ, ਤੁਸੀਂ ਗੁਰੂ ਦੇ ਸਿਖ ਜਾਪਦੇ।
ਇਕ ਅਰਜ਼ ਸਾਡੀ ਸੁਣੀ ਜਾਇਓ, ਵਾਸਤੇ ਗੁਰ ਬਾਪ ਦੇ।

ਕਿੰਨੀ ਖਿਚ ਤੇ ਕਸ਼ਿਸ਼ ਵਾਲਾ ਸੀ ਇਹ ਸ਼ਬਦ—'ਵੀਰ ਰਾਹੀਓ', ਜਿਸ ਨੇ ਕੰਨਾਂ ਵਿਚ ਪੁਜਦੇ ਹੀ ਸਿੰਘਾਂ ਨੂੰ ਖਲਿਆਰ ਲਿਆ ਤੇ ਪਰਉਪਕਾਰ ਕਰਨ ਲਈ ਤਿਆਰ ਕਰ ਦਿੱਤਾ। ਸਿੰਘਾਂ ਕੋਲੋਂ ਲੜਕੀਆਂ ਦਾ ਦੁਖ ਜਰਿਆ ਨਾ ਗਿਆ, ਮਸੂਮਾਂ ਦੀਆਂ ਹਾਹੀਂ ਬਰਦਾਸ਼ਤ ਨਾ ਕੀਤੀਆਂ ਗਈਆਂ, ਬੇਗੁਨਾਹ ਦੇਵੀਆਂ 'ਤੇ ਜਰਵਾਣਿਆਂ ਦਾ ਅੱਤਿਆਚਾਰ ਝੱਲਿਆ ਨਾ ਗਿਆ; ਬਲਦੀ ਸ਼ਮਾ ਨੂੰ ਦੇਖ ਕੇ ਪਰਵਾਨਿਆਂ ਵਾਂਗ ਸੜਨ ਲਈ ਤਿਆਰ ਹੋ ਗਏ। ਨਗਾਰੇ 'ਤੇ ਚੋਟ ਵੱਜੀ ਜਾਣ ਕੇ ਸ਼ਹੀਦੀਆਂ ਦੇ ਪੁਜਾਰੀ ਡੱਟ ਗਏ, ਕਾਇਆਂ ਨੂੰ ਨਾਸ਼ਮਾਨ ਜਾਣ ਕੇ ਸਫਲੀ ਕਰਨ ਲਈ, ਭਗੌਤੀਆਂ ਸੂਤ ਕੇ ਮੈਦਾਨ ਵਿਚ ਜੁਟ ਗਏ। ਇਸ ਮੌਕੇ ਬਾਰੇ ਮੁਸਾਫਰ ਜੀ ਨੇ ਇਉਂ ਕਥਨ ਕੀਤਾ ਹੈ:

ਦੇਖੇ ਪ੍ਰਵਾਨਾ ਜਦੋਂ, ਦੀਵਾ ਅਗੇ ਬਲਦਾ ਹੈ,
ਸੋਚ ਲਵੋ ਆਪ ਓਨ੍ਹੇ ਪਿਛੇ ਕਦੋਂ ਹਟਣਾ।
ਵਿਕਦਾ ਏ ਸੌਦਾ, ਗੁਰੂ ਨਾਨਕ ਦੇ ਹਟ ਉਤੇ,
ਏਥੋਂ ਨ ਖ਼ਰੀਦੇਂ, ਫੇਰ ਨਫਾ ਕਿਥੋਂ ਖੱਟਣਾ।
ਚੋਲਾ ਹੈ ਸਰੀਰ, ਹੁੰਦਾ ਜਾਂਵਦਾ ਪੁਰਾਣਾ ਇਹ,
ਅੰਤ ਨੂੰ ਜ਼ਰੂਰ ਏਨ੍ਹੇ ਫਟਣਾ ਕਿ ਫੱਟਣਾ।
ਧਰਮ ਦੀ ਆਨ ਹੋਵੇ, ਜਾਂਦੀ ਪਈ ਸ਼ਾਨ ਹੋਵੇ,
ਰਹੇ ਕਿਉਂ ਸ਼ਹੀਦੀਆਂ ਤੋਂ, ਸਿੰਘ ਸੂਰਾ ਸੱਖਣਾ।

ਸੋ ਸ਼ਹੀਦੀ ਦੇਵੀ ਨੂੰ ਵਰਨ ਦੇ ਮਤਵਾਲਿਆਂ ਨੇ ਗੋਲੀਆਂ ਦਾਗ਼ ਦਿੱਤੀਆਂ। ਬੈਠੇ ਖਲੋਤੇ ਵੈਰੀਆਂ ਦੇ ਦਲ ਵਿਚ ਹਲਚਲ ਵਰਤਾ ਦਿੱਤੀ। ਸ਼ਰਾਬਾਂ ਪੀ ਕੇ ਅੰਨ੍ਹੇ ਹੋਏ ਹੋਏ ਪਠਾਣ ਏਧਰ ਓਧਰ ਨੱਸਣ ਭੱਜਣ ਲੱਗ ਪਏ। ਥੋੜ੍ਹੇ ਫ਼ਾਸਲੇ 'ਤੇ ਬੈਠੇ ਹੋਏ ਸਿੰਘਾਂ ਦੇ ਦਲ ਨੂੰ ਪਤਾ ਲੱਗ ਗਿਆ ਕਿ ਨੇਕੀ ਦੇ ਪੁਤਲੇ ਪਰਉਪਕਾਰ ਲਈ ਡਟ ਗਏ ਨੇ। ਖਾਣਾ ਪੀਣਾ ਛਡ ਕੇ ਸਾਰੇ ਦਾ ਸਾਰਾ ਜਥਾ ਵੈਰੀਆਂ 'ਤੇ ਧਾਵਾ ਕਰ ਕੇ ਪੈ ਗਿਆ। ਕਈਆਂ ਨੂੰ ਪਰਲੋਕ ਤੋਰਿਆ ਤੇ ਕਈਆਂ ਨੂੰ ਨਕਾਰੇ ਕਰ ਦਿੱਤਾ। ਕਈ ਅਧਵਾਟੇ ਹੀ ਤੜਫੜੀਆਂ ਲੈਣ ਲੱਗ ਪਏ ਤੇ ਕਈਆਂ ਦੀਆਂ ਸਲਵਾਰਾਂ ਕੰਡਿਆਂ ਨਾਲ ਫਸੀਆਂ ਰਹਿ ਗਈਆਂ। ਪਲੋ ਪਲੀ 'ਚ ਮੈਦਾਨ ਸਾਫ਼ ਹੋ ਗਿਆ, ਜ਼ਾਲਮ ਕਿਤੇ ਲੱਭਿਆਂ ਨਾ ਲਭੇ।

ਸਿੰਘਾਂ ਨੇ ਲੜਕੀਆਂ ਦੀਆਂ ਮੁਸ਼ਕਾਂ ਖੋਲ੍ਹੀਆਂ, ਡੇਰੇ ਲਿਆਂਦਾ ਤੇ ਜਿਸ ਜਿਸ ਪਿੰਡ ਦੀਆਂ ਜਿੰਨੀਆਂ ਜਿੰਨੀਆਂ ਸਨ, ਉਨ੍ਹਾਂ ਦੇ ਜਥੇ ਬਣਾ ਕੇ ਮਾਪਿਆਂ ਦੇ ਸਪੁਰਦ ਕਰ ਦਿੱਤਾ। ਦੁਖੀਆਂ ਦੀ ਉਜੜੀ ਹੋਈ ਦੁਨੀਆ ਦੁਬਾਰਾ ਵਸਾ ਦਿੱਤੀ। ਮਾਤਮ ਨੂੰ ਮੰਗਲ ਵਿਚ ਬਦਲ ਦਿੱਤਾ, ਚਿੰਤਾ ਤੇ ਝੋਰਿਆਂ ਨੂੰ ਖੇੜਿਆਂ ਵਿਚ ਤਬਦੀਲ ਕਰ ਦਿੱਤਾ, ਹੌਕਿਆਂ ਤੇ ਹਾਵਿਆਂ ਨੂੰ ਖ਼ੁਸ਼ੀਆਂ ਦਾ ਲਿਬਾਸ ਪਵਾ ਕੇ ਦੱਸ ਦਿੱਤਾ। ਹੁਣ ਘਰ ਘਰ ਦੀਪ ਮਾਲਾ ਵਰਗੀ ਖ਼ੁਸ਼ੀ ਨੱਚਦੀ ਏ। ਬਸੰਤ ਰੁੱਤ ਦੇ ਫੁੱਲਾਂ ਵਾਂਗ ਪਰਵਾਰਾਂ

ਦੇ ਚਿਹਰੇ ਹਸੂੰ ਹਸੂੰ ਕਰਦੇ ਦਿਖਾਈ ਦੇ ਰਹੇ ਨੇ; ਮਾਨੋ ਮੱਛੀ ਨੂੰ ਮੁੜ ਕੇ ਪਾਣੀ ਮਿਲ ਗਿਆ ਹੋਵੇ। ਇਸ ਵੇਲੇ ਲਈ ਕਿਸੇ ਪੰਜਾਬੀ ਦੇ ਕਵੀ ਨੇ ਕਿੰਨਾ ਸੁੰਦਰ ਆਖਿਆ ਹੈ:

ਹਿੰਦੁਸਤਾਨ ਵਿਚੋਂ ਅਹਿਮਦਸ਼ਾਹ ਫੜ ਕੇ, ਲੈ ਚਲਿਆ ਧੀਆਂ ਕੁਆਰੀਆਂ ਨੂੰ।
ਪਾਗਲ ਹੋ ਕੇ ਪਿੱਟਦੇ ਪਿਓ ਘਰ ਘਰ, ਪੈਂਦੇ ਡੋਬ ਸਨ ਮਾਵਾਂ ਵਿਚਾਰੀਆਂ ਨੂੰ।
ਕਿਤੇ ਸਿਖ ਰਲ ਕੇ, ਲੰਗਰ ਪਾਣ ਲਗੇ, ਲੱਗਾ ਪਤਾ ਇਹ ਪਰਉਪਕਾਰੀਆਂ ਨੂੰ।
ਭੁਖੇ ਭਾਣਿਆਂ ਹੀ ਜਾਨਾਂ ਹੋਲ ਦਿੱਤੀਆਂ, ਵਾਪਸ ਲੈ ਆਏ ਕੁੜੀਆਂ ਸਾਰੀਆਂ ਨੂੰ।

ਸਿੰਘ ਤੱਤੇ ਜ਼ਰੂਰ ਹੋਏ, ਪਰ ਹੋਏ ਪਰਉਪਕਾਰ ਦੀ ਖ਼ਾਤਰ। ਪਾਣੀ ਤੱਤਾ ਹੋ ਕੇ ਵੀ ਪਰਉਪਕਾਰ ਕਰਦਾ ਹੈ। ਸਿਖ ਵੀ ਪਰਉਪਕਾਰ ਲਈ ਤੱਤਾ ਹੁੰਦਾ ਏ। ਸੋ ਸਿਖ ਨੂੰ ਇਸ ਸ਼ੁਭ ਗੁਣ ਦਾ ਧਾਰਨੀ ਹੋਣਾ ਚਾਹੀਦਾ ਏ ਤਾਕਿ ਸਿੱਖੀ ਦੇ ਸਾਂਚੇ ਵਿਚ ਢਲਿਆ ਜਾ ਸਕੇ ਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ।

ਜਿਥੇ ਸਿਖ ਪਰਉਪਕਾਰ ਲਈ ਤੱਤਾ, ਭਾਵ ਬੀਰ ਰਸ ਵਿਚ ਆ ਕੇ ਭਲਾਈ ਕਰਦਾ ਹੈ ਓਥੇ ਪਰਾਏ ਭਲੇ ਲਈ ਠੰਢਾ ਵੀ ਹੋ ਜਾਂਦਾ ਏ। ਦੋਵਾਂ ਹਾਲਤਾਂ ਵਿਚ ਨਿਸ਼ਾਨਾ ਨੇਕੀ ਹੀ ਹੁੰਦਾ ਏ। ਜਿਸ ਤਰ੍ਹਾਂ ਕਿ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬਾਰੇ ਇਤਿਹਾਸ ਦੇ ਪੰਨੇ ਦੱਸਦੇ ਨੇ ਕਿ ਆਪ ਦੂਜਿਆਂ ਦੇ ਭਲੇ ਲਈ ਬੜੇ ਕੋਮਲ ਤੇ ਸੀਤਲ ਸੁਭਾਅ ਕੋਲੋਂ ਕੰਮ ਲੈਂਦੇ ਸਨ। ਇਕ ਵਾਰੀ ਆਪ ਦਾ ਬੜਾ ਭਾਰਾ ਜਲੂਸ ਨਿਕਲਿਆ ਜਿਸ ਵਿਚ ਆਪ ਹਾਥੀ ਉਤੇ ਅਸਵਾਰ ਸਨ। ਰਾਹ ਵਿਚ ਮੁੰਡੇ ਬੇਰੀ ਦੇ ਬੇਰ ਲਾਹੁਣ ਲਈ ਵੱਟੇ ਮਾਰ ਰਹੇ ਸਨ। ਇਕ ਵੱਟਾ ਆਪ ਜੀ ਦੇ ਆ ਵੱਜਾ। ਨਿੱਕਾ ਜਿਹਾ ਜ਼ਖ਼ਮ ਹੋ ਕੇ ਖ਼ੂਨ ਨਿਕਲ ਗਿਆ। ਨੌਕਰਾਂ ਚਾਕਰਾਂ ਨੇ ਦੌੜ-ਭੱਜ ਕਰ ਕੇ ਮੁੰਡੇ ਫੜ ਲਿਆਂਦੇ। ਹੁਣ ਨਿੱਕੇ ਨਿੱਕੇ ਮੁੰਡੇ ਸ਼ੇਰੇ-ਪੰਜਾਬ ਦੇ ਸਾਹਮਣੇ ਖਲੋਤੇ ਸਨ, ਭਈ ਪਤਾ ਨਹੀਂ ਸਰਕਾਰ ਕੀ ਸਜ਼ਾ ਦਏ। ਮਹਾਰਾਜਾ ਜੀ ਨੇ ਪੁਛਿਆ ਕਿ ਇਨ੍ਹਾਂ ਮੁੰਡਿਆਂ ਨੂੰ ਕਿਉਂ ਖੜਾ ਕੀਤਾ ਗਿਆ ਹੈ? ਦਰਬਾਰੀਆਂ ਵਿਚੋਂ ਇਕ ਦਰਬਾਰੀ ਨੇ ਅਰਜ਼ ਕੀਤੀ ਕਿ ਸਰਕਾਰ! ਇਨ੍ਹਾਂ ਮੁੰਡਿਆਂ ਨੇ ਆਪ ਨੂੰ ਵੱਟਾ ਮਾਰ ਕੇ ਜ਼ਖ਼ਮੀ ਕੀਤਾ ਹੈ, ਇਹ ਸਜ਼ਾ ਦੇ ਭਾਗੀ ਹਨ। ਇਨ੍ਹਾਂ ਨੂੰ ਯੋਗ ਦੰਡ ਦਿੱਤਾ ਜਾਏ। ਮਹਾਰਾਜਾ ਰਣਜੀਤ ਸਿੰਘ ਜੀ ਨੇ ਪੁਛਿਆ ਕਿ ਇਹ ਵੱਟੇ ਕਿਉਂ ਮਾਰਦੇ ਸਨ? ਤਾਂ ਉੱਤਰ ਮਿਲਿਆ ਬੇਰੀ ਨਾਲੋਂ ਬੇਰ ਝਾੜਦੇ ਸਨ। ਸੁਣਦਿਆਂ ਸਾਰ ਰਣਜੀਤ ਸਿੰਘ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਇਕ ਬੇ-ਜ਼ੁਬਾਨ ਬੇਰੀ, ਜੇ ਪੱਥਰ ਝੱਲ ਕੇ ਇਨ੍ਹਾਂ ਮੁੰਡਿਆਂ ਨੂੰ ਬੇਰ ਦੇ ਸਕਦੀ ਹੈ ਤਾਂ ਕੀ ਰਣਜੀਤ ਸਿੰਘ ਹੀ ਨਾਦਾਨ ਹੈ, ਜੋ ਇਨ੍ਹਾਂ ਬੱਚਿਆਂ ਨੂੰ ਸਜ਼ਾ ਦਏ। ਕਦੇ ਨਹੀਂ ਹੋ ਸਕਦਾ। ਆਪ ਨੇ ਫ਼ੁਰਮਾਇਆ, "ਇਕ ਇਕ ਸੋਨੇ ਦੀ ਮੋਹਰ ਦੇ ਕੇ ਇਨ੍ਹਾਂ ਬੱਚਿਆਂ ਨੂੰ ਛੱਡ ਦਿਤਾ ਜਾਏ।" ਹੁਕਮ ਦੀ ਦੇਰ ਸੀ, ਇਸੇ ਤਰ੍ਹਾਂ ਕੀਤਾ ਗਿਆ।

ਆਪ ਦੇ ਠੰਢਿਆਂ ਰਹਿਣ ਦੀ ਇਕ ਘਟਨਾ ਇਉਂ ਵੀ ਲਿਖੀ ਹੈ ਕਿ ਇਕ ਗ਼ਰੀਬ ਬੁੱਢੀ ਲੋਹੇ ਦਾ ਤਵਾ ਲੈ ਕੇ ਆਪ ਜੀ ਦੇ ਸਰੀਰ 'ਤੇ ਘਸਾਉਣ ਲੱਗ ਗਈ, ਜਿਸ ਨਾਲ ਆਪ ਜੀ ਦੇ ਬਸਤਰਾਂ ਨੂੰ ਕਾਲੇ ਦਾਗ਼ ਪੈ ਗਏ। ਭਾਵੇਂ ਕਰਮਚਾਰੀਆਂ ਨੇ ਬੁੜੀ ਨੂੰ ਇਸ ਗੱਲੋਂ ਰੋਕਿਆ ਟੋਕਿਆ ਪਰ ਨਾ ਹਟੀ। ਆਖ਼ਰ ਸ਼ੇਰੇ ਪੰਜਾਬ ਨੇ

ਪੁੱਛਿਆ ਕਿ ਮਾਈ ਤੂੰ ਕੀ ਕਰ ਰਹੀ ਏਂ ? ਇਸ ਕਾਲੇ ਤਵੇ ਨੂੰ ਮੇਰੇ ਕਪੜਿਆਂ 'ਤੇ ਕਿਉਂ ਪਈ ਰਗੜਨੀ ਏਂ ? ਤਾਂ ਬੁਢੜੀ ਨੇ ਉੱਤਰ ਵਿਚ ਅਰਜ਼ ਕੀਤੀ ਕਿ ਬੱਚਾ ! ਮੈਂ ਸੁਣਿਆ ਹੈ ਕਿ ਰਣਜੀਤ ਸਿੰਘ ਪਾਰਸ ਹੈ ਤੇ ਪਾਰਸ ਨਾਲ ਛੂਹ ਕੇ ਲੋਹਾ, ਸੋਨਾ ਬਣ ਜਾਂਦਾ ਹੈ। ਸੋ ਮੈਂ ਆਪਣੇ ਤਵੇ ਨੂੰ ਸੋਨਾ ਬਣਾਉਣ ਆਈ ਹਾਂ।

ਬੁਢੜੀ ਦਾ ਕਰਤਵ ਦੇਖ ਕੇ ਸ਼ੇਰੇ ਪੰਜਾਬ ਨੇ ਰੰਚਕ ਮਾਤਰ ਵੀ ਗੁੱਸਾ ਨਹੀਂ ਕੀਤਾ, ਸਗੋਂ ਖ਼ਜ਼ਾਨਚੀ ਨੂੰ ਹੁਕਮ ਦਿੱਤਾ ਕਿ ਇਸ ਬੁਢੜੀ ਨੂੰ ਤਵੇ ਨਾਲ ਤੋਲ ਕੇ ਸੋਨਾ ਦਿੱਤਾ ਜਾਏ। ਜਦ ਗ਼ਰੀਬ ਮਾਈ ਸੋਨਾ ਲੈ ਚੁਕੀ ਤਾਂ ਸ਼ੇਰੇ ਪੰਜਾਬ ਨੇ ਮਨ ਹੀ ਮਨ ਬੜੀ ਖ਼ੁਸ਼ੀ ਮਹਿਸੂਸ ਕੀਤੀ ਤੇ ਪਰਉਪਕਾਰ ਦਾ ਰੰਗ ਮਾਣਿਆ।

ਤਵਾਰੀਖ਼ ਦਾ ਬਿਆਨ ਹੈ ਕਿ ਇਕ ਵੇਰ ਮੀਂਹ ਨਾ ਪੈਣ ਦੇ ਕਾਰਨ ਅੰਨ ਦਾ ਤੋਟਾ ਹੋਣ ਕਰਕੇ ਪੰਜਾਬ 'ਚ ਕਾਲ ਪੈ ਗਿਆ। ਲੋਕ ਭੁਖ ਦੇ ਦੁਖੋਂ ਤੰਗ ਆ ਗਏ ਤੇ ਚਾਰ-ਚੁਫੇਰੇ 'ਹਾਏ ਰੋਟੀ', 'ਹਾਏ ਰੋਟੀ' ਦੀਆਂ ਪੁਕਾਰਾਂ ਪੈਣ ਲੱਗ ਪਈਆਂ। ਕਾਲ ਨੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀ ਹਾਲਤ ਡਾਵਾਂਡੋਲ ਕਰ ਦਿੱਤੀ। ਸਹਿਜੇ ਸਹਿਜੇ ਇਹ ਕਨਸੋਆਂ ਸ਼ੇਰੇ ਪੰਜਾਬ ਦੀ ਕੰਨੀਂ ਜਾ ਪਈਆਂ। ਦਿਆਲੂ ਰਾਜੇ ਨੇ ਉਸੇ ਵੇਲੇ ਡੌਂਡੀ ਫੇਰ ਦਿੱਤੀ ਕਿ ਹਰ ਇਕ ਗ਼ਰੀਬ ਗੁਰਬੇ ਨੂੰ ਸ਼ਾਹੀ ਖ਼ਜ਼ਾਨੇ 'ਚੋਂ ਅੰਨ ਦਿੱਤਾ ਜਾਏਗਾ। ਕੋਈ ਵੀ ਆਦਮੀ ਭੁੱਖ ਦੇ ਦੁਖੋਂ ਦੁਖੀ ਨਾ ਰਹੇ। ਸਵੇਰ ਤੋਂ ਕਿਲ੍ਹੇ ਦੇ ਵੱਡੇ ਦਰਵਾਜ਼ੇ ਸਾਹਮਣੇ ਅੰਨ ਵੰਡਿਆ ਜਾਵੇਗਾ। ਸਵੇਰ ਹੁੰਦਿਆਂ ਕਿਲ੍ਹੇ ਦੇ ਸਾਹਮਣੇ ਟੋਲਿਆਂ ਦੇ ਟੋਲੇ ਖ਼ਲਕਤ ਜਮ੍ਹਾ ਹੋ ਗਈ ਤੇ ਅੰਨ ਵੰਡਣਾ ਸ਼ੁਰੂ ਹੋਇਆ।

ਇਕ ਗ਼ਰੀਬ ਜਿਹੇ ਘਰ ਵਿਚ, ਇਕ ਨਿੱਕਾ ਜਿਹਾ ਮੁੰਡਾ ਆਪਣੇ ਬਾਬੇ ਨਾਲ ਗੱਲਾਂ ਕਰ ਰਿਹਾ ਹੈ, "ਬਾਬਾ, ਅੱਜ ਤੀਜਾ ਦਿਨ ਹੈ ਭੁਖਿਆਂ ਨੂੰ, ਕੀ ਕਰੀਏ ?" "ਬੱਚਾ ! ਪੈਦਾ ਕਰਨ ਵਾਲਾ ਆਪੇ ਕੋਈ ਬਿਧ ਬਣਾਵੇਗਾ", ਬਾਬੇ ਨੇ ਉਤਰ ਦਿਤਾ।

"ਬਾਬਾ ! ਸੁਣਿਆ ਹੈ ਕਿ ਸਰਕਾਰ ਨੇ ਗ਼ਰੀਬਾਂ ਲਈ ਗੱਲਾ ਵੰਡਣਾ ਸ਼ੁਰੂ ਕੀਤਾ ਹੋਇਆ ਹੈ, ਸੋ ਚਲੋ, ਅਸੀਂ ਵੀ ਕਿਸਮਤ ਅਜ਼ਮਾ ਵੇਖੀਏ", ਬੱਚੇ ਨੇ ਰੋ ਕੇ ਆਖਿਆ।

ਬਾਬਾ ਪੋਤਾ ਕਿਲ੍ਹੇ ਦੇ ਦਰਵਾਜ਼ੇ ਅੱਗੇ ਪੁੱਜ ਗਏ। ਅੰਨ ਵੰਡਦਾ ਵੇਖ ਕੇ ਜਾਨ 'ਚ ਜਾਨ ਆ ਗਈ, ਤੇ ਆਸ ਲਾ ਕੇ ਬੈਠ ਗਏ ਭਈ, ਕਦੀ ਨਾ ਕਦੀ ਤਾਂ ਵਾਰੀ ਆਵੇਗੀ।

ਸਾਰਾ ਦਿਨ ਬੀਤ ਗਿਆ, ਪਰ ਇਨ੍ਹਾਂ ਦੀ ਵਾਰੀ ਨਾ ਆਈ। ਬਾਬਾ ਉਮਰੋਂ ਬੁੱਢਾ ਸੀ, ਬੱਚਾ ਅਜੇ ਨਾਦਾਨ ਸੀ, ਵਿਚਾਰੇ ਕਿਸਮਤ ਦੇ ਕੜਛਿਆਂ ਵੱਲ ਵੇਖਦੇ ਰਹੇ। ਅੰਨ ਵੰਡਣ ਦਾ ਸਮਾਂ ਪੂਰਾ ਹੋ ਜਾਣ ਪਿਛੋਂ ਵੰਡਣ ਵਾਲਾ ਚਲਾ ਗਿਆ ਤੇ ਬਾਕੀ ਦਿਆਂ ਨੂੰ ਸਵੇਰੇ ਆਉਣ ਲਈ ਆਖਿਆ। ਇਹ ਦੋਵੇਂ ਨਿਰਾਸ ਬਿਟ ਬਿਟ ਤੱਕਦੇ ਰਹਿ ਗਏ। ਆਖ਼ਰ ਦਰਵਾਜ਼ਾ ਬੰਦ ਕਰਨ ਵਾਲੇ ਨੇ ਪੁਛਿਆ ਕਿ ਭਾਈ ! ਤੁਸੀਂ ਕਿਉਂ ਹੌਕੇ ਮਾਰਦੇ ਤੇ ਹਾਹੀਂ ਭਰਦੇ ਹੋ, ਦੱਸੋ ਤਾਂ ਸਹੀ ਭਈ ਗੱਲ ਕੀ ਏ ? ਬੁਢੜੇ ਨੇ ਸਾਰੀ ਦੀ ਸਾਰੀ ਵਿਥਿਆ ਸੁਣਾ ਦਿੱਤੀ ਜਿਸ ਨੂੰ ਸੁਣਦਿਆਂ ਹੀ ਸਰਦਾਰ ਦੇ ਮਨ ਨੇ ਦਯਾ ਵਿਚ ਆ ਕੇ ਇਕ ਮਣ ਦਾਣੇ ਬੁਢੜੇ ਨੂੰ ਦੇ ਦਿੱਤੇ, ਪਰ ਬੁੱਢਾ

ਅਜੇ ਵੀ ਹੌਕੇ ਭਰੀ ਜਾਂਦਾ ਸੀ। ਦੂਜੀ ਵਾਰੀ ਪੁੱਛਣ 'ਤੇ ਬੁੱਢੇ ਨੇ ਆਖਿਆ ਕਿ ਪਤਾ ਨਹੀਂ ਕਿ ਇਹ ਕਾਲ ਕਿੰਨਾ ਚਿਰ ਰਹਿਣਾ ਏ। ਪਰ ਜਦੋਂ ਸਾਡੇ ਮਣ ਭਰ ਦਾਣੇ ਮੁਕ ਗਏ, ਉਦੋਂ ਸਾਡੀ ਵਾਰੀ ਫੇਰ ਨਹੀਂ ਆਉਣੀ ਕਿਉਂਕਿ ਮੈਂ ਬੁੱਢਾ ਹਾਂ ਤੇ ਲੜਕਾ ਨਾਦਾਨ ਹੈ, ਸੋ ਜੇ ਕਿਰਪਾ ਕਰ ਸਕੋ ਤਾਂ ਦੂਜੀ ਵਾਰੀ ਦੇ ਮਣ ਦਾਣੇ ਵੀ ਅੱਜ ਹੀ ਦੇ ਦਿਉ। ਸਰਦਾਰ ਨੇ ਤਰਸ ਖਾ ਕੇ ਮਣ ਦਾਣੇ ਹੋਰ ਦੇ ਦਿੱਤੇ, ਪਰ ਹੁਣ ਨਿੱਕਾ ਜਿਹਾ ਬੱਚਾ ਰੋਣ ਲੱਗ ਪਿਆ। ਜੇ ਪੁੱਛਿਆ ਤਾਂ ਉਸ ਵੀ ਬੁਢੇ ਵਾਲਾ ਦੁਖ ਦੱਸ ਕੇ ਤੀਜੀ ਵਾਰੀ ਦੇ ਮਣ ਦਾਣੇ ਹੋਰ ਲੈਣ ਦਾ ਤਰਲਾ ਕੀਤਾ। ਉਨ੍ਹਾਂ ਦੀ ਰਹਿਮ ਭਰੀ ਹਾਲਤ 'ਤੇ ਦਇਆ ਕਰ ਕੇ ਸਰਦਾਰ ਜੀ ਨੇ ਦਾਣੇ ਤਾਂ ਹੋਰ ਦੇ ਦਿੱਤੇ ਪਰ ਪੰਡ ਭਾਰੀ ਹੋ ਜਾਣ ਕਰਕੇ ਚੁਕੀ ਨਾ ਜਾਏ। ਵਿਚਾਰੇ ਪੰਡ 'ਤੇ ਸਿਰ ਰਖ ਕੇ ਗ਼ਮਾਂ 'ਚ ਡੁਬੇ ਹੋਏ ਸਨ, ਤੇ ਹੌਕੇ ਮਾਰਦੇ ਕਿਸੇ ਅਗੰਮੀ ਸਹਾਇਤਾ ਦੀ ਉਡੀਕ ਵਿਚ ਸਨ ਕਿ ਅਚਨਚੇਤ ਇਕ ਸਿੱਧਾ ਸਾਦਾ ਆਦਮੀ ਆ ਨਿਕਲਿਆ। ਜਿਸ ਦੇ ਕਪੜੇ ਕੋਈ ਐਨੇ ਚੰਗੇ ਨਹੀਂ ਸਨ, ਕੋਈ ਮਿਹਨਤ ਮਜੂਰੀ ਕਰ ਕੇ ਨਿਰਬਾਹ ਕਰਨ ਵਾਲਾ ਪ੍ਰਤੀਤ ਹੁੰਦਾ ਸੀ, ਪਰ ਦਿਲ ਵਿਚ ਦਯਾ ਤੇ ਤਰਸ ਰੱਖਦਾ ਸੀ। ਉਸਨੇ ਬੁਢੇ ਨੂੰ ਪੁੱਛਿਆ ਕਿ ਬਾਬਾ ਜੀ ਕਿਉਂ ਹੌਕੇ ਮਾਰਦੇ ਓ, ਕੋਈ ਸੇਵਾ ਦਾਸ ਨੂੰ ਦੱਸੋ? ਬਾਬੇ ਨੇ ਉੱਤਰ ਦਿੱਤਾ ਕਿ ਮੈਂ ਗ਼ਰੀਬ ਹਾਂ। ਮੇਰੇ 'ਤੇ ਰਹਿਮ ਕਰ ਕੇ ਕਿਸੇ ਦਯਾਲੂ ਸਰਦਾਰ ਨੇ ਤਿੰਨ ਮਣ ਦਾਣੇ ਦੇ ਦਿਤੇ ਨੇ। ਪਰ ਮੈਂ ਬੁੱਢਾ ਤੇ ਬੱਚਾ ਛੁਟੇਰਾ ਹੈ, ਸੋ ਦਾਣੇ ਚੁੱਕੇ ਨਹੀਂ ਜਾਂਦੇ; ਇਸ ਕਰਕੇ ਕਿਸਮਤ ਨੂੰ ਕੋਸਦੇ ਹੌਕੇ ਭਰ ਰਹੇ ਹਾਂ। ਸਿੱਧੇ ਸਾਦੇ ਮਨੁੱਖ ਨੇ ਧੀਰਜ ਦਿੰਦੇ ਹੋਇਆਂ ਪਿਆਰ ਭਰੇ ਲਹਿਜੇ 'ਚ ਉੱਤਰ ਦਿਤਾ ਤੇ ਆਖਿਆ, "ਬਾਬਾ ਜੀ, ਅੱਜ ਮੈਂ ਬੜਾ ਕਮਾਇਆ ਹੈ। ਕੰਮ ਕਾਰ ਚੰਗਾ ਮਿਲ ਗਿਆ ਸੀ ਜਿਸ ਕਰਕੇ ਗੁਜ਼ਾਰੇ ਤੋਂ ਵੱਧ ਕਮਾ ਬੈਠਾ ਹਾਂ। ਚੱਲ, ਤੇਰੀ ਪੰਡ ਮੈਂ ਛੱਡ ਆਉਂਦਾ ਹਾਂ।" ਪੰਡ ਚੁੱਕੀ ਤੇ ਬੁਢੜੇ ਗ਼ਰੀਬ ਦੇ ਘਰ ਪੁਚਾ ਦਿੱਤੀ। ਵਾਪਸ ਮੁੜਨ ਲਗੇ ਨੂੰ ਬੁਢਾ ਤੋਰਨ ਆਇਆ ਭਈ ਜਿਸ ਨੇ ਮੇਰੇ 'ਤੇ ਏਡੀ ਮੇਹਰਬਾਨੀ ਕੀਤੀ ਹੈ ਇਸ ਨੂੰ ਵਿਦਾ ਕਰ ਆਵਾਂ। ਜਿਸ ਵੇਲੇ ਦੋਵੇਂ ਜਣੇ ਬਜ਼ਾਰ ਵਿਚ ਆਏ ਤਾਂ ਅਗੇ ਪੁਲਿਸ ਦੇ ਸਿਪਾਹੀ ਰਾਤ ਨੂੰ ਫੇਰਾ ਮਾਰ ਰਹੇ ਸਨ, ਉਹ ਮਿਲ ਪਏ। ਆਪਣੀਆਂ ਬੰਦੂਕਾਂ ਸੰਭਾਲ ਕੇ ਤਤਕਾਲ ਤਿਆਰ ਬਰ ਤਿਆਰ ਹੋ ਗਏ ਤੇ ਬੜੇ ਅਦਬ ਨਾਲ, ਉਸ ਸਿੱਧੇ ਸਾਦੇ ਜਿਹੇ ਬੰਦੇ ਨੂੰ ਸ਼ਾਹੀ ਸਲਾਮੀ ਪੇਸ਼ ਕੀਤੀ, ਜਿਸ ਨੂੰ ਦੇਖ ਕੇ ਗ਼ਰੀਬ ਬੁਢਾ ਉਨ੍ਹਾਂ ਸਿਪਾਹੀਆਂ ਦੇ ਗਲ ਪੈ ਗਿਆ ਤੇ ਗੁੱਸੇ ਨਾਲ ਲਾਲ ਪੀਲਾ ਹੋ ਕੇ ਬੁਲ੍ਹ ਟੁਕਦਾ ਹੋਇਆ ਬੋਲਿਆ ਕਿ ਐ ਸਿਪਾਹੀਓ! ਇਹ ਜੋ ਸਲਾਮੀ ਤੁਸਾਂ ਕੀਤੀ ਹੈ, ਇਹ ਸ਼ਾਹੀ ਸਲਾਮੀ ਹੈ, ਜੋ ਸਿਵਾਏ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਹੋਰ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ। ਤੁਸਾਂ ਇਸ ਗਰੀਬੜੇ ਪਾਂਡੀ ਨੂੰ ਇਹ ਸਲਾਮੀ ਦੇ ਕੇ ਬਾਦਸ਼ਾਹੀ ਸਲਾਮੀ ਦੀ ਤੌਹੀਨ ਕੀਤੀ ਹੈ। ਇਹ ਦੋ ਪੈਸੇ ਦਾ ਮਜ਼ਦੂਰ ਜੋ ਦਿਨ ਭਰ ਲੋਕਾਂ ਦੀਆਂ ਪੰਡਾਂ ਢੋਂਦਾ ਏ, ਉਸਨੂੰ ਸਲਾਮੀ ਕਰ ਕੇ ਤੁਸਾਂ ਅਪਰਾਧ ਕੀਤਾ ਹੈ। ਬੁੱਢੇ ਦੀ ਗੱਲ ਸੁਣਦੇ ਸਾਰ ਇਕ ਮਨਚਲੇ ਸਿਪਾਹੀ ਨੇ ਬਾਬੇ ਦੇ ਮੂੰਹ ਅੱਗੇ ਹੱਥ ਦੇ ਕੇ ਆਖਿਆ, "ਬਾਬਾ! ਹੋਸ਼ ਕਰ, ਜਿਸ ਨੂੰ ਪਾਂਡੀ ਆਖਨਾ ਏਂ, ਇਹ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਹੈ, ਜੋ ਰਾਤ ਵੇਲੇ ਭੇਸ ਬਦਲ ਕੇ ਆਪਣੀ ਪਰਜਾ ਦੇ

ਦੁਖ ਸੁਖ ਨੂੰ ਪੜਤਾਲ ਰਿਹਾ ਹੈ।" ਸੁਣਦੇ ਸਾਰ ਬਾਬੇ ਦੀਆਂ ਅੱਖਾਂ 'ਚੋਂ ਅੱਥਰੂ ਨਿਕਲ ਆਏ ਤੇ ਸਰਕਾਰ ਦੇ ਚਰਨੀਂ ਡਿਗ ਕੇ ਭੁੱਬਾਂ ਮਾਰ ਕੇ ਰੋਇਆ ਤੇ ਆਖਿਆ, "ਮੈਂ ਗ਼ਰੀਬ ਉਤੇ ਏਡੀ ਦਯਾ! ਨਿਮਾਣਿਆਂ 'ਤੇ ਏਡਾ ਤਰਸ !! ਹੇ ਰਾਜਾ, ਤੂੰ ਧੰਨ ਹੈਂ !!"

ਰਣਜੀਤ ਸਿੰਘ ਨੇ ਬੁੱਢੇ ਨੂੰ ਉਠਾਲ ਕੇ ਆਖਿਆ, "ਬਾਬਾ ਜੀ, ਇਹ ਮੇਰਾ ਫ਼ਰਜ਼ ਹੈ ਕਿ ਪਰਜਾ ਦੀ ਰਾਖੀ ਕਰਾਂ ਤੇ ਸੁਖੀ ਰਖਾਂ। ਇਸ ਵਿਚ ਮਿਹਰਬਾਨੀ ਦੀ ਕੋਈ ਗੱਲ ਨਹੀਂ, ਸਗੋਂ ਫ਼ਰਜ਼ ਦੀ ਅਦਾਇਗੀ ਹੈ।"

ਸ਼ੇਰੇ ਪੰਜਾਬ ਠੰਢਾ ਹੋ ਗਿਆ, ਪਰੰਤੂ ਪਰਉਪਕਾਰ ਬਦਲੇ। ਨਿਰਮਾਣ ਤੇ ਦਿਆਲੂ ਹੋਇਆ, ਕੇਵਲ ਪਰਾਏ ਭਲੇ ਦੀ ਖ਼ਾਤਰ। ਸੋ ਸਿਖ ਠੰਢਾ ਤੱਤਾ ਹੁੰਦਾ ਹੈ, ਤਾਂ ਕੇਵਲ ਕਿਸੇ ਦੇ ਭਲੇ ਲਈ, ਆਪਣੇ ਸੁਆਰਥ ਲਈ ਨਹੀਂ। ਸੋ ਇਹ ਸਿਧਾਂਤ ਸਿਖ ਨੂੰ ਹਰ ਵੇਲੇ, ਤੇ ਹਰ ਦੇਸ਼ ਵਿਚ ਚੇਤੇ ਰਖਣਾ ਚਾਹੀਦਾ ਹੈ ਤਾਕਿ ਸਿਖ ਬਣ ਸਕੇ।

ਅੰਤ ਵਿਚ ਪਾਣੀ ਅੰਦਰ ਇਹ ਗੁਣ ਹੈ ਕਿ ਭਾਵੇਂ ਠੰਢਾ ਹੋਵੇ ਤੇ ਭਾਵੇਂ ਤੱਤਾ ਹੋਵੇ, ਦੋਵਾਂ ਹਾਲਤਾਂ ਵਿਚ ਅੱਗ ਨੂੰ ਬੁਝਾ ਦਿੰਦਾ ਏ। ਆਪ ਭਾਵੇਂ ਸੜਦਾ ਬਲਦਾ ਤੇ ਭਾਵੇਂ ਉਬਾਲੇ ਖਾਂਦਾ ਕਿਉਂ ਨਾ ਹੋਵੇ, ਅੱਗ 'ਤੇ ਪੈਂਦਿਆਂ ਹੀ ਉਸਨੂੰ ਬੁਝਾ ਦਿੰਦਾ ਹੈ; ਤੇ ਠੰਢਾ ਹੋਣ ਦੀ ਹਾਲਤ ਵਿਚ ਵੀ ਅੱਗ ਬੁਝਾ ਛਡਦਾ ਏ। ਇਸੇ ਤਰ੍ਹਾਂ ਸਿਖ ਭਾਵੇਂ ਠੰਢਾ ਹੋਵੇ, ਭਾਵੇਂ ਤੱਤਾ; ਉਸਨੂੰ ਚਾਹੀਦਾ ਹੈ ਕਿ ਕਾਮ ਦੀ ਅੱਗ ਨੂੰ ਦੋਵਾਂ ਹਾਲਤਾਂ ਵਿਚ ਬੁਝਾਈ ਰਖੇ, ਭਾਵ ਕਾਮ-ਵਾਸ਼ਨਾ 'ਤੇ ਕਾਬੂ ਪਾਈ ਰਖੇ ਤੇ ਗੁਰਮਤਿ ਦੇ ਉੱਚੇ ਸਿਧਾਂਤ ਨੂੰ ਕਦੇ ਵੀ ਨਾ ਭੁਲਾਵੇ ਕਿ:

ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ ॥੮॥ *(ਵਾਰ ੬)*

ਅਤੇ ਇਸ ਤੋਂ ਹੋਰ ਵੀ ਉੱਚੇ ਮੰਡਲਾਂ 'ਤੇ ਪੁਜ ਕੇ ਗੁਰਮਤਿ ਦੇ ਸਰਬ ਸ਼੍ਰੋਮਣੀ ਆਸ਼ੇ ਨੂੰ ਕਦੇ ਨਾ ਵਿਸਾਰੇ, ਸਗੋਂ ਸਦਾ ਚੇਤੇ ਰਖੇ ਕਿ:

ਦੇਖਿ ਪਰਾਈਆ ਚੰਗੀਆ, ਮਾਵਾ, ਭੈਣਾ, ਧੀਆ ਜਾਣੈ ॥੧੧॥ *(ਵਾਰ ੨੯)*

ਉਤੇ ਕਥਨ ਕੀਤੇ ਅਨੁਸਾਰ, ਆਪਣਾ ਸੱਚਾ ਜੀਵਨ ਬਣਾ ਕੇ:

ਆਪਿ ਤਰੈ ਲੋਕਹ ਨਿਸਤਾਰੇ ॥ *(ਗਉੜੀ ਸੁਖਮਨੀ ਮ: ੫, ਪੰਨਾ ੨੯੫)*

ਦੇ ਵਾਕ ਨੂੰ ਸਫਲਾ ਕਰੇ। ਖੰਡੇ ਦਾ ਅੰਮ੍ਰਿਤ ਪਾਨ ਕਰ ਕੇ ਰਹਿਤ ਮਰਯਾਦਾ ਵਿਚ ਪੂਰਨ ਰਹਿ ਕੇ ਉਤਲੇ ਗੁਣਾਂ ਦੀ ਪਾਲਣਾ ਕਰਨ ਨਾਲ ਹੀ ਗੁਰਸਿਖੀ ਕਮਾਈ ਜਾ ਸਕਦੀ ਏ। ਐਸੇ ਸਿਖ ਦੀ ਸਿੱਖੀ ਤੋੜ ਚੜ੍ਹਦੀ ਤੇ ਜਨਮ-ਮਰਨ ਕੱਟਦੀ ਏ। ਇਸੇ ਲਈ ਦੀਨ ਦਿਆਲ ਸਤਿਗੁਰੂ ਨੇ ਫ਼ੁਰਮਾਇਆ ਹੈ ਕਿ:

ਸਭਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰਚਰਣੀ ਸਿਖ ਪੜਤਿਆ ॥
(ਸੋਰਠਿ ਵਾਰ ਮ: ੪, ਪੰਨਾ ੬੪੯)

ਨਵੇਂ ਤੇ ਬਦਲ ਰਹੇ ਸਮੇਂ ਵਿਚ ਅਸੀਂ ਸਿੱਖੀ ਵਲੋਂ ਅਵੇਸਲੇ ਹੋ ਕੇ ਦੂਰ ਚਲੇ ਜਾ ਰਹੇ ਹਾਂ। ਖ਼ਾਸ ਕਰਕੇ ਪੜ੍ਹੇ-ਲਿਖੇ ਨੌਜਵਾਨਾਂ ਵਿਚੋਂ ਬਹੁਤ ਸਾਰੇ ਗੱਭਰੂ ਸਿੱਖੀ

ਤੋਂ ਮੁਨਹਰਫ ਤੇ ਮੁਨਕਿਰ ਹੁੰਦੇ ਜਾਂਦੇ ਹਨ। ਪੱਛਮੀ ਵਿਦਿਆ ਨੇ ਮਾਦੇ ਦੀ ਖੋਜ ਵਿਚ ਫਸਾ ਕੇ ਅੰਦਰਲੀ ਖੋਜੋਂ ਹਟਾ ਦਿੱਤਾ ਹੈ, ਜਿਸ ਕਰਕੇ ਗੱਭਰੂਆਂ ਦੇ ਮਨ ਨਾਸਤਕ ਜਿਹੇ ਹੋ ਕੇ ਅੰਦਰ ਵਲ ਝਾਤੀ ਪਾਉਣੀ ਭੁਲਦੇ ਜਾਂਦੇ ਨੇ। ਦਿਖਾਵੇ ਦੀ ਦੁਨੀਆ ਵਿਚ ਵਧੇਰੇ ਦਿਲਚਸਪੀ ਰਖਦੇ ਹੋਏ ਨੰਗੇ ਫ਼ੈਸ਼ਨ ਦੇ ਪੁਜਾਰੀ ਬਣ ਕੇ ਮਨ ਦੀਆਂ ਚੰਚਲ ਵਾਸ਼ਨਾ ਵਿਚ ਉਲਝਦੇ ਜਾ ਰਹੇ ਹਨ। ਇਸ ਲਈ ਸੁਚੇਤ ਹੋ ਕੇ ਸਿੱਖੀ ਦਾ ਆਦਰਸ਼ ਪੇਸ਼ ਕਰਨਾ ਹਰ ਇਕ ਸਿਖ ਦਾ ਧਰਮ ਹੈ।

ਸੈਰ

ਅੱਜ-ਕੱਲ੍ਹ ਸਵੇਰ ਤੇ ਸ਼ਾਮ ਦੇ ਤੁਰਨ ਫਿਰਨ ਨੂੰ ਸੈਰ ਆਖਦੇ ਨੇ। ਪੜ੍ਹਿਆ ਅਣਪੜ੍ਹਿਆ, ਸਾਰੇ ਸੈਰ ਕਰਦੇ ਨੇ ਤੇ ਇਸ ਨੂੰ ਤੰਦਰੁਸਤੀ ਲਈ ਲਾਭਦਾਇਕ ਸਮਝਦੇ ਹਨ। ਵੰਨ-ਸੁਵੰਨੇ ਕਪੜੇ ਤੇ ਨਾ-ਢੁਕਵੇਂ ਫੈਸ਼ਨ ਬਣਾ ਕੇ ਟੋਲਿਆਂ ਦੇ ਟੋਲੇ ਪਏ ਫਿਰਦੇ ਨੇ ਭਈ, ਅਸੀਂ ਸੈਰ ਕਰਦੇ ਹਾਂ, ਕਿਸੇ ਦੀ ਸਲਵਾਰ ਦੇ ਪੌਂਚੇ ਅੰਦਰ ਨੂੰ ਤੇ ਕਿਸੇ ਦੇ ਪਜਾਮੇ ਦੀ ਮੋਹਰੀ ਬਾਹਰ ਨੂੰ ਵਧੀ ਹੋਈ ਪੈਰਾਂ 'ਚ ਫਸਦੀ ਫਿਰਦੀ ਏ। ਨਿੱਕੇ ਨਿੱਕੇ ਮੁੰਡੇ ਨਾਲ ਹਨ, ਜਿਨ੍ਹਾਂ ਨੂੰ ਅਜੇ ਭਲਾਈ ਬੁਰਾਈ ਦਾ ਕੋਈ ਖ਼ਿਆਲ ਨਹੀਂ। ਜਿਥੇ ਸੈਰ ਲਈ ਜਾਣਾ ਹੈ, ਓਥੇ ਸੜੇ ਗੜੇ ਆਲੂ ਛੋਲੇ ਵੇਚਣ ਲਈ ਛਾਬੜੀਆਂ ਵਾਲੇ ਖਲੋਤੇ ਹਨ। ਸੈਰ ਕਰਨ ਵਾਲੇ ਸੈਰ ਵਾਲੀ ਥਾਂ ਪਹੁੰਚ ਗਏ। ਭਾਵੇਂ ਮਾਲੀ ਨੇ ਕਈ ਪ੍ਰਕਾਰ ਦੇ ਫੁਲ ਲਗਾ ਰਖੇ ਸਨ, ਪਰ ਨਿੱਕੇ ਕੁੜੀਆਂ ਮੁੰਡਿਆਂ ਨੇ ਤੁਰਤ ਫੁਰਤ ਮਧੋਲ ਕੇ ਰਖ ਦਿੱਤੇ। ਮਾਲੀ ਦੀ ਹਾਲ ਦੁਹਾਈ ਦੀ ਕਿਸੇ ਨੇ ਪਰਵਾਹ ਹੀ ਨਾ ਕੀਤੀ। ਬਾਲਾਂ ਦੇ ਮਾਂ ਪਿਓ ਅਖਵਾਣ ਵਾਲਿਆਂ ਨੇ ਲੇਟ ਲੇਟ ਕੇ ਕੁਦਰਤੀ ਸੁੰਦਰਤਾ ਨੂੰ ਵਿਲੂੰਧਰ ਕੇ ਰੱਖ ਦਿੱਤਾ, ਮਖ਼ਮਲੀ ਫਰਸ਼ 'ਤੇ ਥੁਕ ਥੁਕ ਕੇ ਪਲੀਤ ਕਰ ਦਿੱਤਾ; ਜੇ ਕਿਸੇ ਰੋਕਿਆ, ਤਾਂ ਗਲ ਪੈਣ ਲਈ ਤਿਆਰ ਹੋ ਗਏ। ਮਾਂ ਪਿਓ ਨੂੰ ਸੁੰਦਰਤਾ ਮਧੋਲਦਿਆਂ ਦੇਖ ਕੇ ਬੱਚੇ ਵੀ ਨਕਲ ਕਰਨ ਲੱਗ ਪਏ। ਉਨ੍ਹਾਂ ਨੇ ਰੰਗ ਬਰੰਗੇ ਤੇ ਸੋਹਜ ਸੁਹੱਪਣ ਭਰੇ ਫੁਲਾਂ ਨੂੰ ਤੋੜ-ਮਰੋੜ ਚਕਨਾ-ਚੂਰ ਕਰਨਾ ਸ਼ੁਰੂ ਕਰ ਦਿੱਤਾ। ਜਿੰਨਾ ਚਿਰ ਇਹ ਦੁਨੀਆਦਾਰ ਬੰਦਿਆਂ ਦਾ ਟੋਲਾ ਬਾਗ 'ਚ ਰਿਹਾ, ਇਨ੍ਹਾਂ ਨੇ ਕਿਆਮਤ ਬਰਪਾ ਕਰ ਦਿੱਤੀ, ਸੁੰਦਰਤਾ ਨੂੰ ਰੋਲਿਆ, ਨਜ਼ਾਰਿਆਂ ਨੂੰ ਮਲੀਆ-ਮੇਟ ਕੀਤਾ, ਰੌਣਕਾਂ ਨੂੰ ਰੁਆਇਆ ਤੇ ਬਹਾਰ ਨੂੰ ਖਿਜ਼ਾਂ ਵਿਚ ਬਦਲ ਕੇ ਖੁਸ਼ੀ ਕੀਤੀ ਕਿ ਅਸੀਂ ਸੈਰ ਕਰ ਕੇ ਆਏ ਹਾਂ; ਨਹੀਂ ਸਮਝਿਆ, ਅਸੀਂ ਭਾਰੀ ਪਾਪ ਕਰਕੇ ਆਏ ਹਾਂ। ਲਹਿਰਾਂ ਖਾਂਦੀਆਂ ਲਗਰਾਂ ਨੂੰ, ਸ਼ਾਖਾਂ 'ਤੇ ਝੂਮਦੇ ਫੁਲਾਂ ਨੂੰ, ਟਹਿ ਟਹਿ ਕਰਦੇ ਸ਼ਗੂਫ਼ਿਆਂ ਨੂੰ ਮਲੀਆ-ਮੇਟ ਕਰ ਕੇ, ਫੂਲੇ ਨਾ ਸਮਾਏ ਕਿ ਅਸੀਂ ਸੈਰ ਕੀਤੀ ਹੈ। ਇਸ ਦੁਨੀਆ ਦੀ ਸੈਰ ਦਾ ਮਿਆਰ ਬੜਾ ਨੀਵਾਂ ਤੇ ਕੋਝਾ ਹੈ ਕਿਉਂਕਿ ਦੁਨਿਆਵੀ ਮਨ ਉੱਚੇ ਨਿਸ਼ਾਨਿਆਂ ਦਾ ਚਾਹਵਾਨ ਨਹੀਂ ਹੁੰਦਾ, ਸਗੋਂ ਪਸਤੀ ਵਲ ਵਧੇਰੇ ਝੁਕਦਾ ਏ ਤੇ ਦਿਨੋ-ਦਿਨ ਨਿਘਰਦਾ ਜਾਂਦਾ ਏ।

ਇਸ ਧਰਤੀ 'ਤੇ ਇਕ ਸੁਧਰਿਆ ਹੋਇਆ ਮਨ ਵੀ ਸੈਰ ਕਰਨ ਨਿਕਲਦਾ ਹੈ। ਉਹ ਸੁੰਦਰਤਾ ਦਾ ਵੈਰੀ ਨਹੀਂ ਹੁੰਦਾ, ਸਗੋਂ ਸੱਜਣ ਸੁੰਦਰਤਾ ਵਿਚ ਸੁੰਦਰ ਨੂੰ ਵੇਖ ਕੇ ਸਵਾਦ ਮਾਣਦਾ ਤੇ ਸੁੰਦਰਤਾ ਨੂੰ ਸਤਿਕਾਰਦਾ ਏ। ਐਸਾ ਉਚੇਰਾ ਮਨੁੱਖ ਬਾਗ ਵਿਚ ਪੁੱਜਾ ਤੇ ਬਾਗ ਦੀ ਰਮਣੀਕ ਵਸੋਂ ਨੂੰ ਦੇਖ ਕੇ ਕਿਸੇ ਦੇ ਧਿਆਨ 'ਚ

ਲੀਨ ਹੋ ਗਿਆ। ਉਸ ਨੂੰ ਕਈ ਪ੍ਰਕਾਰ ਦੀਆਂ ਰੰਗ-ਬਰੰਗੀਆਂ ਬੋਲੀਆਂ ਸੁਣਾਈ ਦਿੱਤੀਆਂ। ਕਈ ਤਰਾਨੇ ਉਸ ਦੇ ਕੰਨਾਂ ਤਕ ਪੁਜੇ। ਕਈ ਨਗਮੇਂ ਸੁਣਨ ਵਿਚ ਆਏ। ਕਈ ਨਾਤਾਂ ਤੇ ਠੁਮਰੀਆਂ ਨੇ ਉਸ ਨੂੰ ਮਸਤੀ ਦਿੱਤੀ। ਜਿਸ ਵਿਚ ਉਹ ਵਿਸਮਾਦ ਹੋਇਆ, ਵਿਸਮਾਦੀ ਦੇ ਵਿਸਮਾਦ ਦੇਖੇ ਤੇ ਇਕ ਅਨੋਖਾ ਜੀਵਨ ਰਸ ਮਾਣਿਆ। ਕਿਸੇ ਪਾਸੇ ਪਾਣੀ ਦੇ ਝਰਨਿਆਂ ਦਾ ਸੰਗੀਤ ਸੀ, ਕਿਸੇ ਪਾਸੇ ਹਵਾ ਨਾਲ ਹਿਲਦੀਆਂ ਟਹਿਣੀਆਂ ਦਾ ਅਲਾਪ ਸੀ ਤੇ ਕਿਸੇ ਪਾਸੇ ਭੌਰਿਆਂ ਦੀ ਗੁੰਜਾਰ ਨੇ ਰੰਗ ਬੱਧੇ ਹੋਏ ਸਨ। ਰਸਕ ਬੈਰਾਗੀ ਦੇ ਮਨ ਨੇ ਸਭ ਦਾ ਰਸ ਮਾਨਿਆਂ ਤੇ ਖੇੜੇ 'ਚ ਖਿੜਿਆ ਕਿਸੇ ਤੇਜ਼ ਜਿਹੇ ਹਵਾ ਦੇ ਹੁਲਾਰੇ ਨੇ ਉਸਦੀਆਂ ਅੱਖਾਂ ਖੋਲ੍ਹ ਦਿੱਤੀਆਂ, ਜਿਸ ਕਰਕੇ ਉਸ ਨੇ ਬਾਗ ਦੀ ਰੌਣਕ ਨੂੰ ਪਰਤੱਖ ਰੂਪ ਵਿਚ ਦੇਖਿਆ। ਦੇਖਦੇ ਸਾਰ ਸੋਚਾਂ ਵਿਚ ਪੈ ਗਿਆ ਕਿ ਭੌਰਾ ਸਾਰੇ ਫੁੱਲਾਂ ਨੂੰ ਆਪਣਾ ਰਾਗ ਸੁਣਾ ਕੇ ਪ੍ਰਸੰਨਤਾ ਪ੍ਰਾਪਤ ਕਰ ਰਿਹਾ ਹੈ, ਪਰ ਇਹ ਚੰਪਾ ਦੇ ਫੁੱਲ 'ਤੇ ਕਿਉਂ ਨਹੀਂ ਬੈਠਦਾ ? ਇਸਨੂੰ ਨੀਚ ਤੇ ਨਿਮਾਣੀ ਕਿਉਂ ਸਮਝਦਾ ਏ ? ਕੀ ਚੰਪਾ ਸੱਚੀ ਮੁਚੀਂ ਨਿਕਰਮਣ ਹੈ ? ਸੋਚਾਂ ਸੋਚਦੇ ਚੰਪਾ ਦੇ ਕੋਲ ਜਾ ਬੈਠਾ ਤੇ ਉਸਦੀ ਟਹਿਣੀ ਫੜ ਕੇ ਆਪਣੇ ਗਲ ਨਾਲ ਲਾ ਲਈ ਤੇ ਹਮਦਰਦੀ ਵਜੋਂ ਬੋਲਿਆ :

ਚੰਪਾ ਤੁਝ ਮੇਂ ਤੀਨ ਗੁਨ, ਰੂਪ ਰੰਗ ਅਰ ਬਾਸ।
ਇਹ ਅਵਗੁਨ ਕੀ ਤੁਝ ਬਿਖੇ, ਜੋ ਭਵਰ ਨ ਬੈਠੇ ਪਾਸ।

ਹੇ ਚੰਪਾ ! ਤੇਰੇ ਵਿਚ ਤਿੰਨ ਗੁਣ ਬੜੇ ਉੱਚੇ ਸੁੱਚੇ ਹਨ। ਤੇਰਾ ਰੂਪ ਚੰਗਾ ਏ, ਤੇਰਾ ਰੰਗ ਚੰਗਾ ਏ, ਤੇਰੇ ਵਿਚ ਵਾਸ਼ਨਾ ਵੀ ਹੈ, ਪਰ ਤੇਰੇ 'ਤੇ ਭੌਰਾ ਕਿਉਂ ਨਹੀਂ ਬੈਠਦਾ ? ਇਹ ਤੈਨੂੰ ਕਿਉਂ ਕਲੰਕਣ ਸਮਝਦਾ ਏ ? ਇਸ ਨੇ ਤੇਰੇ ਵਿਚ ਕੀ ਘਾਟਾ ਦੇਖਿਆ, ਜਿਸ ਕਰਕੇ ਤੈਨੂੰ ਆਪਣੇ ਸੁਰੀਲੇ ਸੰਗੀਤ ਨਾਲ ਨਹੀਂ ਨਿਵਾਜਦਾ ? ਚੰਪਾ ਹੱਸੀ ਤੇ ਕਹਿਣ ਲੱਗੀ ਕਿ ਦਰਵੇਸ਼ਾ ! ਉਲਟ ਨਾ ਸਮਝ। ਭੌਰਾ ਤਾਂ ਮੇਰੇ 'ਤੇ ਬੈਠਣਾ ਚਾਹੁੰਦਾ ਹੈ, ਪਰ ਮੈਂ ਉਸ ਪੀਲੇ ਮੂੰਹ ਤੇ ਕਾਲੇ ਤਨ ਵਾਲੇ ਨੂੰ ਨਹੀਂ ਬੈਠਣ ਦਿੰਦੀ। ਤੂੰ ਕਦੇ ਗ਼ੌਰ ਨਾਲ ਨਹੀਂ ਦੇਖਿਆ ਕਿ ਇਸਦਾ ਮੂੰਹ ਪੀਲਾ ਤੇ ਤਨ ਕਾਲਾ ਹੈ ਤੇ ਨਾ ਕਦੇ ਇਹ ਹੀ ਸੋਚਿਐ ਕਿ ਇਸਦਾ ਮੂੰਹ ਪੀਲਾ ਤੇ ਤਨ ਕਾਲਾ ਕਿਉਂ ਹੈ ? ਜੇ ਨਹੀਂ ਪਤਾ ਤਾਂ ਆ ਮੈਂ ਦੱਸਾਂ। ਇਹ ਭੌਰਾ ਹਰਜਾਈ ਹੈ। ਜਿਥੇ ਬੈਠੇ ਓਸੇ ਜੋਗਾ ਹੋ ਜਾਂਦਾ ਏ। ਦੂਜਿਆਂ ਨੂੰ ਚੇਤੇ ਵਿਚੋਂ ਭੁਲਾ ਹੀ ਦਿੰਦਾ ਏ। ਇਕ ਜਗ੍ਹਾ ਪ੍ਰੀਤ ਪਾ ਕੇ ਪਾਲਦਾ ਨਹੀਂ, ਸਗੋਂ ਥਾਂ ਥਾਂ ਪ੍ਰੀਤਾਂ ਪਾਉਣ ਦਾ ਆਦੀ ਏ। ਜੇ ਗੇਂਦੇ 'ਤੇ ਬੈਠੇ ਤੇ ਗੁਲਾਬ ਨੂੰ ਭੁਲਾ ਛੱਡਦਾ ਏ, ਜੇ ਗੁਲਾਬ 'ਤੇ ਬਹਿ ਜਾਏ ਤਾਂ ਗੇਂਦਾ ਭੁੱਲ ਜਾਂਦਾ ਏ। ਏਸ ਦੀ ਇਕ ਨਾਲ ਪ੍ਰੀਤ ਨਹੀਂ, ਸਗੋਂ ਚੁਫੇਰ-ਗੜ੍ਹੀਆ ਹੋਣ ਕਰਕੇ ਕਲੰਕੀ ਹੈ। ਲੋਕਾਂ ਦੀਆਂ ਫਿਟਕਾਰਾਂ ਤੇ ਲਾਨ੍ਹਤਾਂ ਨਾਲ ਮੂੰਹ ਪ੍ਰੀਲਾ ਤੇ ਤਨ ਕਾਲਾ ਹੋ ਗਿਆ ਹੈ। ਮੈਂ ਪਾਕ ਦਾਮਨ ਕਲੀ ਹਾਂ, ਇਸ ਲਈ ਇਸ ਕਲੰਕੀ ਨੂੰ ਆਪਣੇ ਵਿਹੜੇ ਨਹੀਂ ਵੜਨ ਦਿੰਦੀ, ਸਗੋਂ ਇਸ ਤੋਂ ਦੂਰ ਰਹਿ ਕੇ ਆਪਣੀ ਪਵਿਤ੍ਰਤਾ ਨੂੰ ਸਾਂਭਣਾ ਤੇ ਬਚਾਉਣਾ ਚਾਹੁੰਦੀ ਹਾਂ।

ਦਰਵੇਸ਼ ਨੇ ਆਖਿਆ, "ਹੇ ਚੰਪਾ ! ਕਵੀ ਲੋਕ ਭੌਰੇ ਦੇ ਸੋਹਲੇ ਗਾਉਂਦੇ ਨਹੀਂ

ਥਕਦੇ, ਪਰ ਤੂੰ ਇਸ ਨੂੰ ਕਲੰਕੀ ਸਮਝਨੀ ਏਂ। ਕਵੀ ਤਾਂ ਇਸ ਨੂੰ ਸਾਂਵਲਾਂ ਕਹਿ ਕੇ ਨਿਵਾਜਦੇ ਹਨ ਤੇ ਕਈ ਵਾਰੀ ਹਮਦਰਦੀ ਭਰੇ ਲਹਿਜੇ ਵਿਚ ਬੋਲ ਉੱਠਦੇ ਹਨ ਕਿ :

ਭਵਰਾ ਹੋ ਪਰਦੇਸੀਆ, ਮੈਂ ਪੂਛਤ ਹੂੰ ਤੋਹਿ।
ਸਭ ਰੰਗ ਤੇਰਾ ਸਾਂਵਲਾ, ਮੁਖ ਪੀਲਾ ਕਿਓਂ ਹੋਇ।

ਤੇਰਾ ਰੰਗ ਕ੍ਰਿਸ਼ਨ ਵਰਗਾ ਸਾਂਵਲਾ[੧] ਹੈ ਪਰ ਤੇਰਾ ਮੂੰਹ ਕਿਉਂ ਪੀਲਾ ਹੈ। ਇਹ ਸੀ ਹਮਦਰਦੀ ਜਿਸ ਨੂੰ ਸੁਣ ਕੇ ਭੌਰੇ ਨੇ ਉੱਤਰ ਦਿਤਾ ਕਿ :

ਦੁਖੀਅਨ ਕੇ ਮੁਖ ਪੀਅਲੇ, ਮਰਮ ਨਾ ਜਾਨੇ ਕੋਇ।
ਹਮਰੀ ਵੇਦਨ ਸੋ ਲਖੈ, ਜੋ ਹਮਸਾ ਦੁਖੀਆ ਹੋਇ।

ਐ ਚੰਪਾ! ਭੌਰਾ ਤਾਂ ਆਪਣੇ ਆਪ ਨੂੰ ਕਿਸੇ ਦੇ ਬਿਰਹੋਂ ਦਾ ਕੁੱਠਾ ਦੱਸਦਾ ਏ, ਪਰ ਤੂੰ ਉਸ ਨੂੰ ਕਲੰਕੀ ਆਖਨੀ ਏਂ। ਉਹ ਤਾਂ ਬੜਾ ਉੱਚਾ ਜਾ ਕੇ ਬੋਲਿਆ ਹੈ ਕਿ ਜੋ ਕਿਸੇ ਦੇ ਵਿਜੋਗ ਵਿਚ ਦੁਖੀ ਹੁੰਦੇ ਨੇ ਉਨ੍ਹਾਂ ਦੇ ਮੂੰਹ ਪੀਲੇ ਹੀ ਹੁੰਦੇ ਹਨ। ਉਹ ਦਿਨ ਰਾਤ ਚੁਪ ਚੁਪੀਤੇ ਆਪਣੇ ਪਿਆਰੇ ਦੇ ਧਿਆਨ ਵਿਚ ਜੁੜੇ ਰਹਿੰਦੇ ਹਨ। ਉਨ੍ਹਾਂ ਦੇ ਦਿਲ ਦੀ ਯਾਦ ਹਮੇਸ਼ਾ ਤਾਜ਼ਾ ਤੇ ਖਿੜਾਓ 'ਚ ਹੁੰਦੀ ਏ। ਤਦੇ ਤਾਂ ਕਿਸੇ ਨੇ ਆਖਿਆ ਹੈ ਕਿ :

ਜਿਨਹੋ ਕਾ ਇਸ਼ਕ ਸਾਦਕ ਹੈ, ਵੁਹ ਕਬ ਫ਼ਰਿਆਦ ਕਰਤੇ ਹੈਂ।
ਲਬੋਂ ਪੈ ਮੋਹਰੇ ਖ਼ਾਮੋਸ਼ੀ, ਦਿਲੋਂ ਮੇਂ ਯਾਦ ਕਰਤੇ ਹੈਂ।

ਏਡੀਆਂ ਉੱਚੀਆਂ ਰਮਜ਼ਾਂ ਦੇ ਮਾਲਕ ਭੌਰੇ ਨੂੰ ਤੂੰ ਕਲੰਕੀ ਕਿਉਂ ਸਮਝਨੀ ਏਂ, ਉਹ ਤਾਂ ਫੁੱਲਾਂ ਦਾ ਸ਼ਿੰਗਾਰ ਤੇ ਸੁਹਜ ਸੁਹੱਪਣ ਹੈ। ਉਸ ਤੋਂ ਬਿਨਾਂ ਬਾਗਾਂ ਦੀ ਰੌਣਕ ਵੀ ਫਿਕੀ ਤੇ ਕੋਝੀ ਹੈ, ਉਹੋ ਹੀ ਤਾਂ ਲਟਬੌਰਾ ਜਿਹਾ ਹੋ ਕੇ, ਸਾਰਾ ਸਾਰਾ ਦਿਨ ਫੁੱਲਾਂ ਗਿਰਦੇ ਲੋਟਣੀਆਂ ਲੈਂਦਾ ਰਹਿੰਦਾ ਏ। ਦਿਲ ਚੀਰਵੀਆਂ ਮੀਂਡਾਂ ਨਾਲ ਮਨ-ਮੋਹਣੇ ਰਾਗ ਅਲਾਪਦਾ ਨਹੀਂ ਥਕਦਾ। ਪਰ ਤੇਰੀ ਉਸ ਨਾਲ ਕਿਉਂ ਨਹੀਂ ਬਣਦੀ, ਤੂੰ ਉਸ ਨਾਲ ਕਿਉਂ ਗੁੱਸੇ ਹੈਂ? ਦਰਵੇਸ਼ ਦੀਆਂ ਗੱਲਾਂ ਸੁਣ ਕੇ ਚੰਪਾ ਨੇ ਹੌਕਾ ਜਿਹਾ ਭਰ ਕੇ ਆਖਿਆ :

---

੧. ਇਕ ਵਾਰੀ ਗੋਪੀਆਂ ਆਪਸ ਵਿਚ ਗੱਲੀਂ ਛਿੜ ਪਈਆਂ, ਤੇ ਗੱਲਾਂ ਗੱਲਾਂ ਵਿਚ ਹੀ ਇਕ ਨੇ ਪੁਛਿਆ, ਕਿ ਕ੍ਰਿਸ਼ਨ ਦਾ ਰੰਗ ਸਾਂਵਲਾ ਕਿਉਂ ਹੈ? ਦੂਜੀ ਕਹਿਣ ਲੱਗੀ ਕਿ ਕਾਲੀ ਨਾਗ ਨੂੰ ਨੱਥਣ ਵੇਲੇ ਉਸਦੀ ਫੂਕ ਨਾਲ ਸਾਂਵਲਾ ਹੋ ਗਿਆ ਸੀ। ਤੀਜੀ ਨੇ ਆਖਿਆ—ਨੀ ਨਹੀਂ, ਅਸਲ ਗੱਲ ਇਹ ਹੈ ਕਿ ਉਹ ਸਾਡੇ ਪਾਪ ਖ਼ਿਮਾ ਕਰਦਾ ਕਰਦਾ ਹੀ ਕਾਲਾ ਹੋ ਗਿਆ। ਚੌਥੀ ਕਹਿਣ ਲੱਗੀ ਤੁਸੀਂ ਗ਼ਲਤ ਆਖਦੀਆਂ ਹੋ, ਉਸ ਨੂੰ ਤਾਂ ਪਾਪਾਂ ਦਾ ਲੇਪ ਛੇਪ ਲਗਦਾ ਹੀ ਨਹੀਂ ਅਸਲ ਗੱਲ ਇਹ ਹੈ ਕਿ ਉਹ ਹੈ ਇਕ, ਤੇ ਗੋਪੀਆਂ ਨੇ ਵਧੇਰੇ। ਜੇ ਉਹ ਇਕ ਦੇ ਘਰ ਚਲਿਆ ਜਾਏ ਤਾਂ ਦੂਜੀਆਂ ਠੰਢੇ ਹੌਕੇ ਭਰਦੀਆਂ ਰਹਿੰਦੀਆਂ ਨੇ। ਸੋ ਉਹ ਹੌਕਿਆਂ ਨਾਲ ਹੀ ਕਾਲਾ ਹੋ ਗਿਆ ਏ। ਪੰਜਵੀਂ ਕਹਿਣ ਲੱਗੀ—ਨੀ ਤੁਸੀਂ ਸਾਰੀਆਂ ਝੂਠੀਆਂ ਜੇ। ਸਾਡੇ ਹੌਕਿਆਂ 'ਚ ਇਹ ਤਾਸੀਰ ਕਿਥੇ ਕਿ ਉਹ ਕ੍ਰਿਸ਼ਨ ਨੂੰ ਕਾਲਿਆਂ ਕਰ ਸਕਣ। ਅਸਲ ਵਿਚ ਗੱਲ ਇਹ ਹੈ ਕਿ ਅਸੀਂ ਅੱਖੀਆਂ 'ਚ ਕੱਜਲ ਪਾਉਂਦੀਆਂ ਹਾਂ ਤੇ ਪ੍ਰੀਤਮ ਦੀ ਸੂਰਤ ਵੀ ਅੱਖੀਆਂ 'ਚ ਹੀ ਵਸਦੀ ਏ। ਸੋ ਉਹ ਸਾਡੇ ਕਜਲੇ 'ਚ ਲਿੱਬੜ ਕੇ ਹੀ ਕਾਲਾ ਹੋ ਗਿਆ ਹੈ।

ਸਾਜਨ ਮੁਝ ਮੇਂ ਤੀਨ ਗੁਨ, ਰੂਪ, ਰੰਗ ਔਰ ਬਾਸ,
ਜਗਾ ਜਗਾ ਕੇ ਮੀਤ ਕੋ, ਕਉਨ ਬਿਠਾਵੈ ਪਾਸ।

ਚੰਪਾ ਦੀ ਗੱਲ ਸੁਣ ਕੇ, ਸੈਰ ਕਰਨ ਗਏ ਦਰਵੇਸ਼ ਦੀਆਂ ਅੱਖਾਂ ਖੁਲ੍ਹ ਗਈਆਂ। ਕਿਸੇ ਉੱਚੀ ਦੁਨੀਆ ਦੇ ਜੀਵਨ ਦੀ ਝਲਕ ਵੱਜੀ, ਜਿਸ ਨੇ ਮਨ ਨੂੰ ਹਲੂਣਿਆਂ। ਕਿਸੇ ਹੁਲਾਸ ਦੇ ਹੁਲਾਰੇ ਵਿਚ ਮੂੰਹੋਂ ਨਿਕਲ ਗਿਆ :

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥
ਭਾਵੈ ਲਾਂਬੇ ਕੇਸ ਕਰੁ, ਭਾਵੈ ਘਰਰਿ ਮੁਡਾਇ॥੨੫॥

(ਸਲੋਕ ਕਬੀਰ ਜੀ, ਪੰਨਾ ੧੩੬੫)

ਇਕ ਦੀ ਪ੍ਰੀਤ, ਇਕ ਵਿਚ ਲੀਨ ਕਰ ਦਿੰਦੀ ਏ। ਥਾਂ ਥਾਂ ਦੀ ਪ੍ਰੀਤ ਕਲੰਕੀ ਬਣਾ ਕੇ ਰੱਖ ਦਿੰਦੀ ਹੈ। ਭਾਵੇਂ 'ਏਕ ਟੇਕੁ ਏਕੁ ਅਧਾਰੁ' ਵਿਚ ਮੁਸ਼ਕਲਾਂ ਬਹੁਤ ਹਨ, ਪਰ ਇਕ ਦੀ ਪ੍ਰੀਤ ਹੀ ਚਮਕ ਤੇ ਹੁਸਨ ਹੈ। ਜਿਨ੍ਹਾਂ ਨੇ ਇਕ ਦੀ ਪ੍ਰੀਤ-ਗੀਤ ਪਾਲੀ ਹੈ, ਉਨ੍ਹਾਂ ਵਿਚੋਂ ਇਕ ਸ਼ਮਸ ਤਬਰੇਜ਼, ਸੂਫ਼ੀ ਫ਼ਕੀਰ ਵੀ ਹਨ। ਆਪ ਦੇ ਪਾਸ ਇਕ ਹਾਜੀਆਂ ਦੇ ਟੋਲੇ ਨੇ ਆ ਕੇ ਸ਼ਿਕਾਇਤ ਕੀਤੀ ਕਿ ਤੁਸੀਂ ਹੱਜ ਕਿਉਂ ਨਹੀਂ ਕਰਦੇ ? ਸ਼ਮਸ ਜਾਣਦਾ ਸੀ ਕਿ ਹਾਜੀ ਲੋਕ ਮੱਕੇ ਸ਼ਰੀਫ਼ ਜਾ ਕੇ ਇਕ ਕਾਲੇ ਪੱਥਰ (ਜਿਸ ਨੂੰ ਸੰਗੇ ਅਸਵਦ ਆਖਦੇ ਨੇ) ਨੂੰ ਚੁੰਮਦੇ ਹਨ। ਇਸ ਹਕੀਕਤ ਨੂੰ ਜਾਣਨ ਵਾਲਾ ਸ਼ਮਸ ਬੋਲਿਆ :

ਤਵਾਫਿ ਹਾਜੀਆਂ ਦਾਰੰਮ, ਬਗਿਰਦੇ ਯਾਰ ਮੇਂ ਗਰਦੰਮ।
ਨਹ ਇਖ਼ਲਾਕਿ, ਸਗਾਂ ਦਾਰੰਮ, ਕਿ ਬਰ ਮੁਰਦਾਰ ਮੇਂ ਜਰਦੰਮ।

ਮੈਂ ਜਿਸ ਵੇਲੇ ਆਪਣੇ ਜੀਊਂਦੇ ਜਾਗਦੇ ਪੀਰ ਦੇ ਚਾਰ-ਚੁਫੇਰੇ ਫਿਰ ਲੈਂਦਾ ਹਾਂ, ਓਦੋਂ ਮੇਰਾ ਹੱਜ ਹੋ ਜਾਂਦਾ ਏ। ਮੇਰਾ ਸੁਭਾਅ ਕੁੱਤਿਆਂ ਵਰਗਾ ਨਹੀਂ, ਜੋ ਮੁਰਦੇ ਦੇ ਚਾਰ-ਚੁਫੇਰੇ ਫਿਰਦਾ ਰਹਾਂ। ਇਹ ਸੁਣ ਕੇ ਹਾਜੀਆਂ ਨੇ ਬੜਾ ਗੁੱਸਾ ਕੀਤਾ ਤੇ ਸ਼ਮਸ ਨੂੰ ਕਾਫ਼ਰ ਦਾ ਫ਼ਤਵਾ ਲਾ ਕੇ ਉਸ ਦੀ ਖੱਲ ਲਾਹ ਕੇ ਮਾਰ ਦਿੱਤਾ ਪਰ ਸ਼ਮਸ ਡੋਲਿਆ ਨਹੀਂ, ਸਗੋਂ ਇਕ ਦੀ ਪ੍ਰੀਤ ਪਾਲ ਕੇ ਇਕ ਦਾ ਰੂਪ ਬਣ ਗਿਆ।

ਇਸ ਦੇ ਨਾਲ ਲਗਦਾ ਇਕ ਹੋਰ ਵੀ ਆਸ਼ਕ ਹੈ ਜੋ ਇਕ ਦੇ ਧਿਆਨ ਵਿਚ ਮਸਤ ਹੋ ਬੈਠਾ ਏ, ਉਸਦਾ ਨਾਂ ਹੈ ਖੁਸਰੋ। ਬੜਾ ਆਲਮ ਤੇ ਸੂਝ ਬੂਝ ਦਾ ਡੱਬਾ ਹੈ। ਇਸ ਦੀ ਸੂਝ ਬੂਝ ਬਾਰੇ ਇਕ ਵਾਰਤਾ ਇਉਂ ਹੈ ਕਿ ਆਪ ਸ਼ਿਕਾਰ ਦਾ ਵੀ ਸ਼ੌਕ ਰੱਖਦੇ ਸਨ। ਇਕ ਵਾਰੀ ਸ਼ਿਕਾਰ ਗਿਆਂ ਨੂੰ ਪਿਆਸ ਲੱਗੀ। ਖੂਹ 'ਤੇ ਪਾਣੀ ਭਰਦੀਆਂ ਲੜਕੀਆਂ ਨੂੰ ਪਾਣੀ ਪੀਣ ਦੀ ਦਰਖ਼ਾਸਤ ਕੀਤੀ। ਕੁੜੀਆਂ ਦੇ ਪੁੱਛਣ 'ਤੇ ਪਤਾ ਲੱਗਾ ਕਿ ਆਪ ਸ਼ਾਇਰ ਹਨ। ਸੋ ਕੁੜੀਆਂ ਜ਼ਿਦੇ ਪੈ ਗਈਆਂ, ਭਈ ਜੇ ਪਾਣੀ ਪੀਣਾ ਹੈ ਤਾਂ ਪਹਿਲਾਂ ਕੋਈ ਕਵਿਤਾ ਸੁਣਾ। ਖ਼ੁਸਰੋ ਨੇ ਬਥੇਰਾ ਪੱਲਾ ਛੁਡਾਇਆ, ਪਰ ਕੁੜੀਆਂ ਨੇ ਇਕ ਨਾ ਮੰਨੀ। ਆਖ਼ਰ ਖ਼ੁਸਰੋ ਸੋਚੀਂ ਪੈ ਗਿਆ, ਭਈ ਜੇ ਪੁਰਾਣੀ ਕਵਿਤਾ ਸੁਣਾ ਦਿਆਂ ਤਾਂ ਸ਼ਾਇਰ ਪੁਣੇ 'ਤੇ ਧੱਬਾ ਲਗਦਾ ਏ, ਜੇ ਨਵੀਂ ਸੁਣਾਣੀ ਚਾਹਾਂ ਤਾਂ ਪਿਆਸ ਪੇਸ਼ ਨਹੀਂ ਜਾਣ ਦਿੰਦੀ। ਆਖ਼ਰ ਕਰਾਂ ਤਾਂ ਕੀ ਕਰਾਂ। ਓੜਕ ਵੱਡਾ ਸਾਰਾ ਦਿਲ ਕਰ ਕੇ ਪੁੱਛਿਆ, ਭਈ ਦਸੋ ਕਵਿਤਾ ਕਿਸ ਮਜ਼ਮੂਨ 'ਤੇ ਸੁਣਨੀ

ਜੇ ? ਇਕ ਕੁੜੀ ਬੋਲੀ ਕਿ ਮੈਨੂੰ ਤਾਂ ਖੀਰ ਦੀ ਕਵਿਤਾ ਸੁਣਾ, ਮੈਨੂੰ ਖੀਰ ਬੜੀ ਪਸੰਦ ਹੈ। ਜਦੋਂ ਮਾਂ ਖੀਰ ਬਣਾਵੇ, ਮੈਨੂੰ ਚਾਅ ਚੜ੍ਹ ਜਾਂਦੇ ਨੇ ਤੇ ਰੱਜ ਰੱਜ ਕੇ ਖਾਂਦੀ ਹਾਂ। ਸੋ ਖੀਰ ਦੀ ਕਵਿਤਾ ਸੁਣਾ। ਦੂਜੀ ਨੇ ਕਿਹਾ ਮੈਨੂੰ ਚਰਖੇ ਦੀ ਸੁਣਾ ਕਿਉਂਕਿ ਚਰਖੇ ਦੀ ਘੂਕਰ ਬੜੀ ਮਿੱਠੀ ਹੈ, ਤੇ ਨਾਲੇ ਲੱਜਾ ਕੱਜਣ ਲਈ ਸੂਤ ਕੱਤਦਾ ਏ ਤੇ ਕੱਤਣ ਵਾਲੀਆਂ ਕਤਦੀਆਂ ਹੋਈਆਂ, ਪ੍ਰਦੇਸ ਗਏ ਵੀਰਾਂ ਦੀ ਯਾਦ ਦੇ ਗੀਤ ਗਾਉਂਦੀਆਂ ਨੇ। ਇਸ ਲਈ ਚਰਖੇ ਵਿਚ ਬੜੇ ਗੁਣ ਹਨ, ਸੋ ਮੈਨੂੰ ਤਾਂ ਚਰਖੇ ਦੀ ਕਵਿਤਾ ਸੁਣਾ। ਤੀਜੀ ਬੋਲੀ ਕਿ ਮੈਨੂੰ ਕੁੱਤੇ ਦੀ ਸੁਣਾ। ਕੁੱਤਾ ਬੜਾ ਵਫ਼ਾਦਾਰ ਹੈ। ਮਾਲਕ ਦਾ ਹੋਇਆ ਮਰ ਜਾਂਦਾ ਏ। ਸਬਰ ਵੀ ਬੜਾ ਰਖਦਾ ਏ, ਕਈ ਦਿਨ ਦੀ ਭੁਖ ਕਟ ਕੇ ਵੀ ਮਾਲਕ ਦਾ ਦਰਵਾਜ਼ਾ ਨਹੀਂ ਛੱਡਦਾ। ਇਸ ਦੇ ਕਈ ਕਾਰਨਾਮੇ ਤਾਂ ਹੈਰਾਨ ਕਰਨ ਵਾਲੇ ਹਨ। ਚੂੰਕਿ ਕੁੱਤੇ ਵਿਚ ਬੜੇ ਗੁਣ ਹਨ, ਇਸ ਕਰਕੇ ਮੈਨੂੰ ਕੁੱਤੇ ਦੀ ਕਵਿਤਾ ਸੁਣਾ। ਚੌਥੀ ਬੋਲੀ ਕਿ ਮੈਨੂੰ ਢੋਲ ਦੀ ਸੁਣਾ, ਢੋਲ ਤੋਂ ਬਿਨਾ ਭੰਗੜਾ ਨਹੀਂ ਪੈਂਦਾ, ਢੋਲ ਤੋਂ ਬਿਨਾਂ ਛਿੰਜਾਂ, ਦੰਗਲ ਤੇ ਅਖਾੜੇ ਨਹੀਂ ਫਬਦੇ, ਢੋਲ ਤੋਂ ਬਿਨਾਂ ਵਿਆਹ ਨਹੀਂ ਸੋਂਹਦਾ, ਢੋਲ ਤੋਂ ਬਿਨਾਂ ਜੰਗੀ ਜੋਧਿਆਂ ਦੇ ਖ਼ੂਨ ਨਹੀਂ ਗਰਮਦੇ ਤੇ ਢੋਲ ਤੋਂ ਬਿਨਾ ਮਾਰੂ ਨਹੀਂ ਵਜਦੇ। ਸੋ ਢੋਲ ਵਿਚ ਬੜੀਆਂ ਸਿਫ਼ਤਾਂ ਹਨ, ਇਸ ਲਈ ਮੈਨੂੰ ਕੋਈ ਢੋਲ ਦੀ ਕਵਿਤਾ ਸੁਣਾ। ਕੁੜੀਆਂ ਦੇ ਵੱਖੋ ਵੱਖਰੇ ਚਾਰ ਮਜ਼ਮੂਨ ਸੁਣ ਕੇ ਖੁਸਰੋ ਝਟਪਟ ਬੋਲ ਉਠਿਆ ਕਿ:

ਖੀਰ ਪਕਾਈ ਜਤਨ ਸੇ, ਚਰਖਾ ਦੀਆ ਜਲਾ।
ਆਇਆ ਕੁੱਤਾ ਖਾ ਗਿਆ, ਤੂੰ ਬੈਠੀ ਢੋਲ ਵਜਾ।
ਲਾ ਪਾਨੀ ਪਿਲਾ।

ਇਸ ਪ੍ਰਕਾਰ ਦੇ ਸਿਆਣੇ ਤੇ ਆਲਮ-ਫ਼ਾਜ਼ਲ ਖੁਸਰੋ ਦੇ ਅੰਦਰ ਜਦੋਂ ਇਕ ਦੀ ਪ੍ਰੀਤ ਨੇ ਚਮਕਾਰੇ ਮਾਰੇ ਤਾਂ ਆਪ ਉਸ ਦੀ ਮਸਤੀ 'ਚ ਲੇਟ ਗਏ। ਕਈ ਦਿਨ ਮਸਤੀ ਦੇ ਰੰਗ ਵਿਚ ਮਸਤ ਰਹੇ। ਲੋਕਾਂ ਨੇ ਪੁਛਿਆ ਕਿ ਖੁਸਰੋ ਕੀ ਗੱਲ ਹੈ, ਅੱਜ-ਕੱਲ੍ਹ ਤੂੰ ਬੋਲਦਾ ਚਾਲਦਾ ਨਹੀਂ ? ਕਿਤੇ ਬਾਹਰ ਅੰਦਰ, ਫਿਰਨ ਤੁਰਨ ਵੀ ਨਹੀਂ ਜਾਂਦਾ ਕਾਰਨ ਕੀ ਹੈ ? ਸਵਾਲ ਕਰਨ ਵਾਲਿਆਂ ਵੱਲ ਮੁਖ਼ਾਤਬ ਹੋ ਕੇ ਖ਼ੁਸਰੋ ਬੋਲਿਆ ਕਿ:

ਕਾਫ਼ਰੇ ਇਸ਼ਕਮ, ਮਰਾ ਮੁਸਲਮਾਨੀ, ਦਰਕਾਰ ਨੇਸਤ।

ਹੁਣ ਮੈਂ ਇਸ਼ਕ ਵਿਚ ਪੈ ਕੇ ਇਸ਼ਕ ਦਾ ਕਾਫ਼ਰ ਬਣ ਗਿਆ ਹਾਂ। ਇਸ ਲਈ ਮੈਨੂੰ ਹੁਣ ਮੁਸਲਮਾਨਪੁਣੇ ਦੀ ਲੋੜ ਨਹੀਂ ਰਹੀ। ਦੋਸਤਾਂ ਨੇ ਸਮਝਿਆ ਕਿ ਸ਼ਾਇਦ ਹਿੰਦੂ ਬਣ ਗਿਆ ਹੋਵੇ। ਉਨ੍ਹਾਂ ਦੂਜਾ ਸਵਾਲ ਕਰ ਦਿਤਾ ਕਿ ਕੀ ਹਿੰਦੂ ਬਣ ਗਏ ਹੋ ? ਸੁਣ ਕੇ ਖੁਸਰੋ ਨੇ ਉੱਤਰ ਦਿਤਾ ਕਿ ਮਿੱਤਰੋ !

ਹਰ ਰ.ਗੇ ਮਨ ਤਾਰ ਗਸ਼ਤਾ, ਹਾਜਤੇ, ਜ਼ੁੱਨਾਰ ਨੇਸਤ।

ਮੇਰੇ ਵਜੂਦ ਦੀ ਇਕ ਇਕ ਨਾੜੀ ਵਿਚ ਮੇਰਾ ਪਿਆਰਾ ਚੱਕਰ ਲਾ ਰਿਹਾ ਹੈ, ਇਸ ਲਈ ਹੁਣ ਮੈਨੂੰ ਜਨੇਊ ਦੀ ਵੀ ਲੋੜ ਨਹੀਂ। ਉਸਦੀ ਯਾਦ ਹੀ ਮੇਰਾ ਜਨੇਊ ਹੈ, ਉਸ ਦੀ ਯਾਦ ਹੀ ਜੀਵਨ ਹੈ। ਹਰ ਪਾਸੇ ਉਸਦੇ ਜਲਵੇ ਨੇ, ਹਰ ਪਾਸੇ ਉਸ ਦੇ ਨੂਰ ਦੀ ਤਜੱਲੀ ਹੈ। ਉਹ ਹਰ ਥਾਂ ਹੈ, ਹਰ ਜਾਈ ਹੈ।

ਹਰ ਇਕ ਦੇ ਵਿਚ ਹਰਿ ਹਰਿ ਵਸੇ, ਹਰਿ ਬੋਲੇ ਹਰ ਬੋਲੀ।

ਜਿਹੜਾ ਹਰਿ ਹਰ ਇਕ ਵਿਚ ਵੱਸ ਰਿਹਾ ਹੈ ਉਹ ਇਕ ਹੈ, ਉਹ ਲਾ-ਸ਼ਾਰੀਕ ਹੈ, ਉਹ ਲਾਸਾਨੀ ਹੈ; ਉਹ ਵਾਹਿਦ ਇਕ ਹੈ। ਆਮ 'ਹਰ' ਤੇ ਇਕ ਹਰਿ ਦਾ ਨਿਰਣਾ ਲਿਖਣ ਵਿਚ ਮਿਲ ਸਕਦਾ ਹੈ। ਜੈਸੇ ਕਿ :

ਹਰ ਬੋਲਿਓ ਹਰ ਨੇ ਸੁਣਿਓ ਹਰ ਗਇਓ ਹਰ ਕੇ ਪਾਸ।
ਹਰ ਹਰ ਵਿਚ ਮਿਲ ਗਇਓ ਹਰ ਉਠ ਤੁਰਿਓ ਨਿਰਾਸ।

ਜਦੋਂ ਅਸੀਂ ਹਾਹਾ ਰਾਰਾ ਲਿਖਾਂਗੇ, ਇਹ ਹਰ ਮਾਅਨੇ ਡੱਡੂ, ਹਰ ਮਾਅਨੇ ਸੱਪ ਤੇ ਹਰ ਮਾਅਨੇ ਪਾਣੀ।

ਅਰਥ : ਡੱਡੂ ਬੋਲਿਆ, ਸੱਪ ਨੇ ਸੁਣਿਆ, ਸੱਪ ਡੱਡੂ ਵੱਲ ਤੁਰਿਆ, ਡੱਡੂ ਪਾਣੀ ਵਿਚ ਵੜ ਗਿਆ, ਸੱਪ ਨਿਰਾਸਾ ਹੋ ਕੇ ਮੁੜ ਗਿਆ।

ਜਿਹੜਾ 'ਹਰਿ' ਰਾਰੇ ਨੂੰ ਸਿਹਾਰੀ ਨਾਲ ਲਿਖਿਆ ਜਾਂਦਾ ਹੈ ਇਹ ਹਰਿ ਹੈ—ਸਤਿਨਾਮ ਵਾਹਿਗੁਰੂ।

ਸੋ ਪਿਆਰਿਓ ਗੱਲ ਚੱਲ ਰਹੀ ਸੀ, ਸੈਰ ਦੀ :

ਆਏ ਤੋ ਹਮ ਸੈਰ ਮੇਂ ਸੈਰ-ਏ-ਗੁਲਸ਼ਨ ਕਰ ਚਲੇ।
ਸੰਭਾਲ ਮਾਲੀ ਬਾਗ਼ ਅਪਨਾ ਹਮ ਤੋ ਅਪਨੇ ਘਰ ਚਲੇ।

ਸੋ ਸੈਰ ਕਰਦਿਆਂ ਕਿਸੇ ਨੂੰ ਵੀਰਾਨ ਨਾ ਕੀਤਾ ਜਾਏ। ਆਪਣੇ ਆਪ ਨੂੰ ਵੀਰਾਨ ਹੋਣ ਤੋਂ ਬਚਾਇਆ ਜਾਏ। ਬਗ਼ੈਰੁਲ ਜ਼ੁੰਮਾ ਘਰ ਪਹੁੰਚ ਜਾਏ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਰੀਰ ਕਰਕੇ ਆਰੋਗਤਾ ਆਤਮਿਕ ਸ਼ਾਂਤੀ, ਸਮਾਜ ਵਿਚ ਇੱਜ਼ਤ ਆਬਰੂ, ਉਸਤਤ ਸ਼ਲਾਘਾ, ਮਾਨਵ ਵਿਚੋਂ ਪ੍ਰਾਪਤ ਕੀਤੇ ਇਸ ਗੌਰਵ ਨੂੰ ਮਨੁੱਖ ਮਾਣ ਸਕਦਾ ਹੈ, ਜਿਵੇਂ ਕਿ ਗੁਰਵਾਕ ਹੈ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ *(ਮਾਝ ਮ: ੫, ਪੰਨਾ ੧੩੬)*

ਇਹ ਕੋਈ ਸੁਰਤੀ ਵਾਲਾ ਹੀ ਕਰ ਸਕਦਾ ਏ ਨਾ। ਜਿਸ ਦੀ ਸੁਰਤੀ ਜਵਾਨ ਹੋਵੇ, ਤੰਦਰੁਸਤ ਹੋਵੇ, ਹਰ ਪਾਸੇ ਝਾਂਕ ਤੋਂ ਰਹਿਤ ਹੋਵੇ, ਹਉਮੈ ਈਰਖਾ ਤੋਂ ਉੱਚੀ ਹੋਵੇ। ਮੈਂ ਪੜ੍ਹਿਆ ਕਿ ਇਕ ਵਾਰ ਪਾਣੀ ਦੇ ਹੌਜ਼ ਕੰਢੇ 'ਤੇ ਇਕ ਖੰਭਾ ਸੀ। ਉਸ ਖੰਭੇ ਉੱਤੇ ਮੱਛੀ ਘੁੰਮਦੀ ਸੀ। ਮੱਛੀ ਦੀ ਅੱਖ ਦਾ ਨਿਸ਼ਾਨਾ ਲੈਣ ਵਾਲੇ ਨੂੰ ਇਹ ਹਦਾਇਤ ਸੀ ਕਿ ਵੇਖਣਾ ਹੇਠਾਂ ਨੂੰ ਹੌਜ਼ ਵਿਚ ਤੇ ਤੀਰ ਮਾਰਨਾ ਉਤਾਂਹ ਨੂੰ ਮੱਛੀ ਦੀ ਅੱਖ ਵਿਚ। ਬਹੁਤ ਤੀਰ-ਅੰਦਾਜ਼ ਇਸ ਕਰਤਬ ਵਿਚ ਬੁਰੀ ਤਰ੍ਹਾਂ ਹਾਰ ਕੇ ਧਰਤੀ ਖਰੋਚ ਰਹੇ ਸਨ ਜਦੋਂ ਕਿ ਰਾਜਗੁਰੂ ਵੀ ਆਪਣੇ ਸ਼ਿਸ਼ ਲੈ ਕੇ ਸ਼ਾਮਲ ਹੋਇਆ। ਇਨ੍ਹਾਂ ਪੰਜਾਂ ਪਾਂਡਵਾਂ ਵਿਚੋਂ ਜਦੋਂ ਸਹਿਦੇਵ ਨੂੰ ਹੁਕਮ ਹੋਇਆ ਕਿ ਤੂੰ ਮੱਛੀ ਦੀ ਅੱਖ ਵਿਚ ਤੀਰ ਮਾਰ ਕੇ ਇਸ ਸਵੰਬਰ ਦੀ ਜਿੱਤ ਪ੍ਰਾਪਤ ਕਰ ਲੈ ਤਾਂ ਸਹਿਦੇਵ ਨੇ ਹੌਜ਼ ਵਿਚ ਦੇਖ ਕੇ ਮੱਛੀ ਘੁੰਮਦੀ ਦਾ, ਉਤਾਂਹ ਨੂੰ ਤੀਰ ਕਮਾਨੇ ਚਾੜ੍ਹ ਕੇ ਨਿਸ਼ਾਨਾ ਲਿਆ। ਰਾਜਗੁਰੂ ਨੇ ਪੁੱਛਿਆ ਕਿ ਐ ਸਹਿਦੇਵ, ਤੈਨੂੰ ਪਾਣੀ ਵਿਚ ਕੀ ਦਿਸਦਾ ਏ। ਉਸ ਆਖਿਆ ਮੈਨੂੰ ਪਾਣੀ ਵਿਚ ਮੱਛੀ ਘੁੰਮਦੀ ਦਿੱਸਦੀ ਏ ਅਤੇ ਤੁਸੀਂ ਵੀ ਨਾਲ ਦਿੱਸਦੇ

ਓ ਤੇ ਤੀਰ ਕਮਾਨੋਂ ਕੱਢਿਆ। ਸਹਿਦੇਵ ਦੀ ਵੀ ਬੁਰੀ ਤਰ੍ਹਾਂ ਹਾਰ ਹੋਈ, ਤੀਰ ਨਿਸ਼ਾਨੇ ਨਾ ਲੱਗਾ। ਇਸੇ ਹੀ ਤਰ੍ਹਾਂ ਯੁਧਿਸ਼ਟਰ ਨੂੰ ਪੁੱਛਿਆ ਗਿਆ ਤੇ ਉਹਦਾ ਵੀ ਇਹੀ ਉੱਤਰ ਮਿਲਣ 'ਤੇ ਨਿਸ਼ਾਨਾ ਖ਼ਾਲੀ ਗਿਆ। ਨਕੁਲ ਤੇ ਭੀਮ ਦਾ ਵੀ ਇਹੀ ਹਾਲ ਹੋਇਆ, ਕਿਉਂਕਿ ਪਾਣੀ ਦੇ ਹੌਜ਼ ਵਿਚ ਜਿਥੇ ਸੁਰਤੀ ਟਿਕਾ ਕੇ ਮੱਛੀ ਦੀ ਅੱਖ ਦੇਖਣ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਵੇਖਣਾ, ਉਥੇ ਰਾਜਗੁਰੂ ਦਾ ਪਰਛਾਵਾਂ ਵੇਖਣ ਕਾਰਨ ਸੁਰਤੀ ਨੇ ਕੰਮ ਨਾ ਕੀਤਾ। ਜਦੋਂ ਰਾਜਗੁਰੂ ਨੇ ਚਾਰੇ ਸ਼ਿਸ਼ ਹਾਰੇ ਵੇਖੇ ਤਾਂ ਅਰਜਨ ਨੂੰ ਹੁਕਮ ਕੀਤਾ, ਅਰਜਨ ਨੇ ਭੱਥੇ ਵਿਚੋਂ ਤੀਰ ਕੱਢ ਕੇ ਕਮਾਨ ਦੀ ਤੰਦੀ 'ਤੇ ਚਾੜ੍ਹਿਆ, ਹੇਠਾਂ ਹੌਜ਼ ਵਿਚ ਦੇਖਦਿਆਂ ਤੀਰ ਦੀ ਮੁਖੀ, ਉਪਰ ਮੱਛੀ ਦੀ ਅੱਖ ਵਲ ਕੀਤੀ ਤਾਂ ਰਾਜਗੁਰੂ ਨੇ ਕਿਹਾ ਕਿ ਐ ਅਰਜਨ, ਤੈਨੂੰ ਪਾਣੀ ਵਿਚ ਕੀ ਦਿੱਸਦਾ ਏ ? ਉਸ ਆਖਿਆ ਕਿ ਰਾਜਗੁਰੂ ਮੈਨੂੰ ਮੱਛੀ ਦੀ ਅੱਖ ਤੋਂ ਬਿਨਾ ਹੌਜ਼ ਵਿਚ ਕੁਝ ਵੀ ਨਜ਼ਰ ਨਹੀਂ ਆਉਂਦਾ। ਤੀਰ ਛੱਡਣ 'ਤੇ ਮੱਛੀ ਦੀ ਅੱਖ ਵਿਚ ਠੀਕ ਨਿਸ਼ਾਨੇ 'ਤੇ ਜਾ ਵੱਜਾ, ਜਿਸਦੇ ਨਾਲ ਹੀ ਇਸ ਸਵੰਬਰ ਦੀ ਜਿੱਤ ਭਾਵ ਕਿ ਦਰੋਪਦੀ ਨੂੰ ਵਿਆਹ ਲੈਣ ਦਾ ਇਹ ਜਿੱਤ ਦਾ ਸਿਹਰਾ ਅਰਜਨ ਨੂੰ ਨਸੀਬ ਹੋਇਆ। ਸੋ ਸੈਰ ਜਿਹੜੀ ਹੈ, ਸੰਸਾਰ ਦਾ ਹਰ ਖੇਤਰ ਇਕ ਸੈਰ ਦੀ ਸ਼ਕਲ ਹੈ। ਇਸ ਵਿਚ ਜਿੱਤਾਂ ਪ੍ਰਾਪਤ ਕਰਨੀਆਂ ਇਕਾਗਰਤਾ ਵਿਚ ਸੁਰਤੀ ਦਾ ਟਿਕਾਅ ਕੰਮ ਕਰਦਾ ਹੈ।

ਸੈਰ ਇਕ ਅਮੋਲਕ ਦਾਤ ਹੈ ਜੇਕਰ ਇਹ ਸੰਸਾਰਿਕ ਪਦਾਰਥਾਂ ਅਤੇ ਸਰੀਰਕ ਹੁਸਨ ਜਵਾਨੀ ਦੇ ਨਸ਼ੇ ਤੋਂ ਰਹਿਤ ਹੋ ਕੇ ਤਹੰਮਲ ਮਜ਼ਾਜੀ ਤੇ ਸਹਿਨਸ਼ੀਲਤਾ ਨਾਲ ਕੀਤੀ ਜਾਵੇ।

ਜਦੋਂ ਇਸ ਸੰਸਾਰ ਵਿਚ ਯਾਕੂਬ ਅਲੀ ਦੇ ਪੁੱਤ ਯੂਸਫ਼ ਅਲੀ ਨੇ ਆਪਣੇ ਹੁਸਨ ਵੱਲ ਤੱਕਿਆ, ਭਰਪੂਰ ਜਵਾਨੀ ਵਿਚ ਹੁਸਨ ਨੇ ਡਲ੍ਹਕ ਮਾਰੀ ਤਾਂ ਖ਼ੂਬਸੂਰਤੀ ਦੇ ਨਸ਼ੇ ਵਿਚ ਯੂਸਫ਼ ਚਕਨਾਚੂਰ ਹੋ ਗਿਆ ਤੇ ਸੰਸਾਰ ਦੀ ਸੈਰ ਵਿਚ ਤੁਰਦੇ ਦਾ ਮੰਡੀ ਵਿਚ ਇਕ ਸੂਤ ਦੀ ਅੱਟੀ ਮੁੱਲ ਪਿਆ।

ਸੋ ਅਸੀਂ ਇਸ ਸਿੱਟੇ 'ਤੇ ਪੁੱਜੇ ਹਾਂ ਕਿ ਜ਼ਿੰਦਗੀ ਦੀ ਸੈਰ ਖ਼ਬਰਦਾਰੀ ਤੇ ਸਾਵਧਾਨਤਾ ਵਿਚ ਹੈ।

✪

ISBN 81-7205-165-4
9 788172 051655